# ਪੁਆਧ ਦਰਪਣ

## ( ਅਤੀਤ ਦੇ ਝਰੋਖੇ ਥੀਂ )

ਸੰਪਾਦਕ : ਮਨਮੋਹਨ ਸਿੰਘ ਦਾਊਂ

9 2006



# ਪ੍ਰਿਆਧ ਦਰਪਣ

## (ਅਤੀਤ ਦੇ ਝਰੋਖੇ ਥੀਂ)

ਪਰਾਗਾ ਪਹਿਲਾ

ਸੰਪਾਦਕ
ਮਨਮੋਹਨ ਸਿੰਘ ਦਾਊਂ

ਪੰਜਾਬੀ ਸੱਥ
ਪੰਜ ਨਦ ਪ੍ਰਕਾਸ਼ਨ

**Puad Darpan**
*(A peep into the past)*

Edited by : *Manmohan Singh Daon*

First Edition : 2006

Published By : Punjabi Sath
Panj Nad Parkashan
LAMBRA (Jalandhar) - 144026

Price : Rs. 240
5 £ (U.K)
10 $ (U.S.A)

© ਪ੍ਰਕਾਸ਼ਨ ਦੇ ਸਭ ਹੱਕ ਰਾਖਵੇਂ ਹਨ

ਪ੍ਰਕਾਸ਼ਕ : ਪੰਜਾਬੀ ਸੱਥ, ਲਾਂਬੜਾ (ਜਲੰਧਰ)
ਪੰਜ ਨਦ ਪ੍ਰਕਾਸ਼ਨ, ਲਾਂਬੜਾ (ਜਲੰਧਰ)-144026
ਫੋਨ : 0181-2791036
98156-50750

**Contact in Europe :**

S. Mota Singh Sarai
22, Othello Avenue, HEATHCOTE
Warsick, Waqrwickshire
CV 34 6ED, U.K
Ph. +44-785 075 0109
e-mail : singh_m_sarai@hotmail.com

---

ਪੁਆਧ ਦਰਪਣ (ਅਤੀਤ ਦੇ ਝਰੋਖੇ ਥੀਂ) ਸੰਪਾਦਕ : ਮਨਮੋਹਨ ਸਿੰਘ ਦਾਊਂ
ਪ੍ਰਕਾਸ਼ਕ : ਪੰਜ ਨਦ ਪ੍ਰਕਾਸ਼ਨ, ਲਾਂਬੜਾ (ਜਲੰਧਰ)
ਛਾਪਕ : ਆਰ.ਕੇ. ਆਫਸੈੱਟ, ਦਿੱਲੀ
ਟਾਇਪ ਸੈਟਿੰਗ : ਵਿਭੁਲ ਗ੍ਰਾਫਿਕਸ
ਸਰਵਰਕ ਕ੍ਰਿਤੀ : ਉੱਤਮਵੀਰ ਸਿੰਘ

# ਸਮਰਪਣ

ਨੀ ਧਰਤੀਏ
ਪੁਆਧ ਦੀਏ
ਕਰਮਾਂ ਵਾਲੜੀਏ
ਗੱਲਾਂ ਕਰੀਏ ਤੇਰੀਆਂ

ਜੁਗੜੇ ਬੀਤ ਗਏ
ਪੁੱਤਰਾਂ ਨੂੰ ਮਾਂਵਾਂ ਪੁੱਛਦੀਆਂ

ਅਸੀਂ ਅਤੀ ਸ਼ੁਕਰਗੁਜ਼ਾਰ ਹਾਂ

|

ਸ. ਮੋਤਾ ਸਿੰਘ ਸਰਾਏ

ਵਾਲਸਾਲ, ਬਰਮਿੰਘਮ, ਇੰਗਲੈਂਡ

ਅਤੇ

ਉਨ੍ਹਾਂ ਦੇ ਮਿੱਤਰ ਸਾਥੀਆਂ ਦੇ

ਪੁਆਧ ਦਰਪਣ *(ਅਤੀਤ ਦੇ ਝਰੋਖੇ ਥੀਂ)*
**ਮਿਲਣ ਦੇ ਹੋਰ ਕੇਂਦਰ :**

**ਮਨਮੋਹਨ ਸਿੰਘ ਦਾਊਂ**
ਮੁਖੀ, ਪੁਆਧੀ ਪੰਜਾਬੀ ਸੱਥ
280, ਫ਼ੇਜ਼ 6 ਮੁਹਾਲੀ (ਰੋਪੜ) 160055
ਫ਼ੋਨ : 0172-5091900
ਮੋਬਾਇਲ : 98151-23900

ਜਾਂ

**ਤਰਲੋਚਨ ਪਬਲਿਸ਼ਰਜ਼**
3236, ਸੈਕਟਰ 15 ਡੀ, ਚੰਡੀਗੜ੍ਹ
ਫੋਨ : 0172-2543168, 0172-4613236
E-mail : talochanpublishers@yahoo.co.in

## ਅਸੀਂ ਅਤੀ ਧੰਨਵਾਦੀ ਹਾਂ :


1. ਡਾ. ਨਿਰਮਲ ਸਿੰਘ ਲਾਂਬੜਾ, ਸਕੱਤਰ ਪੰਜਾਬੀ ਸੱਥ ਹੁਰਾਂ ਦੇ ਜਿਨ੍ਹਾਂ ਦੀ ਹੱਲਾ ਸ਼ੇਰੀ ਨੇ ਇਸ ਪੁਸਤਕ ਦੀ ਤਿਆਰੀ ਕਰਨ ਦੇ ਸੁਪਨੇ ਨੂੰ ਸਾਕਾਰ ਕਰਵਾਇਆ ।
2. ਸ. ਮੋਤਾ ਸਿੰਘ ਸਰਾਏ ਹੁਰਾਂ ਦਾ ਰਿਣ ਉਤਾਰਿਆ ਹੀ ਨਹੀਂ ਜਾ ਸਕਦਾ ਜਿਨ੍ਹਾਂ ਨੇ ਪੁਆਧੀ ਪੰਜਾਬੀ ਸੱਥ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਨ ਦੀ ਵਚਨ ਬਧਤਾ ਨਿਭਾਅ ਕੇ ਸਾਨੂੰ ਇਸ ਪੁਸਤਕ ਨੂੰ ਪਾਠਕਾਂ ਤੀਕਰ ਪਹੁੰਚਾਉਣ ਲਈ ਸਮਰੱਥ ਬਣਾਇਆ ।
3. ਸ. ਤਰਲੋਚਨ ਸਿੰਘ (ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ) ਜਿਨ੍ਹਾਂ ਨੇ ਇਸ ਪੁਸਤਕ ਦੀ ਮਹਤੱਤਾ ਨੂੰ ਸਮਝਦੇ ਹੋਏ ਦੋਸਤੀ ਵਰਗਾ ਸਹਿਯੋਗ ਦਿੱਤਾ ।
4. ਸ. ਉੱਤਮਵੀਰ ਸਿੰਘ ਨੇ ਆਪਣੀ ਇਨਾਮੀ ਕ੍ਰਿਤੀ, ਪੁਸਤਕ ਦੇ ਸਰਵਰਕ ਦੇ ਸ਼ਿੰਗਾਰ ਲਈ ਮੁਫ਼ਤ ਪ੍ਰਯੋਗ ਕਰਨ ਲਈ ਦਿੱਤੀ ।

*ਅਦਾਰਾ*

*ਪੁਆਧੀ ਪੰਜਾਬੀ ਸੱਥ*

# ਪੰਜਾਬੀ ਸੱਥ (ਲਾਂਬੜਾ-ਜਲੰਧਰ)

ਵੱਲੋਂ

## ਪ੍ਰਕਾਸ਼ਿਤ ਪੁਸਤਕਾਂ ਦੀ ਸੂਚੀ

1. ਦਰਦਮੰਦਾਂ ਦੀਆਂ ਆਹੀਂ *(ਪੰਜਾਬ ਦੇ ਲੀਰੋ ਲੀਰ ਹੋਣ ਬਾਰੇ ਕਹਾਣੀਆਂ)*
2. ਅੰਬਰ ਕਾਲਾ ਇਤ ਬਿਧ ਹੋਇਆ *(ਪੰਜਾਬ ਦੇ ਲੀਰੋ ਲੀਰ ਹੋਣ ਬਾਰੇ ਕਹਾਣੀਆਂ)*
3. ਬਾਣੀ ਸ਼ੇਖ ਫਰੀਦ ਜੀ ਕੀ
4. ਜ਼ੁਲਮੋਂ ਕੂਕ ਗਈ ਅਸਮਾਨੀਂ
5. ਚੀਚੋ ਚੀਚ ਗਨੇਰੀਆਂ *(ਬਾਲ ਕਵਿਤਾਵਾਂ)*
6. ਬਾਤ ਪਾਵਾਂ ਬਤੋਲੀ ਪਾਵਾਂ *(ਬਾਲ ਕਹਾਣੀਆਂ)*
7. ਮਾਏ ਨੀ ਮਾਏ *(ਮਾਂ ਵਿਸ਼ੇ ਨਾਲ ਸਬੰਧਿਤ ਕਵਿਤਾਵਾਂ)*
8. ਧੀਆਂ ਧਿਆਣੀਆਂ *(ਧੀ ਦੇ ਵਿਸ਼ੇ ਨਾਲ ਸਬੰਧਿਤ ਕਵਿਤਾਵਾਂ)*
9. ਤਿੜਕੀ ਧਰਤੀ ਵਿਹੁਲਾ ਪਾਣੀ
10. ਚਿੜੀ ਵਿਚਾਰੀ ਕੀ ਕਰੇ
11. ਗੱਭਰੂ ਦੇਸ ਪੰਜਾਬ ਦੇ ਡੁੱਬ ਗਏ ਪਿਆਲੇ
12. ਸਿੱਧਾ ਰਾਹ ਸਿਵਿਆਂ ਨੂੰ ਜਾਵੇ

**ਮਿਲਣ ਦਾ ਪਤਾ :**

ਡਾ. ਨਿਰਮਲ ਸਿੰਘ
ਸਕੱਤਰ, ਪੰਜਾਬੀ ਸੱਥ, ਲਾਂਬੜਾ (ਜਲੰਧਰ)
ਚੜ੍ਹਦਾ ਪੰਜਾਬ, ਭਾਰਤ - 144026
ਫੋਨ : 0181-2791036, 98156-50750

*ਅਤੇ*

S. Mota Singh Sarai
22, Othello Avenue, HEATHCOTE
Warsick, Waqrwickshire
CV 34 6ED, U.K
Ph. +44-785 075 0109
e-mail : singh_m_sarai@hotmail.com

# ਤਤਕਰਾ


'ਪੁਆਧ ਦਰਪਣ' ਦਾ ਪੰਧ / *ਮਨਮੋਹਨ ਸਿੰਘ ਦਾਊਂ* 10

ਆਪਣੇ ਵਲੋਂ ਕੁਝ ਸ਼ਬਦ / *ਮੋਤਾ ਸਿੰਘ ਸਰਾਏ* 13

ਨਹੀਂ ਰੀਸਾਂ ਦੇਸ ਪੁਆਧ ਦੀਆਂ / *ਡਾ. ਨਿਰਮਲ ਸਿੰਘ* 15

**I. ਪੁਆਧ ਦੀ ਧਰਤੀ ਵਿਭਿੰਨ ਰੰਗਾਂ ਦੀ ਨਦੀ**

ਪੰਜਾਬੀ ਦੀ ਉਪ-ਬੋਲੀ ਪੁਆਧੀ ਤੇ ਉਸ ਦਾ ਭੂਗੋਲਕ ਖੇਤਰ/*ਦਲੀਪ ਸਿੰਘ* 19

ਪੁਆਧ ਦਾ ਭੂਗੋਲ ਅਤੇ ਇਸ ਦੀ ਵਿਲੱਖਣਤਾ/*ਜਸਵਿੰਦਰ ਸਿੰਘ ਕਾਈਨੌਰ* 24

ਪੁਆਧ ਦਾ ਭਾਸ਼ਾਈ ਵਿਸ਼ਲੇਸ਼ਣ/*ਡਾ ਨਿਰਮਲ ਸਿੰਘ ਬਾਸੀ* 29

ਪੁਆਧ ਅਤੇ ਪੁਆਧੀ/*ਡਾ. ਕਰਨੈਲ ਸਿੰਘ ਸੋਮਲ* 35

ਪੁਆਧ ਦੀ ਭਾਸ਼ਾ ਵੰਨਗੀ/*ਡਾ. ਜਸਵਿੰਦਰ ਸਿੰਘ ਧਾਲੀਵਾਲ* 39

ਪੁਆਧ ਖੇਤਰ ਦੀ ਕਿਸਾਨੀ ਸ਼ਬਦਾਵਲੀ/*ਮਨਦੀਪ ਸਿੰਘ* 43

ਪੁਆਧ ਦੀਆਂ ਬੁਝਾਰਤਾਂ- ਭਾਸ਼ਾ ਫ਼ਰਕ/*ਡਾ. ਗੁਰਵਿੰਦਰ ਸਿੰਘ* 51

**II. ਜੰਗਾਂ ਯੁੱਧਾਂ ਦੀ ਰਣ-ਭੂਮੀ- ਪੁਆਧ**

ਸਿੱਖ ਗੁਰੂ ਸਾਹਿਬਾਨ ਦੀ ਕਰਮ-ਭੂਮੀ-ਪੁਆਧ/*ਡਾ. ਜਗਜੀਤ ਸਿੰਘ* 55

ਆਨੰਦਪੁਰ ਸਾਹਿਬ ਦਾ ਇਤਿਹਾਸਕ ਪਿਛੋਕੜ/*ਸੁਰਿੰਦਰ ਸਿੰਘ ਰਸੂਲਪੁਰ* 60

ਭਲਾਂ ਕਿਸ ਤਰ੍ਹਾਂ ਦਾ ਸੀ ਯੁੱਧ ਚਮਕੌਰ ਦਾ ? /*ਕਰਮਜੀਤ ਸਿੰਘ* 64

ਸਰਹਿੰਦ ਦਾ ਪਿਛੋਕੜ ਤੇ ਸਾਕਾ ਸਰਹਿੰਦ/*ਡਾ. ਹਰਚੰਦ ਸਿੰਘ ਸਰਹਿੰਦੀ* 71

ਚਪੜ ਚਿੜੀ ਦੇ ਜੰਗ ਦਾ ਅਲੌਕਿਕ ਇਤਿਹਾਸ/*ਨਿਰੰਜਨ ਸਿੰਘ ਸਾਥੀ* 76

**III. ਪੁਆਧ ਦੀ ਮਿੱਟੀ ਦਾ ਸਭਿਆਚਾਰਕ ਰੰਗ**

ਬਾਤਾਂ ਦੇਸ ਪੁਆਧ ਦੀਆਂ/*ਡਾ. ਨਿਰਮਲ ਸਿੰਘ (ਲਾਂਬੜਾ)* 82

ਪੁਆਧ ਦੇ ਜੀਵਨ ਰਹਿਤਲ ਨੂੰ ਯਾਦ ਕਰਦਿਆਂ/*ਡਾ. ਐਸ. ਐਸ. ਕਿਸ਼ਨਪੁਰੀ* 86

ਪੁਆਧ ਕੇ ਰਸਮ-ਰਿਵਾਜ, ਰਹਿਣ-ਸਹਿਣ ਅਰ ਆਚਾਰ-ਵਿਹਾਰ/*ਡਾ. ਗ. ਸ. ਬੈਦਵਾਣ* 89

ਪੁਆਧ ਦੀਆਂ ਅਲੋਪ ਹੋ ਰਹੀਆਂ ਵਿਆਹ ਰਸਮਾਂ ਤੇ ਲੋਕ-ਗੀਤ/ *ਕਮਲ ਕੁਮਾਰ* 96

ਪੁਆਧ ਦੀਆਂ ਔਰਤਾਂ ਦੀ ਜੀਵਨ-ਸ਼ੈਲੀ 'ਚ ਕਲਾ ਦਰਪਣ/*ਦਲਜੀਤ ਕੌਰ ਦਾਊਂ* 106

ਪੁਆਧ ਦੀ ਅਖਾੜਾ ਗਾਇਨ ਪਰੰਪਰਾ/*ਮਨਮੋਹਨ ਕੌਰ* 113

ਪੁਆਧੀ-ਬਾਲ-ਖੇਡ ਤਿਉਹਾਰ : ਗੜਬੜੇ /*ਮਨਮੋਹਨ ਸਿੰਘ ਦਾਊਂ* 119

**IV. ਪੁਆਧ ਦੀ ਪ੍ਰਾਕਿਰਤੀ ਨਾਲ ਗਲਵਕੜੀ**

ਪੁਆਧ ਖੇਤਰ ਦੇ ਦਰਿਆ, ਨਦੀਆਂ, ਨਾਲੇ, ਚੋਅ ਅਤੇ ਜਲਗਾਹਾਂ/*ਡਾ. ਡੀ.ਪੀ.ਸਿੰਘ* 122

ਪੁਆਧ ਦਾ ਬਨਸਪਤੀ ਜਗਤ/*ਡਾ. ਗੁਲਜੀਤ ਸਿੰਘ ਚੱਠਾ* 129

ਪੁਆਧ ਦੇ ਰੁੱਖ, ਬੂਟੇ ਤੇ ਫ਼ਸਲਾਂ/*ਦਿਲਸ਼ੇਰ ਸਿੰਘ ਨਿਰਦੋਸ਼* 138

ਚੰਡੀਗੜ੍ਹ ਵਸਾਉਣ ਲਈ ਪੁਆਧ ਦੇ ਉਜਾੜੇ ਗਏ ਪਹਿਲੇ ਪਿੰਡਾਂ ਦੀ ਸੂਚੀ 141

[redacted] [redacted]

# 'ਪੁਆਧ ਦਰਪਣ' ਦਾ ਪੰਧ

ਸਾਲ 2004 ਵਿੱਚ 'ਪੁਆਧੀ ਪੰਜਾਬੀ ਸੱਥ' ਦੀ ਸਥਾਪਨਾ ਡਾ. ਨਿਰਮਲ ਸਿੰਘ (ਲਾਂਬੜਾ) ਅਤੇ ਸ. ਮੋਤਾ ਸਿੰਘ ਸਰਾਏ, ਐਡਵੋਕੇਟ (ਇੰਗਲੈਂਡ) ਦੀ ਇੱਛਾ ਤੇ ਉੱਦਮ ਸਦਕਾ ਹੋਂਦ ਵਿੱਚ ਆਈ । ਸੱਥ ਦੇ ਪਲੇਠੇ ਸਨਮਾਨ-ਸਮਾਗਮ 14 ਨਵੰਬਰ, 2004 ਨੂੰ ਇਹ ਫ਼ੈਸਲਾ ਲਿਆ ਗਿਆ ਕਿ ਪੁਆਧ ਖੇਤਰ ਦੇ ਅਤੀਤ ਦੇ ਪਰਿਪੇਖ ਵਿੱਚ ਇੱਕ ਪੁਸਤਕ ਤਿਆਰ ਕੀਤੀ ਜਾਵੇ ਜਿਸ ਵਿੱਚ ਇੱਥੋਂ ਦੇ ਅਮੀਰ ਵਿਰਸੇ, ਵਿਲੱਖਣ ਸਭਿਆਚਾਰ ਅਤੇ ਪੰਜਾਬ ਪ੍ਰਤੀ ਦੇਣ ਨੂੰ ਸੰਭਾਲਿਆ ਜਾਵੇ ਤਾਂ ਜੋ ਆਉਣ ਵਾਲੀਆਂ ਨਸਲਾਂ ਆਪਣੇ ਪਿਛੋਕੜ 'ਤੇ ਗੌਰਵ ਤੇ ਮਾਣ ਮਹਿਸੂਸ ਕਰ ਸਕਣ। ਅਪਣੱਤ ਤੇ ਸਾਂਝ ਦੀ ਕੜੀ ਅੱਗੇ ਤੁਰਦੀ ਰਹੇ । ਵਿਸ਼ਵੀਕਰਨ ਦੀ ਯੁੱਗ ਤਬਦੀਲੀ ਦੇ ਦੌਰਾਨ ਅਜਿਹਾ ਕਰਨਾ ਹੋਰ ਵੀ ਬਹੁਤ ਜ਼ਰੂਰੀ ਹੋ ਗਿਆ ਹੈ। ਆਪਣੀਆਂ ਜੜ੍ਹਾਂ ਨਾਲ ਜੁੜਿਆਂ ਰਹਿਣ ਨਾਲ ਹੀ ਭਵਿੱਖ ਮੁਖੀ ਵਿਕਾਸ ਦੀ ਸਾਰਥਿਕਤਾ ਬਣੀ ਰਹਿ ਸਕਦੀ ਹੈ ।

ਹਰ ਕੌਮ ਦੀ ਭਾਸ਼ਾ ਉਸਦੇ ਸਾਹਿਤ, ਸਭਿਆਚਾਰ, ਇਤਿਹਾਸ ਤੇ ਵਿਰਸੇ ਦੀ ਦਰਪਣ ਹੁੰਦੀ ਹੈ । ਉੱਥੋਂ ਦੇ ਲੋਕ-ਸਾਹਿਤ ਰਾਹੀਂ ਉਹਨਾਂ ਦੀ ਜੀਵਨ-ਸ਼ੈਲੀ ਦੇ ਰੰਗ ਵੇਖੇ ਜਾ ਸਕਦੇ ਹਨ । ਵਿਭਿੰਨਤਾ ਵਿੱਚ ਸਵੈ-ਭਿੰਨਤਾ ਦੇ ਕਾਇਮ ਰਹਿਣ ਨਾਲ ਹੀ ਮਨੁੱਖ ਦਾ ਵਿਅਕਤੀਤਵ ਅਸਲ ਅਰਥਾਂ ਵਿੱਚ ਚੰਗੇਰਾ ਸਮਾਜ ਸਿਰਜ ਸਕਦਾ ਹੈ, ਤਦੇ ਸਰਬ ਕਲਿਆਣ ਦਾ ਸੰਕਲਪ ਬਲਵਾਨ ਹੋ ਸਕਦਾ ਹੈ । ਸਥਾਨਕ ਤੇ ਖੇਤਰੀ ਇਲਾਕਿਆਂ ਦੇ ਪਛਾਣ-ਚਿੰਨ੍ਹ, ਸਥਾਪਿਤ ਕਰਨ ਵਿੱਚ ਅਜਿਹੀਆਂ ਪੁਸਤਕਾਂ ਦੀ ਆਪਣੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ । ਪਿਛਲੇ ਦੋ ਵਰ੍ਹਿਆਂ ਤੋਂ ਹੀ ਇਸ ਪੁਸਤਕ ਨੂੰ ਸੰਪਾਦਨ ਕਰਨ ਦਾ ਕਾਰਜ ਅਰੰਭ ਕਰ ਦਿੱਤਾ ਗਿਆ ।

ਹਥਲੀ ਪੁਸਤਕ (ਪਰਾਗਾ ਪਹਿਲਾ) ਪੁਆਧ ਬਾਰੇ ਮੁੱਢਲਾ ਜਤਨ ਹੈ ਤੇ ਆਉਣ ਵਾਲੇ ਵਰ੍ਹਿਆਂ 'ਚ ਪੁਆਧ ਦੇ ਹੋਰ ਵੱਖੋ ਵੱਖਰੇ ਪੱਖਾਂ ਬਾਰੇ ਇੱਕ ਲੜੀ ਅਧੀਨ ਹੋਰ ਪਰਾਗੇ ਪੂਰਨ ਦੀ ਕੋਸ਼ਿਸ਼ ਕੀਤੀ ਜਾਵੇਗੀ । ਸਾਡਾ ਇਹ ਕੋਈ ਮਾਹਰਕਾ ਨਹੀਂ, ਕੇਵਲ ਆਪਣੇ ਮੋਹ ਅਤੇ ਕਰਤਵ ਦਾ ਪ੍ਰਗਟਾਵਾ ਹੈ । ਇਸ ਪਰਾਗੇ ਵਿੱਚ ਕਿੰਨਾ ਕੁਝ ਹੋਰ ਪਾਇਆ ਜਾ ਸਕਦਾ ਹੈ, ਸਾਨੂੰ ਇਸ ਦਾ ਵੀ ਇਲਮ ਹੈ ਪਰੰਤੂ ਇਸ ਬਾਰੇ ਪਾਠਕਾਂ, ਵਿਦਵਾਨਾਂ ਤੇ ਲੇਖਕਾਂ ਦੀਆਂ ਰਾਵਾਂ ਸਾਡੇ ਲਈ ਰਾਹ-ਦੁਸੇਰੇ ਦਾ ਕਾਰਜ ਕਰਨਗੀਆਂ ਅਤੇ ਅਸੀਂ ਹੋਰ ਅੱਗੇ-ਅੱਗੇ ਪੰਧ ਮੁਕਾਉਣ ਦਾ ਸਾਹਸ ਕਰਦੇ ਰਹਾਂਗੇ । ਮੰਜ਼ਿਲ ਦੀ ਸੀਮਾ ਤਾਂ ਮਿੱਥੀ ਨਹੀਂ ਜਾ ਸਕਦੀ ।

ਪੁਆਧ ਦੇ ਅਣਗੌਲੇ ਖੇਤਰ ਦੀ ਗੱਲ ਕਰਨ ਲਈ ਇਹ ਇੱਕ ਹੰਭਲਾ ਹੈ, ਦਾਈਆ ਨਹੀਂ । ਇਸ ਖੇਤਰ ਦਾ ਆਦਿ-ਇਤਿਹਾਸ ਬਹੁਤ ਅਲੋਕਾਰੀ ਘਟਨਾਵਾਂ ਨਾਲ ਭਰਿਆ ਪਿਆ ਹੈ । ਵਰਤਮਾਨ ਸਮਿਆਂ ਵਿੱਚ ਸਭ ਤੋਂ ਵੱਧ ਪ੍ਰੀਵਰਤਨ ਵੀ ਇਸੇ ਖੇਤਰ ਵਿੱਚ ਹੋ ਰਿਹਾ ਹੈ। ਵੱਡੀ ਤਬਦੀਲੀ ਪੰਜਾਬ ਦੀ 1947 ਦੀ ਵੰਡ ਪਿੱਛੋਂ ਭਾਸ਼ਾ ਦੇ ਆਧਾਰ 'ਤੇ ਪੰਜਾਬ - ਹਰਿਆਣਾ - ਹਿਮਾਚਲ ਦਾ ਬਣਨਾ, ਚੰਡੀਗੜ੍ਹ - ਪੰਚਕੂਲਾ - ਐਸ.ਏ.ਐਸ. ਨਗਰ ਦਾ ਵੱਸਣਾ, ਭਾਖੜਾ ਨੰਗਲ ਡੈਮ ਤੇ ਹੋਰ ਡੈਮ ਬਣਨੇ ਇਸ ਖੇਤਰ ਦੇ ਹਿੱਸੇ ਹੀ ਆਏ ਹਨ ਤੇ ਇਸ ਖੇਤਰ ਵਿੱਚ ਕਾਲੋਨਾਈਜੇਸ਼ਨ (ਬਸਤੀਵਾਦ) ਇੱਕ ਨਵੀਂ ਵੰਗਾਰ ਹੈ । ਮਤਾਂ ਅਸੀਂ ਇਸ ਦਾ ਪੂਰਵ-ਮੁਹਾਂਦਰਾ ਭੁੱਲ ਹੀ ਨਾ ਜਾਈਏ, ਉਸ ਮੋਹ ਭਰੀ ਦ੍ਰਿਸ਼ਟੀ ਦੇ ਫਰਜ਼ ਨੂੰ ਸਮਝਦੇ ਹੋਏ, ਅਸੀਂ ਲੇਖਕਾਂ, ਵਿਦਵਾਨਾਂ ਤੇ ਇਤਿਹਾਸਕਾਰਾਂ ਨੂੰ ਬਾਰ-ਬਾਰ ਖੇਚਲ ਦਿੱਤੀ ਹੈ ਤਾਂ ਜੋ ਇਹ ਪੁਸਤਕ ਸਮੇਂ ਸਿਰ ਪ੍ਰਕਾਸ਼ਿਤ ਕੀਤੀ ਜਾ ਸਕੇ ।

ਪਹਿਲੇ ਭਾਗ ਵਿੱਚ ਪੁਆਧੀ ਭਾਸ਼ਾ ਦਾ ਖੇਤਰ, ਵੰਨਗੀ, ਵਿਆਕਰਣਕ ਵਖਰੇਵਾਂ, ਸ਼ਬਦਾਵਲੀ, ਲੋਕ-ਰੰਗ ਅਤੇ ਭੂਗੋਲਕ ਪੱਖ ਬਾਰੇ ਸਮੱਗਰੀ ਪੇਸ਼ ਕੀਤੀ ਗਈ ਹੈ । ਵੱਖ-ਵੱਖ ਰਾਵਾਂ ਹੁੰਦਿਆਂ ਵੀ, ਪੁਆਧ ਦੀ ਸਮੁੱਚਤਾ ਨੂੰ ਵਿਦਵਾਨਾਂ ਦੇ ਮੱਤ ਅਨੁਸਾਰ ਸਵੀਕਾਰ ਕੀਤਾ ਗਿਆ ਹੈ । ਭਾਸ਼ਾਈ ਆਧਾਰ 'ਤੇ ਕੋਈ ਪੱਕੀਆਂ ਤੇ ਨਿਸ਼ਚਿਤ ਲਕੀਰਾਂ ਵਾਹੀਆਂ ਨਹੀਂ ਜਾ ਸਕਦੀਆਂ । ਮਨੁੱਖ ਦੀ ਆਦਿ-ਕਾਲ ਤੋਂ ਆਦਾਨ-ਪ੍ਰਦਾਨ ਕਰਨ ਦੀ ਪ੍ਰਵਿਰਤੀ ਰਹੀ ਹੈ ।

ਦੂਜੇ ਭਾਗ ਵਿੱਚ ਜਬਰ-ਜ਼ੁਲਮ ਵਿਰੁੱਧ ਲੜੇ ਗਏ ਜੰਗਾਂ-ਯੁੱਧਾਂ, ਬਹਾਦਰੀ ਭਰੇ ਕਾਰਨਾਮਿਆਂ, ਅਣਖ਼ੀਲੀਆਂ ਘਟਨਾਵਾਂ, ਅਲੌਕਿਕ ਕੁਰਬਾਨੀਆਂ ਤੇ ਕਰੁਣਾਮਈ ਸ਼ਹੀਦੀਆਂ ਦਾ ਸੰਖੇਪਮਈ ਜ਼ਿਕਰ ਸ਼ਾਮਲ ਹੈ ਤਾਂ ਜੋ ਅਸਲ ਤੱਥਾਂ ਨੂੰ ਸੰਗ੍ਰਹਿਆ ਜਾ ਸਕੇ ਤੇ ਹੋਰ ਤੱਥ ਇਕੱਠੇ ਕਰਨ ਦੀ ਜਗਿਆਸਾ ਪੈਦਾ ਹੋਵੇ ।

ਤੀਜੇ ਭਾਗ ਵਿੱਚ ਪੁਆਧ ਦੇ ਲੋਕਾਂ ਦੀ ਜੀਵਨ-ਸ਼ੈਲੀ ਦਾ ਸਭਿਆਚਾਰਕ ਰੰਗ ਪੇਸ਼ ਕੀਤਾ ਗਿਆ ਹੈ ਜਿਸ ਵਿੱਚ ਪੁਆਧੀ ਰਹਿਣ-ਸਹਿਣ, ਰਸਮ-ਰਿਵਾਜ, ਆਚਾਰ-ਵਿਹਾਰ, ਗਾਇਣ ਪਰੰਪਰਾ, ਅਲੋਪ ਹੋ ਰਿਹਾ ਲੋਕ-ਸਾਹਿਤ ਅਤੇ ਲੋਕ-ਕਲਾ ਨੂੰ ਦਰਸਾਉਣ ਦਾ ਯਤਨ ਕੀਤਾ ਗਿਆ ਹੈ ।

ਚੌਥੇ ਭਾਗ ਵਿੱਚ ਪੁਆਧ ਦੇ ਦਰਿਆ ਸਤਲੁਜ ਤੋਂ ਲੈ ਕੇ ਸ਼ਿਵਾਲਿਕ ਦੀਆਂ ਪਹਾੜੀਆਂ ਅਤੇ ਦਰਿਆ ਘੱਗਰ ਤੱਕ, ਪ੍ਰਾਕਿਰਤਕ ਜਲ-ਸੋਮੇ, ਬਨਸਪਤ ਜਗਤ ਆਦਿ ਦਾ ਵਰਨਣ ਹੈ।

ਮੈਂ ਇਸ ਪੁਸਤਕ ਦੇ ਲੇਖਕ ਤੇ ਲੇਖਕਾਵਾਂ ਦਾ ਬੇਹੱਦ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਆਪਣੀਆਂ ਵਡ-ਮੁੱਲੀਆਂ ਰਚਨਾਵਾਂ ਬਹੁਤ ਮਿਹਨਤ ਕਰਕੇ, ਬਿਨਾਂ ਕਿਸੇ ਸ਼ਰਤ, ਸਮੇਂ ਸਿਰ ਭੇਜ ਕੇ, ਇਸ ਸੰਗ੍ਰਹਿ ਨੂੰ ਸੰਪੂਰਨ ਕਰਨ ਲਈ ਸਹਿਯੋਗ ਦਿੱਤਾ। ਮੈਂ ਵਿਸ਼ੇਸ਼ ਤੌਰ 'ਤੇ ਡਾ. ਗੁਰਨਾਇਬ ਸਿੰਘ (ਪੰਜਾਬੀ ਯੂਨੀਵਰਸਿਟੀ, ਪਟਿਆਲਾ),

ਸ. ਚੇਤਨ ਸਿੰਘ (ਡਿਪਟੀ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ ਪਟਿਆਲਾ) ਤੇ ਡਾ. ਡੀ. ਪੀ. ਸਿੰਘ (ਨਯਾਂ ਨੰਗਲ) ਦਾ ਧੰਨਵਾਦ ਕਰਨਾ ਆਪਣਾ ਕਰਤਵ ਸਮਝਦਾ ਹਾਂ ਜਿਨ੍ਹਾਂ ਨੇ ਇਸ ਪੁਸਤਕ ਲਈ ਸਮੱਗਰੀ ਉਪਲਬਧ ਕਰਾਉਣ ਵਿੱਚ ਹੱਥ ਵਟਾਇਆ।

ਮੈਂ ਉਹਨਾਂ ਮਿੱਤਰ ਲੇਖਕਾਂ ਤੋਂ ਖ਼ਿਮਾ ਲੈਣੀ ਵੀ ਜ਼ਰੂਰੀ ਸਮਝਦਾ ਹਾਂ ਜਿਨ੍ਹਾਂ ਦੀਆਂ ਮੁੱਲਵਾਨ ਤੇ ਖੋਜ-ਭਰਪੂਰ ਰਚਨਾਵਾਂ ਇਸ ਪੁਸਤਕ ਦੀ ਯੋਜਨਾ-ਸੀਮਾ ਵਸ, ਸ਼ਾਮਲ ਨਹੀਂ ਹੋ ਸਕੀਆਂ, ਉਹਨਾਂ ਰਚਨਾਵਾਂ ਨੂੰ ਅਗਲੇ ਪਰਾਗੇ ਵਿੱਚ ਸ਼ਾਮਲ ਕਰਨ ਦਾ ਵਿਸ਼ਵਾਸ ਜ਼ਰੂਰ ਦਿਵਾਇਆ ਜਾਂਦਾ ਹੈ ।

ਮੈਂ, ਪੁਆਧੀ ਪੰਜਾਬੀ ਸੱਥ ਦੇ ਸਾਰੇ ਬੇਲੀਆਂ ਦਾ ਵੀ ਅਤੀ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਕਿਵੇਂ ਨਾ ਕਿਵੇਂ ਮੈਨੂੰ ਪੂਰਨ ਸਹਿਯੋਗ ਦੇ ਕੇ ਇਸ ਸੰਗ੍ਰਹਿ ਨੂੰ ਨੇਪਰੇ ਚਾੜ੍ਹਨ ਦੇ ਯੋਗ ਬਣਾਇਆ ।

ਪਾਠਕਾਂ ਵੱਲੋਂ ਚੰਗੇ ਹੁੰਗਾਰੇ ਦੀ ਆਸ ਕੀਤੀ ਜਾਂਦੀ ਹੈ । ਗ਼ਲਤੀਆਂ ਅਤੇ ਖਾਮੀਆਂ ਲਈ ਮੈਂ ਬਿਨਾਂ ਝਿਜਕ ਮੁਆਫ਼ੀ ਮੰਗਣ ਦਾ ਹੱਕ ਸਮਝਦਾ ਹੋਇਆ ਪੁਆਧੀ ਪੰਜਾਬੀ ਸੱਥ ਦੇ ਟੀਚੇ ਨੂੰ ਪੂਰਾ ਕਰਾਉਣ ਲਈ ਬੰਦਨਾ ਕਰਦਾ ਹਾਂ :

*'ਦੇਹ ਸ਼ਿਵਾ ਬਰ ਮੋਹਿ ਇਹੈ*
*ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ ॥'*

*ਮਨਮੋਹਨ ਸਿੰਘ ਦਾਊਂ*
ਸੰਪਾਦਕ

ਮਿਤੀ : 3 ਮਾਰਚ, 2006

# ਆਪਣੇ ਵਲੋਂ ਕੁਝ ਸ਼ਬਦ

ਮੌਜੂਦਾ ਪੰਜਾਬ ਵਿਚ ਪੁਆਧ ਦੇ ਇਲਾਕੇ ਦੀ ਇਕ ਖਾਸ ਵਿਲੱਖਣਤਾ ਹੈ। ਅੱਜ ਦੇ ਯੁਗ ਦੀ ਸ਼ਹਿਰੀਕਰਨ ਦੀ ਮਾਰ ਜਿੰਨੀ ਪੁਆਧ ਦੇ ਬਸਿੰਦਿਆਂ ਨੂੰ ਆਪਣੇ ਤਨ ਅਤੇ ਮਨ ਉਪਰ ਹੰਢਾਉਣੀ ਪਈ ਉਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ । ਮੇਰੀ ਜ਼ਿੰਦਗੀ ਦਾ 14 ਨਵੰਬਰ, 2004 ਇਕ ਸੁਭਾਗਾ ਦਿਨ ਸੀ ਜਦੋਂ 'ਪੁਆਧੀ ਪੰਜਾਬੀ ਸੱਥ' ਦੀ ਸਥਾਪਨਾ ਕੀਤੀ ਗਈ ਅਤੇ ਮੈਨੂੰ ਵੀ ਪੁਆਧ ਦੇ ਇਲਾਕਾ ਨਿਵਾਸੀਆਂ ਨਾਲ ਜੁੜਨ ਦਾ ਸੁਭਾਗ ਪ੍ਰਾਪਤ ਹੋਇਆ । ਬਹੁਤ ਲੰਬੇ ਅਰਸੇ ਤੋਂ ਯੂ.ਕੇ. ਵਿਚ ਰਹਿਣ ਦੇ ਬਾਵਜੂਦ ਵੀ ਮੈਂ ਆਪਣੇ ਵਿਰਸੇ, ਸਭਿਆਚਾਰ ਅਤੇ ਆਪਣੀ ਮਾਂ ਬੋਲੀ ਨਾਲ ਜੁੜਿਆ ਹੋਇਆ ਹਾਂ । ਅਸੀਂ ਜੇਕਰ ਆਪਣੇ ਵਿਰਸੇ ਅਤੇ ਸਭਿਆਚਾਰ ਨੂੰ ਸੰਸਾਰੀਕਰਨ ਦੀ ਮਾਰ ਤੋਂ ਬਚਾਉਣਾ ਹੈ ਤਾਂ ਸਾਨੂੰ ਆਪਣੀਆਂ ਸਿਹਤਮੰਦ ਸਮਾਜਿਕ ਕਦਰਾਂ ਕੀਮਤਾਂ ਉਪਰ ਮਾਣ ਕਰਨ ਦੀ ਸਖਤ ਜ਼ਰੂਰਤ ਹੈ । ਸਾਨੂੰ ਆਪਣੇ ਖੇਤਰੀ ਇਲਾਕਿਆਂ ਦੀ ਭਿੰਨਤਾ ਬਾਰੇ ਵੀ ਜਾਨਣਾ ਚਾਹੀਦਾ ਹੈ ।

ਦੁਨੀਆਂ ਦੀ ਹਰ ਕੌਮ ਦਾ ਸਾਹਿਤ, ਸਭਿਆਚਾਰ ਅਤੇ ਇਤਿਹਾਸ ਸਬੰਧਿਤ ਕੌਮ ਦਾ ਸਰਮਾਇਆ ਹੁੰਦਾ ਹੈ । ਉਸਨੂੰ ਆਪਣੀਆਂ ਆਉਣ ਵਾਲੀਆਂ ਨਸਲਾਂ ਅੱਗੇ ਪੇਸ਼ ਕਰਨਾ ਸਾਡੀ ਸਭ ਦੀ ਜ਼ਿਮੇਵਾਰੀ ਬਣਦੀ ਹੈ । ਸ. ਮਨਮੋਹਨ ਸਿੰਘ ਦਾਊਂ ਅਤੇ ਉਹਨਾਂ ਦੀ ਸਮੁੱਚੀ ਟੀਮ ਵਧਾਈ ਦੀ ਹੱਕਦਾਰ ਹੈ, ਜਿਹਨਾਂ ਨੇ 'ਪੁਆਧ ਦਰਪਣ' ਤੁਹਾਡੇ ਹੱਥਾਂ ਵਿੱਚ ਪਹੁੰਚਾ ਕੇ ਇਕ ਬਹੁਤ ਵੱਡੀ ਸਾਹਿਤਕ, ਸਭਿਆਚਾਰਕ ਅਤੇ ਇਤਿਹਾਸਕ ਮੱਲ ਮਾਰੀ ਹੈ । ਪੰਜਾਬੀ ਸੱਥ ਦੀਆਂ ਦੂਸਰੀਆਂ ਇਕਾਈਆਂ ਨੂੰ ਵੀ ਇਹ ਇਕ ਬੜਾ ਵਧੀਆ ਸੰਦੇਸ਼ ਹੈ । ਦਾਊਂ ਸਾਹਿਬ ਦੇ ਇਸ ਵਿਲੱਖਣ ਉਪਰਾਲੇ ਦੀ ਅਸੀਂ ਜਿੰਨੀ ਵੀ ਸ਼ਲਾਘਾ ਕਰੀਏ, ਥੋੜ੍ਹੀ ਹੈ । ਬੇਸ਼ੱਕ ਉਹਨਾਂ ਦਾ ਇਹ ਕਾਰਜ, ਉਹਨਾਂ ਦੇ ਕਹਿਣ ਮੁਤਾਬਕ 'ਕੇਵਲ ਆਪਣੇ ਮੋਹ ਅਤੇ ਕਰਤਵ ਦਾ ਪ੍ਰਗਟਾਵਾ ਹੈ' ਪਰ ਆਸ ਹੈ ਕਿ ਉਹਨਾਂ ਦਾ ਮੋਹ ਅਤੇ ਕਰਤਵ ਪੰਜਾਬੀ ਜਗਤ ਲਈ ਇਕ ਮੀਲ ਪੱਥਰ ਦਾ ਕੰਮ ਕਰੇਗਾ ।

ਇੰਗਲੈਂਡ ਵਿਚ ਰਹਿੰਦਿਆਂ ਮੈਂ ਇਕ ਗੱਲ ਤੋਂ ਅਕਸਰ ਪ੍ਰਭਾਵਤ ਹਾਂ ਕਿ ਬਹੁਤੇ ਅੰਗ੍ਰੇਜ਼ ਆਪਣੇ ਵਿਰਸੇ ਪ੍ਰਤੀ ਪਿਆਰ ਹੀ ਨਹੀਂ ਰੱਖਦੇ ਬਲਕਿ ਚਿੰਤਤ ਹੋਣ ਦੇ ਨਾਲ ਨਾਲ ਉਹ ਕੁਝ ਨਾ ਕੁਝ ਉਸਨੂੰ ਪ੍ਰਫੁਲਤ ਕਰਨ ਲਈ ਕਰਦੇ ਵੀ ਰਹਿੰਦੇ ਹਨ। ਉਹਨਾਂ ਦਾ ਇਹ ਸੰਕਲਪ ਅਕਸਰ ਅਖ਼ਬਾਰਾਂ, ਰਿਸਾਲਿਆਂ ਅਤੇ ਰੇਡੀਓ,

ਟੀ.ਵੀ. ਰਾਹੀਂ ਹਰ ਵਕਤ ਨਜ਼ਰ ਆਉਂਦਾ ਰਹਿੰਦਾ ਹੈ । ਪਰ ਅਸੀਂ ਪੰਜਾਬੀ ਜਾਂ ਤਾਂ ਇਕ ਦੂਸਰੇ ਦੀਆਂ ਲੱਤਾਂ ਖਿੱਚੀ ਜਾ ਰਹੇ ਹਾਂ, ਜਾਂ ਫਿਰ ਫੋਕੀ ਸ਼ੋਸ਼ੇਬਾਜ਼ੀ ਅਤੇ ਸ਼ੋਹਰਤ ਵਿਚ ਪੈ ਕੇ ਆਪਣੇ ਵਿਰਸੇ ਅਤੇ ਸਭਿਆਚਾਰ ਨਾਲ ਜੁੜਨ ਵਿਚ ਮਾਣ ਮਹਿਸੂਸ ਨਹੀਂ ਕਰਦੇ । ਪੰਜਾਬ ਵਿੱਚ ਮੇਰਾ ਆਪਣਾ ਸਬੰਧ ਦੁਆਬੇ ਦੀ ਧੁੰਨੀ 'ਮੰਜਕੀ' ਦੇ ਇਲਾਕੇ ਨਾਲ ਹੈ । ਪੰਜਾਬੀ ਸੱਥ ਲਾਂਬੜਾ ਦੀ ਇਕ ਇਕਾਈ ਮੰਜਕੀ ਦੇ ਇਲਾਕੇ ਵਿਚ ਵੀ ਆਪਣੀ ਵਿਲਖਣਤਾ ਨੂੰ ਬਰਕਰਾਰ ਰੱਖਣ ਲਈ ਕੁਝ ਯਤਨ ਕਰ ਰਹੀ ਹੈ।

ਅਤੀਤ ਦੇ ਝਰੋਖੇ ਥੀਂ 'ਪੁਆਧ ਦਰਪਣ' ਨੂੰ ਪੜ੍ਹ ਕੇ ਰੂਹ ਨੂੰ ਆਤਮਿਕ ਆਨੰਦ ਪ੍ਰਾਪਤ ਹੋਣ ਦੇ ਨਾਲ ਨਾਲ ਦਿਲਾਂ ਵਿਚ ਆਪਣੇ ਵਿਰਸੇ ਅਤੇ ਸਭਿਆਚਾਰ ਲਈ ਕੁਝ ਹੋਰ ਕਰਨ ਦੀਆਂ ਉਮੰਗਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ । ਆਓ ਆਪਾਂ ਸਾਰੇ ਪੰਜਾਬੀ ਆਪਣੇ ਇਲਾਕਿਆਂ ਦੀ ਵਿਭਿੰਨਤਾ ਨੂੰ ਸਮਝਦੇ ਹੋਏ ਆਪਣੀਆਂ ਸਿਹਤਮੰਦ ਸਮਾਜਿਕ ਕਦਰਾਂ ਕੀਮਤਾਂ ਤੋਂ ਆਪਣੇ ਬੱਚਿਆਂ ਨੂੰ ਜਾਣੂੰ ਕਰਾਈਏ । ਮੇਰੀ ਇਹ ਖੁਸ਼ ਕਿਸਮਤੀ ਹੈ ਕਿ ਦਾਊਂ ਸਾਹਿਬ ਦੀ ਇਸ ਉੱਤਮ ਤੇ ਮਿਆਰੀ ਸੰਪਾਦਨਾ ਰਾਹੀਂ ਮੈਨੂੰ ਤੁਹਾਡੇ ਸਨਮੁਖ ਹੋਣ ਦਾ ਮੌਕਾ ਮਿਲਿਆ। ਮੈਂ ਧੰਨਵਾਦੀ ਹਾਂ ਹੱਥਲੀ ਕਿਤਾਬ ਵਿਚਲੇ ਹਰ ਲੇਖਕ ਦਾ ਜਿਹਨਾਂ ਨੇ ਆਪਣਾ ਸਹਿਯੋਗ 'ਪੁਆਧੀ ਪੰਜਾਬੀ ਸੱਥ' ਨੂੰ ਸਮੇਂ ਸਿਰ ਪ੍ਰਦਾਨ ਕਰਕੇ 'ਪੁਆਧ ਦਰਪਣ' ਨੂੰ ਪਾਠਕਾਂ ਤੱਕ ਪਹੁੰਚਾਉਣ ਦੇ ਯੋਗ ਬਣਾਇਆ। ਇਕ ਲੋਕ ਬੋਲੀ ਦੀਆਂ ਚੰਦ ਸਤਰਾਂ ਤੁਹਾਡੇ ਨਾਲ ਸਾਂਝੀਆਂ ਕਰਕੇ ਖਿਮਾ ਦਾ ਜਾਚਕ ਹਾਂ :-

ਮਾਝੇ ਦੀ ਮੈਂ ਜੰਮੀ ਜਾਈ, ਚੰਦਰੇ ਪੁਆਧ ਵਿਆਹੀ
ਹੱਥ ਵਿਚ ਖੁਰਪਾ ਮੋਢੇ ਖੇਸੀ ਮੱਕੀ ਗੋਡਣ ਡਾਹੀ ।

......................................

ਆਓ, ਆਪਣੀ ਮਾਂ ਬੋਲੀ ਅਤੇ ਆਪਣੇ ਵਿਰਸੇ ਨੂੰ ਜਾਣੀਏ ਤੇ ਪਿਆਰੀਏ।

*ਮੋਤਾ ਸਿੰਘ ਸਰਾਏ (ਐਡਵੋਕੇਟ)*
ਯੂਰਪੀ ਪੰਜਾਬੀ ਸੱਥ
ਵਾਰਕਸ਼ਾਇਰ ਇੰਗਲੈਂਡ (ਯੂ.ਕੇ.)
0044 785 075 0109

ਮਿਤੀ : 6 ਮਾਰਚ, 2006

# ਨਹੀਂ ਰੀਸਾਂ ਦੇਸ ਪੁਆਧ ਦੀਆਂ

ਕਾਦਰ ਦੀ ਕੁਦਰਤ ਦੇ ਵਿਗਸਣ, ਮੌਲਣ, ਪ੍ਰਫੁਲਤ ਹੋਣ ਤੇ ਅੱਗੇ ਵਧਣ ਦਾ ਮੂਲ ਤੱਤ ਹੈ ਵੰਨ-ਸੁਵੰਨਤਾ, ਭਿੰਨਤਾ । ਵਖਰੇਵੇਂ ਦੇ ਅੱਡੋ ਅੱਡ ਰੂਪ ਆਪਣੇ ਅਸਲੇ, ਸੋਮੇ ਨਾਲ ਜੁੜੇ ਹੋਣ ਦੇ ਨਾਲੋਂ ਨਾਲ ਆਪੋ ਆਪਣੀ ਵੱਖੋ ਵੱਖਰੀ ਆਜ਼ਾਦ ਪਛਾਣ ਤੇ ਹੋਂਦ ਹਸਤੀ ਰੱਖਦੇ ਨੇ । ਦ੍ਰਿਸ਼ਟੀਗੋਚਰ ਜਗਤ ਦੇ ਸਜੀਵ ਤੇ ਨਿਰਜੀਵ ਦੋਹਾਂ ਹੀ ਪਸਾਰਾਂ 'ਤੇ ਕੁਦਰਤ ਦਾ ਇਹ ਅਸੂਲ ਢੁੱਕਦਾ ਹੈ । ਕਿਧਰੇ ਰੇਗਸਿਤਾਨ-ਮਾਰੂਥਲ ਨੇ ਤੇ ਕਿਧਰੇ ਹਰੇ ਕਚੂਰ ਰੁੱਖਾਂ ਬਿਰਖ਼ਾਂ ਵਾਲੇ ਸੰਘਣੇ ਜੰਗਲ । ਕਿਤੇ ਬਰਫ਼ਾਂ ਕੱਜੀਆਂ ਟੀਸੀਆਂ ਵਾਲੇ ਧੜਵੈਲ ਪਰਬਤ ਤੇ ਕਿਤੇ ਅਸਗਾਹ ਡੂੰਘਾਈਆਂ ਵਾਲੇ ਵਿਸ਼ਾਲ ਸਮੁੰਦਰ । ਫੀਨੇ, ਪੀਲੇ, ਕਾਲੇ, ਗੋਰੇ ਭੂਰੇ ਕਿੰਨੀਆਂ ਨਸਲਾਂ ਦੇ ਮਨੁੱਖ, ਆਪੋ ਆਪਣੀਆਂ ਬੋਲੀਆਂ ਬੋਲਦੇ ਏਸ ਵਖਰੇਵੇਂ ਦੇ ਖ਼ੂਬਸੂਰਤ ਨਮੂਨੇ ਨੇ । ਸਭਿਆਚਾਰਾਂ, ਰਹਿਤਲਾਂ, ਭਾਸ਼ਾਵਾਂ ਅਤੇ ਉਹਨਾਂ ਦੇ ਅਲਹਿਦਾ ਅਲਹਿਦਾ ਲਹਿਜਿਆਂ ਦੇ ਵਖਰੇਵਿਆਂ ਦੀ ਵਜਾਹ ਕਰਕੇ ਹੀ ਇਤਿਹਾਸ ਸਿਰਜਿਆ ਗਿਆ ਹੈ, ਅਸੀਂ ਅੱਜ ਦੇ ਵਿਕਸਤ ਦੌਰ ਤੀਕ ਦਾ ਪੈਂਡਾ ਮਾਰਿਆ ਹੈ ।

'ਸੱਥ' ਦੇ ਸਹੀ ਅਰਥ ਵੀ ਜੇ ਇਤਿਹਾਸਕ ਸੰਦਰਭ ਵਿਚ ਸਮਝੇ ਜਾਣ ਤਾਂ ਸਿੱਟਾ ਇਹੋ ਨਿਕਲਦਾ ਹੈ ਕਿ ਸੱਥ ਦੇ ਖੁੰਢਾਂ, ਥੜ੍ਹਿਆਂ 'ਤੇ ਬੈਠੇ ਬੰਦੇ ਇਕੋ ਹੀ ਤਰ੍ਹਾਂ ਸੋਚਣ ਵਾਲੇ ਲਕੀਰ ਦੇ ਫ਼ਕੀਰ ਨਹੀਂ ਹੁੰਦੇ ਤੇ ਨਾ ਹੀ ਪਿਛਲਗ, ਅੰਧ-ਵਿਸ਼ਵਾਸ਼ੀ । ਹਰ ਇਕ ਦਾ ਆਪਦਾ ਕੋਈ ਖਿਆਲ-ਵਿਚਾਰ ਹੁੰਦਾ ਹੈ ਤੇ ਸਾਰਿਆਂ ਦੇ ਵਿਚਾਰ ਜਦੋਂ ਆਪਸ ਵਿਚ ਮਿਲਦੇ ਨੇ, ਭਿੜਦੇ ਨੇ, ਵਿਚਾਰਾਂ ਦਾ ਵਟਾਂਦਰਾ ਹੁੰਦਾ ਏ ਤਾਂ ਏਨ੍ਹਾਂ ਨਿੱਕੇ ਨਿੱਕੇ ਵਖਰੇਵਿਆਂ-ਵਿਰੋਧਾਂ ਵਿਚੋਂ ਨਵੇਂ ਨਿਵੇਕਲੇ ਵਿਚਾਰਾਂ ਦਾ ਵਿਕਾਸ ਹੁੰਦਾ ਹੈ । ਕਈ ਸਿਆਣੇ ਇਹਨੂੰ ਵਿਕਾਸ ਦਾ ਨਾਂ ਵੀ ਦਿੰਦੇ ਨੇ ।

ਤਹਿਜ਼ੀਬਾਂ, ਮਜ਼੍ਹਬਾਂ, ਫਲਸਫ਼ਿਆਂ ਦੀ ਕਦੀਮੀ ਜ਼ਮੀਨ ਪੰਜਾਂ ਪਾਣੀਆਂ ਦੀ ਧਰਤੀ ਦੇ ਮਹਾਨ ਰਹਿਬਰ ਗੁਰੂ ਨਾਨਕ ਦੇਵ ਜੀ, ਸੂਫ਼ੀ ਦਰਵੇਸ਼ਾਂ ਅਤੇ ਰੱਬ ਨੂੰ ਪੁੱਜੇ ਭਗਤਾਂ ਨੇ ਦੁਨੀਆਂ ਭਰ ਦੇ ਵਿਚਾਰਾਂ ਨੂੰ ਰਿੜਕਿਆ ਅਤੇ ਸਿੱਟਾ ਇਹੋ ਕੱਢਿਆ ਕਿ ਏਕਤਾ ਦੀ ਨੀਂਹ-ਬੁਨਿਆਦ ਹੀ ਅਨੇਕਤਾ ਹੈ । ਅਨੇਕਤਾ ਨੂੰ ਬਚਾਉਣਾ, ਬਰਕਰਾਰ ਰੱਖਣਾ, ਅੱਗੇ ਵਧਾਉਣਾ ਅਸਲ ਵਿਚ ਏਕਤਾ ਦੀ ਰਖਵਾਲੀ ਕਰਨਾ ਹੈ । ਅੱਜ ਦੇ ਦੌਰ ਵਿਚ ਵੀ ਮਨੁੱਖੀ ਆਜ਼ਾਦੀਆਂ ਦਾ ਮਸਲਾ, ਵਾਤਾਵਰਣ ਦੀ ਸਾਂਭ ਸੰਭਾਲ ਹਕੀਕਤ ਵਿਚ ਅਨੇਕਤਾ ਨੂੰ ਬਚਾਉਣ ਦਾ ਮੁੱਦਾ ਹੈ । ਜਦੋਂ ਕਦੀ ਅਨੇਕਤਾ ਨੂੰ

ਮੇਟਣ, ਮਧੋਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਸਿੱਟੇ ਬੜੇ ਭਿਆਨਕ, ਮਾਰੂ ਤੇ ਬਰਬਾਦੀ ਵਾਲੇ ਨਿਕਲਦੇ ਨੇ ।

'ਪੰਜਾਬੀ ਸੱਥ' ਦੀ ਸਥਾਪਨਾ ਦਾ ਮੂਲ ਮਕਸਦ ਵੀ ਸਾਡੀ ਧਰਤੀ, ਸਾਡੀ ਬੋਲੀ ਤੇ ਸਾਡੇ ਸਭਿਆਚਾਰ ਦੀਆਂ ਭਿੰਨਤਾਵਾਂ ਨੂੰ ਸਮਝਣਾ, ਇਹਨਾਂ ਦੇ ਵਖਰੇਵਿਆਂ ਤੋਂ ਸਿੱਖ ਕੇ ਆਪਦੀ ਮਾਂ ਬੋਲੀ ਤੇ ਮਾਂ ਮਿੱਟੀ 'ਤੇ ਮਾਣ ਕਰਨ ਦੀਆਂ ਰਵਾਇਤਾਂ ਨੂੰ ਅੱਗੇ ਵਧਾਉਣਾ ਹੈ । ਇਹ ਸਮਝ ਜਜ਼ਬਾਤੀ ਜਾਂ ਭਾਵਨਾਵਾਂ-ਵਲਵਲਿਆਂ ਤੋਂ ਉਤੇਜਿਤ ਹੋ ਕੇ ਨਹੀਂ ਬਣੀ ਸਗੋਂ ਇਹਦਾ ਅਧਾਰ ਕੁਦਰਤ ਦੀ ਏਕਤਾ ਵਿਚਲੀ ਅਨੇਕਤਾ ਹੈ । ਸਾਡੀ ਸੋਹਣੀ ਧਰਤੀ ਨੂੰ ਭੂਗੋਲ-ਇਤਿਹਾਸ-ਸਭਿਆਚਾਰ-ਬੋਲੀ-ਅਰਥਚਾਰੇ ਨੇ ਕਿੰਨੀਆਂ ਹੀ ਨਿੱਕੀਆਂ ਵੱਡੀਆਂ ਇਕਾਈਆਂ ਵਿਚ ਵੰਡਿਆ ਹੋਇਆ ਹੈ । ਕਿਧਰੇ ਵਿਸ਼ਾਲ ਮਾਝਾ ਹੈ ਤੇ ਕਿਧਰੇ ਅਸਗਾਹ ਮਾਲਵਾ । ਕਿਤੇ ਪੋਠੋਹਾਰ ਦੀ ਹੁਸੀਨ ਜ਼ਮੀਨ ਹੈ ਤੇ ਕਿਤੇ ਪੂਰਬਲੀ ਪੂਜਣਯੋਗ ਧਰਤੀ ਪੁਆਧ । ਅੰਬੀਆਂ ਦਾ ਦੇਸ ਦੁਆਬਾ, ਕਿੱਕਰਾਂ ਬਣਾਂ ਵਾਲਾ ਥਲ ਪੰਜਾਬ ਦੇ ਹੀ ਹੁਸੀਨ ਹਿੱਸੇ ਨੇ । ਇਹਨਾਂ ਸਾਰਿਆਂ ਬਾਬਤ ਜਾਨਣਾ, ਇਹਨਾਂ ਦੇ ਹਰ ਪੱਖ ਪਾਸਾਰ ਨੂੰ ਸਮਝਣਾ, ਪ੍ਰਾਪਤ ਕੀਤੇ ਏਸ ਗਿਆਨ ਤੋਂ ਸਿੱਖਣਾ ਸਾਡੇ ਲਈ ਲਾਹੇਬੰਦ ਰਹੇਗਾ, ਏਹ ਸਾਡਾ ਅਕੀਦਾ ਹੈ ।

ਸਿਰਫ਼ ਦੋ ਢਾਈ ਵਰ੍ਹੇ ਪਹਿਲਾਂ ਹੋਂਦ ਵਿਚ ਆਈ 'ਪੁਆਧੀ ਪੰਜਾਬੀ ਸੱਥ' ਨੇ ਜਿਹੜੀਆਂ ਮਾਣਯੋਗ ਪ੍ਰਾਪਤੀਆਂ ਏਸ ਇਤਿਹਾਸਿਕ ਖਿੱਤੇ ਦੀਆਂ ਮਹਾਨ ਸੂਝਵਾਨ ਹਸਤੀਆਂ ਨੂੰ ਮਾਣ ਸਨਮਾਨ ਦੇ ਕੇ ਕੀਤੀਆਂ ਨੇ ਉਹ ਇਕ ਕ੍ਰਿਸ਼ਮਾ ਹੈ । ਅਤਿ ਆਧੁਨਿਕ ਸ਼ਹਿਰ ਚੰਡੀਗੜ੍ਹ-ਮੁਹਾਲੀ ਦੇ ਬਹੁਤੇ ਵਸਨੀਕ ਜਿਹੜੇ ਆਪਦੇ ਅਸਲੇ ਨਾਲੋਂ ਟੁੱਟਣ ਕਾਰਨ ਆਪਣੇ ਘਰਾਂ-ਦਫ਼ਤਰਾਂ-ਦੁਕਾਨਾਂ ਕਾਰੋਬਾਰਾਂ ਵਿਚ ਆਪਣੀ ਜ਼ੁਬਾਨ ਵਿਚ ਬੋਲਣਾ ਵੀ ਭੁੱਲ ਗਏ ਸਨ ਏਸ ਸੱਥ ਨੇ ਇਕ ਵਾਰ ਤਾਂ ਹਿਲਾ ਕੇ ਰੱਖ ਦਿੱਤੇ ਨੇ । ਉਹਨਾਂ 'ਚੋਂ ਬਹੁਤਿਆਂ ਨੂੰ ਇਹ ਸੋਝੀ ਹੀ ਨਹੀਂ ਸੀ ਕਿ ਜਿਸ ਧਰਤੀ 'ਤੇ ਉਹ ਵੱਸ ਰਹੇ ਨੇ, ਉੱਥੇ ਦੀਆਂ ਰਹਿਮਤਾਂ ਬਖਸ਼ਿਸ਼ਾਂ ਕਾਰਨ ਵੱਧ ਫੁੱਲ ਰਹੇ ਨੇ ਉਹਦਾ ਨਾਂ ਪੁਆਧ ਏ ਜਿਸਦਾ ਇਤਿਹਾਸ ਹਜ਼ਾਰਾਂ ਨਹੀਂ ਲੱਖਾਂ ਵਰ੍ਹੇ, ਪੁਰਾਣਾ ਹੈ । ਉਹ ਤਾਂ ਅਜੇ ਕੱਲ੍ਹ ਏਥੋਂ ਦੇ ਵਸਨੀਕ ਬਣੇ ਨੇ ਤੇ ਇਕ ਸ਼ਹਿਰ ਨੂੰ ਈ ਸੁੰਦਰ ਸੋਹਣਾ ਆਖ ਫੁੱਲੇ ਨਹੀਂ ਸਮਾਉਂਦੇ, ਏਸ ਸਮੁੱਚੀ ਪੁਆਧੀ ਮਿੱਟੀ ਦਾ ਤੇ ਕਣ ਕਣ, ਪੱਤਾ ਪੱਤਾ ਸਦੀਆਂ ਦਹਿ ਸਦੀਆਂ ਤੋਂ ਹੀ ਰੱਬ ਸੱਚੇ ਨੇ ਸੁੰਦਰਤਾ ਦੇ ਨਮੂਨੇ ਵਿਚ ਢਾਲਿਆ ਹੋਇਆ ਏ । ਏਸ ਸੁੰਦਰਤਾ, ਸੁਹਪਣ, ਖ਼ੂਬਸੂਰਤੀ ਦੀਆਂ ਝਲਕਾਂ ਲਿਸ਼ਕਾਂ ਵਾਲਾ ਸ਼ੀਸ਼ਾ ਲੋਕਾਈ ਨੂੰ ਖਾਸ ਕਰ ਚੰਡੀਗੜ੍ਹ ਵਾਸੀਆਂ ਨੂੰ ਵਿਖਾਉਣ ਲਈ 'ਪੁਆਧ ਦਰਪਣ' ਨਾਂ ਦੀ ਇਸ ਕਿਤਾਬ ਦਾ ਨਿਰਮਾਣ ਹੋਇਆ ਹੈ । ਸ. ਮਨਮੋਹਨ ਸਿੰਘ ਦਾਊਂ ਦੀ ਅਗਵਾਈ, ਲਗਨ, ਹਿੰਮਤ, ਮਿਹਨਤ ਤੇ ਦੂਰ ਦ੍ਰਿਸ਼ਟੀ ਅਤੇ ਪੁਆਧੀ ਪੰਜਾਬੀ ਸੱਥ ਦੇ ਸਾਰੇ ਸਾਥੀਆਂ ਦੇ ਸਹਿਯੋਗ ਕਾਰਨ ਪਹਾੜ ਜੇਡਾ ਇਹ ਖੋਜੀ ਕਾਰਜ ਪਾਠਕਾਂ ਦੀ ਸੱਥ ਤੀਕਰ ਪਹੁੰਚਣ ਦੇ ਕਾਬਲ ਹੋਇਆ ਹੈ । ਯੂਰਪੀਅਨ

ਪੰਜਾਬੀ ਸੱਥ ਦੇ ਅਣਥੱਕ ਸਿਰੜੀ ਤੇ ਸੱਚੇ ਸੁੱਚੇ ਪ੍ਰਦੇਸੀ ਪੰਜਾਬੀ ਸ. ਮੋਤਾ ਸਿੰਘ ਸਰਾਏ ਦੀ ਸਹਾਇਤਾ ਤੋਂ ਬਗੈਰ ਇਹ ਮਹਾਨ ਕਾਰਨਾਮਾ ਕਦੀ ਵੀ ਨੇਪਰੇ ਨਹੀਂ ਸੀ ਚੜ੍ਹ ਸਕਦਾ । ਉਹ ਸਾਡੇ ਧੰਨਵਾਦ ਦੇ ਪਾਤਰ ਨੇ । ਸਾਨੂੰ ਆਸ ਈ ਨਹੀਂ ਯਕੀਨ ਹੈ ਕਿ ਦੁਨੀਆਂ ਭਰ ਵਿਚ ਵੱਸਦੇ ਸਾਡੇ ਪੰਜਾਬੀ ਭਾਈਚਾਰੇ ਦੇ ਵਸਨੀਕ 'ਪੁਆਧ ਦਰਪਣ' ਪੜ੍ਹਨ ਵਾਚਣ ਤੋਂ ਪਿੱਛੋਂ ਆਪੋ ਆਪਣੇ ਪੁਸ਼ਤੈਨੀ ਖਿਤਿਆਂ ਸਬੰਧੀ ਸੋਚਣਗੇ। ਧਰਤੀ ਮਾਂ ਨਾਲ, ਆਪਣੀਆਂ ਜੜ੍ਹਾਂ ਨਾਲ ਜੁੜਨਗੇ ਤੇ ਸਰਬਤ ਦੇ ਭਲੇ ਵਾਲੇ ਰਾਹ 'ਤੇ ਤੁਰਦੇ ਆਪਣੇ ਕਾਰਜ ਆਪ ਸੰਵਾਰਨ ਵਲੋਂ ਵਧਣਗੇ ।

*ਡਾ. ਨਿਰਮਲ ਸਿੰਘ*
ਸੇਵਾਦਾਰ, ਪੰਜਾਬੀ ਸੱਥ
ਲਾਂਬੜਾ (ਜਲੰਧਰ)

ਮਿਤੀ : 6 ਮਾਰਚ, 2006

# I

# ਪੁਆਧ ਦੀ ਧਰਤੀ ਵਿਭਿੰਨ ਰੰਗਾਂ ਦੀ ਨਦੀ

ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ ॥

# ਪੰਜਾਬੀ ਦੀ ਉਪ-ਬੋਲੀ ਪੁਆਧੀ ਤੇ ਉਸ ਦਾ ਭੂਗੋਲਕ ਖੇਤਰ

*ਦਲੀਪ ਸਿੰਘ*

ਪ੍ਰਸਿੱਧ ਅੰਗਰੇਜ਼ ਵਿਦਵਾਨ, ਭਾਸ਼ਾ ਵਿਗਿਆਨੀ ਅਤੇ ਖੋਜੀ ਸ੍ਰੀ ਗਰੀਅਰਸਨ ਨੇ ਹੋਰ ਜ਼ੁਬਾਨਾਂ ਦੇ ਨਾਲ ਨਾਲ ਪੰਜਾਬੀ ਜ਼ੁਬਾਨ ਉਤੇ ਬੜਾ ਸ਼ਲਾਘਾ-ਯੋਗ ਕੰਮ ਕੀਤਾ ਹੈ। ਭਾਸ਼ਾ ਵਿਗਿਆਨੀ ਦੇ ਤੌਰ ਤੇ ਅਜ ਵੀ ਉਸ ਨੂੰ ਪੰਜਾਬੀ ਬੋਲੀ ਬਾਰੇ ਅਥਾਰਟੀ ਮੰਨਿਆਂ ਜਾਂਦਾ ਹੈ। ਪੰਜਾਬੀ ਬੋਲੀ ਦੀਆਂ ਉਪਭਾਸ਼ਾਵਾਂ ਸਬੰਧੀ ਖੋਜ ਕਰ ਕੇ ਉਸ ਨੇ ਪੰਜਾਬੀ ਦੀਆਂ ਅੱਠ ਪ੍ਰਸਿੱਧ ਉਪਭਾਸ਼ਾਵਾਂ ਦੱਸੀਆਂ ਹਨ, ਮਾਝੀ, ਜਲੰਧਰ-ਦੁਆਬੀ, ਪੁਆਧੀ, ਰਾਠੀ, ਮਲਵਈ, ਭਟਿਆਣੀ, ਲਹਿੰਦੀ ਅਤੇ ਡੋਗਰੀ। ਇਨ੍ਹਾਂ ਬੋਲੀਆਂ ਦੇ ਆਪਣੇ ਆਪਣੇ ਭੂਗੋਲਕ ਖੇਤਰ ਹਨ ਜਿਥੇ ਕਿ ਇਹ ਆਮ ਬੋਲੀਆਂ ਅਤੇ ਸਮਝੀਆਂ ਜਾਂਦੀਆਂ ਹਨ। ਅਸੀਂ ਇਥੇ ਸਿਰਫ 'ਪੁਆਧੀ' ਦੇ ਭੂਗੋਲਕ ਖੇਤਰ, ਜਿਥੇ ਕਿ ਇਹ ਆਮ ਬੋਲੀ ਅਤੇ ਸਮਝੀ ਜਾਂਦੀ ਹੈ, ਦੀਆਂ ਹੱਦਾਂ ਦਾ ਹੀ ਜ਼ਿਕਰ ਕਰਾਂਗੇ।

ਸਵਰਗੀ ਡਾ: ਬਨਾਰਸੀ ਦਾਸ ਜੈਨ 'ਪੁਆਧੀ' ਦੀ ਪਰਿਭਾਸ਼ਾ ਦਸਦੇ ਹੋਏ ਲਿਖਦੇ ਹਨ - "ਪੁਆਧ ਸ਼ਬਦ ਪੂਰਬਾਰਧ ਦਾ ਰੂਪਾਂਤਰ ਹੈ, ਜਿਸ ਦਾ ਅਰਥ ਹੈ ਪੂਰਬੀ ਅੱਧ ਅਰਥਾਤ ਪੰਜਾਬ ਦਾ ਪੂਰਬੀ ਹਿੱਸਾ।" ਇਸ ਕਥਨ ਅਨੁਸਾਰ ਪੰਜਾਬ ਦੇ ਪੂਰਬ ਵਿਚ ਵਾਕਿਆ ਇਲਾਕਾ ਪੁਆਧ ਹੈ, ਪਰ ਹਕੀਕਤ ਇਹ ਹੈ ਕਿ 'ਪੁਆਧ' ਵਿਚ ਪੂਰਬੀ ਪੰਜਾਬ ਦਾ ਓਹੀ ਇਲਾਕਾ ਆਉਂਦਾ ਹੈ, ਜਿਸ ਵਿਚ ਅੰਬਾਲਾ, ਕਲਸੀਆ, ਨਾਲਾਗੜ੍ਹ, ਪਟਿਆਲਾ, ਜ਼ਿਲ੍ਹਾ ਲੁਧਿਆਣਾ ਦਾ ਪੂਰਬੀ ਭਾਗ ਅਤੇ ਜ਼ਿਲ੍ਹਾ ਸੰਗਰੂਰ ਦਾ ਕੁਝ ਇਲਾਕਾ ਸ਼ਾਮਲ ਹੈ, ਇਸ ਦਾ ਵੇਰਵਾ ਅਸੀਂ ਅੱਗੇ ਚਲ ਕੇ ਦਸਾਂਗੇ।

ਭਾਈ ਕਾਨ੍ਹ ਸਿੰਘ 'ਨਾਭਾ' ਜੀ ਦੇ ਗੁਰਸ਼ਬਦ ਰਤਨਾਕਰ ਵਿਚ 'ਪੁਆਧ' ਸ਼ਬਦ ਦੀ ਵਿਆਖਿਆ ਇੰਜ ਕੀਤੀ ਗਈ ਹੈ - "ਪਹਾੜ ਦੇ ਪੈਰਾਂ ਦਾ ਦੇਸ਼, ਦਾਮਨੇ ਕੋਹ, ਉਹ ਦੇਸ਼ ਜੋ ਖੂਹ ਦੇ ਪਾਣੀ ਨਾਲ ਸਿੰਜਿਆ ਜਾਵੇ, ਜ਼ਿਲ੍ਹਾ ਅੰਬਾਲਾ ਦੇ ਆਸ ਪਾਸ ਦਾ ਦੇਸ਼" ਪਰ ਭਾਈ ਸਾਹਿਬ ਦੀ ਇਸ ਵਿਆਖਿਆ ਅਨੁਸਾਰ ਤਾਂ 'ਪੁਆਧ' ਪੰਜਾਬ ਦੇ ਉਤਰ ਪੂਰਬ ਵਿਚਲੀਆਂ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਵਿਚਲਾ ਮੈਦਾਨ ਹੀ ਹੋਵੇਗਾ, ਭਾਵੇਂ ਅਸਲੀਅਤ ਇਹ ਹੈ ਕਿ ਇਸ ਇਲਾਕੇ ਦਾ ਥੋੜ੍ਹਾ ਭਾਗ ਹੀ ਪੁਆਧ ਵਿਚ ਆਉਂਦਾ ਹੈ।

ਭਾਸ਼ਾ ਵਿਗਿਆਨ ਦੇ ਪ੍ਰਸਿੱਧ ਵਿਦਵਾਨ 'ਗਰੀਅਰਸਨ' ਨੇ ਆਪਣੀ ਪੁਸਤਕ 'ਲਿੰਗੁਇਸਟਿਕ ਸਰਵੇ ਆਫ ਇੰਡੀਆ' ਜਿਲਦ ੯ ਭਾਗ ੧ ਵਿਚ ਪੁਆਧ ਦੀਆਂ ਸੀਮਾਵਾਂ ਇਉਂ ਕਾਇਮ ਕੀਤੀਆਂ ਹਨ :-

"ਰੋਪੜ ਤੋਂ ਲੈ ਕੇ ਹਰੀਕੇ ਪੱਤਣ ਤਕ ਸਤਲੁਜ ਦਰਿਆ ਪੂਰਬੋਂ ਪੱਛਮ ਨੂੰ ਵਗਦਾ ਹੈ। ਇਹਦੇ ਉਤਰ ਵਾਲੇ ਪਾਸੇ ਦੁਆਬਾ ਜਲੰਧਰ ਹੈ ਅਤੇ ਦੱਖਣ ਵਾਲੇ ਪਾਸੇ ਜ਼ਿਲ੍ਹਾ ਲੁਧਿਆਣਾ ਤੇ ਫ਼ਿਰੋਜ਼ਪੁਰ ਹਨ। ਜ਼ਿਲ੍ਹਾ ਲੁਧਿਆਣੇ ਦਾ ਉਹ ਇਲਾਕਾ ਜੋ ਸਤਲੁਜ ਦਰਿਆ ਦੇ ਨਾਲ ਨਾਲ ਦੋਹੀਂ ਪਾਸੀਂ ਆਉਂਦਾ ਹੈ, ਪੁਆਧ ਵਿਚ ਸ਼ਾਮਲ ਹੈ ਅਤੇ ਬਾਕੀ ਦਾ ਸਾਰਾ ਜ਼ਿਲ੍ਹਾ ਮਾਲਵੇ ਵਿਚ ਚਲਾ ਜਾਂਦਾ ਹੈ। ਪੂਰਬ ਵਾਲੇ ਪਾਸੇ ਇਹ ਜ਼ਿਲ੍ਹਾ ਅੰਬਾਲਾ ਵਿਚਲੇ ਘੱਗਰ ਦਰਿਆ ਤਕ ਫੈਲਿਆ ਹੋਇਆ ਹੈ। ਘੱਗਰ ਤੋਂ ਪੂਰਬ ਵਾਲੇ ਪਾਸੇ ਦੀ ਬੋਲੀ ਹਿੰਦੁਸਤਾਨੀ ਹੈ, ਦੱਖਣ ਵਿਚ ਪੁਆਧ ਦੇ ਇਲਾਕੇ ਵਿਚ ਪਟਿਆਲਾ, ਨਾਭਾ ਤੇ ਜੀਂਦ ਦੇ ਇਲਾਕੇ ਸ਼ਾਮਲ ਹਨ ਜੋ ੭੬ ਪੂਰਬੀ ਲੰਬਕਾਰ ਦੇ ਪੂਰਬ ਵਿਚ ਵਾਕਿਆ ਹਨ। ਇਸ ਪਾਸੇ ਪੁਆਧ ਉਸ ਮੁਲਕ ਤੱਕ ਫੈਲਿਆ ਹੋਇਆ ਹੈ, ਜਿਸ ਵਿਚ ਹਿੰਦੁਸਤਾਨੀ ਤੇ ਬਾਗੜੀ ਬੋਲੀਆਂ ਜਾਂਦੀਆਂ ਹਨ। ਪੁਆਧ ਵਿਚ ਜ਼ਿਲ੍ਹਾ ਹਿਸਾਰ ਦਾ ਵੀ ਕੁਝ ਬਾਹਰ ਵਾਲਾ ਹਿੱਸਾ ਸ਼ਾਮਲ ਹੈ।"

ਪੁਆਧ ਦੀਆਂ ਹੱਦਾਂ ਸਬੰਧੀ ਜਾਂ ਭੂਗੋਲਕ ਖੇਤਰ ਬਾਰੇ ਜੋ ਵਿਚਾਰ ਉਪਰ ਆਏ ਹਨ ਉਨ੍ਹਾਂ ਸਾਰਿਆਂ ਨੂੰ ਧਿਆਨ ਵਿਚ ਰੱਖ ਕੇ ਪ੍ਰੋ: ਜੋਗਿੰਦਰ ਸਿੰਘ ਜੀ ਨੇ ਜੋ ਸੀਮਾ ਪੁਆਧ ਦੀ ਕਾਇਮ ਕੀਤੀ ਹੈ ਉਹ ਇਸ ਪਰਕਾਰ ਹੈ :

"ਲੁਧਿਆਣੇ ਦੇ ਪੂਰਬ ਵਿਚ, ਸਾਹਨੇਵਾਲ ਦੇ ਠਾਣੇ ਤੋਂ ਜੋ ਕੱਚੀ ਸੜਕ ਡੇਹਲੋਂ ਨੂੰ ਜਾਂਦੀ ਹੈ ਉਸ ਨੂੰ ਜੇ ਇਸੇ ਸੇਧ ਵਿਚ ਲੁਧਿਆਣਾ-ਧੂਰੀ-ਜਾਖਲ ਰੇਲਵੇ ਲਾਈਨ ਦੇ ਮੁਤਵਾਜ਼ੀ ਕੋਈ ਅੱਠ ਸੱਤ ਮੀਲ ਪੂਰਬਲੀ ਵਿਥ ਤੇ ਕੁਲਾਰਾਂ ਦੇ ਠਾਣੇ ਅਥਵਾ ਭੁਪਿੰਦਰ ਸਾਗਰ ਤੱਕ ਲੈ ਜਾਈਏ ਤਾਂ ਇਹ ਪੁਆਧ ਦੀ ਪੱਛਮੀ ਸੀਮਾ ਬਣਦੀ ਹੈ। ਉਤਰ ਵਿਚ ਸਤਲੁਜ ਦਰਿਆ ਆਨੰਦਪੁਰ ਸਾਹਿਬ ਤੋਂ ਲੈ ਕੇ ਹਰੀਕੇ ਪੱਤਣ ਤੱਕ ਪੁਆਧ ਦੀ ਹੱਦ ਕਾਇਮ ਕਰਦਾ ਹੈ ਪਰ ਜਮਾਲਪੁਰ ਤੋਂ ਅਲੀਵਾਲ ਦੇ ਜ਼ਰਾ ਹੋਰ ਪੱਛਮ ਵਲ ਤੱਕ ਲੁਧਿਆਣੇ ਨੂੰ ਛਡਦੇ ਹੋਏ ਦਰਿਆ ਦੇ ਨਾਲ ਨਾਲ ਜੋ ਤਿਰਕ ਜਿਹੀ ਬਣਦੀ ਹੈ ਉਹ ਵੀ ਪੁਆਧ ਵਿਚ ਸ਼ਾਮਲ ਹੈ। ਦੱਖਣ ਤੇ ਪੂਰਬ ਵਲ ਘੱਗਰ ਦਰਿਆ ਦੇ ਨਾਲ ਨਾਲ ਤੁਰ ਕੇ ਲਾਲੜੂ ਆਦਿ ਦੇ ਉਪਰ ਵਲ ਪੰਜੌਰ ਤੋੜੀ ਤੇ ਪੰਜੌਰ ਤੋਂ ਨਾਲਾਗੜ੍ਹ ਨੂੰ ਜਾਣ ਵਾਲੀ ਕੱਚੀ ਸੜਕ ਦੇ ਨਾਲ ਨਾਲ ਕੋਈ ਆਨੰਦਪੁਰ ਸਾਹਿਬ ਤਕ ਦਾ ਇਲਾਕਾ ਪੁਆਧ ਵਿਚ ਸ਼ਾਮਲ ਹੈ।"

ਉਪਰੋਕਤ ਜੋ ਹੱਦਬੰਦੀ ਪ੍ਰੋ: ਜੋਗਿੰਦਰ ਸਿੰਘ ਜੀ ਨੇ ਦੱਸੀ ਹੈ ਉਹ ਗਰੀਅਰਸਨ ਦੇ ਮੁਤਾਬਕ ਹੈ ਅਤੇ ਸਾਡੇ ਪੁਆਧੀ ਦੇ ਉਪ-ਬੋਲੀ ਮਾਹਰ ਸੰਤ ਇੰਦਰ ਸਿੰਘ ਜੀ 'ਚੱਕਰਵਰਤੀ' (ਜਿਨ੍ਹਾਂ ਨੇ ਕਿ ਪੁਆਧ ਦੇ ਕੋਣੇ ਕੋਣੇ ਵਿਚ ਜਾ ਕੇ ਅਤੇ ਲੋਕਾਂ ਦੇ ਮੂੰਹਾਂ ਤੋਂ ਸੁਣ ਸੁਣ ਕੇ ਪੁਆਧੀ ਕੋਸ਼ ਵਿਚ ਦਿਤੇ ਪੁਆਧੀ ਸ਼ਬਦ ਕੱਠੇ ਕੀਤੇ ਹਨ) ਵੀ ਇਹੋ

ਸੀਮਾ 'ਪੁਆਧ' ਦੀ ਕਾਇਮ ਕਰਦੇ ਹਨ ਅਤੇ ਮੈਂ ਖ਼ੁਦ ਵੀ ਇਸ ਉਪਰੋਕਤ ਹੱਦਬੰਦੀ ਨਾਲ ਪੂਰਾ ਪੂਰਾ ਸਹਿਮਤ ਹਾਂ।

**ਪੁਆਧ ਦੀਆਂ ਭੂਗੋਲਕ ਵਿਸ਼ੇਸ਼ਤਾਈਆਂ-**

ਗਰੀਅਰਸਨ ਪੁਆਧ ਦੀ ਧਰਤੀ ਨੂੰ ਬੜੀ ਜ਼ਰਖੇਜ਼ ਧਰਤੀ ਦਸਦਾ ਹੈ। ਇਸ ਧਰਤੀ ਵਿਚ ਗੰਨੇ ਦੀ ਫ਼ਸਲ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਗੰਨੇ ਦੀ ਕਾਸ਼ਤ ਘਟ ਕੀਤੀ ਜਾਂਦੀ ਸੀ। ਪਿਛਲੇਰੇ ਸਮਿਆਂ ਵਿਚ ਮਾਲਵੇ ਦੇ ਲੋਕੀਂ ਗੱਡਿਆਂ ਉਤੇ ਪੁਆਧ ਵਿਚੋਂ ਗੁੜ ਲੈ ਕੇ ਜਾਂਦੇ ਹੁੰਦੇ ਸਨ ਅਤੇ ਆਪਣੇ ਪਿੰਡਾਂ ਵਿਚ ਗੁੜ ਦਾ ਵਪਾਰ ਕਰਦੇ ਸਨ। ਇਹ ਵੀ ਸੰਭਵ ਹੈ ਕਿ ਇਨ੍ਹਾਂ ਜਾਣ ਆਉਣ ਵਾਲੇ ਲੋਕਾਂ ਦੇ ਰਾਹੀਂ ਪੁਆਧ ਦੇ ਸ਼ਬਦ ਮਾਲਵੇ ਵਿਚ ਤੇ ਮਾਲਵੇ ਦੇ ਸ਼ਬਦ ਪੁਆਧ ਵਿਚ ਆਏ ਹੋਣ। ਇਸੇ ਕਰ ਕੇ ਪੁਆਧੀ ਦੇ ਕਈ ਸ਼ਬਦ ਮਾਲਵੇ ਵਿਚ ਪ੍ਰਚੱਲਤ ਹਨ ਅਤੇ ਕਈ ਮਾਲਵੇ ਦੇ ਸ਼ਬਦ ਪੁਆਧ ਵਿਚ ਆਮ ਵਰਤੇ ਜਾਂਦੇ ਹਨ ਅਤੇ ਇਹ ਪਛਾਣਨਾ ਔਖਾ ਹੋ ਗਿਆ ਹੈ ਕਿ ਕਿਹੜਾ ਸ਼ਬਦ ਪੁਆਧੀ ਤੇ ਕਿਹੜਾ ਮਲਵਈ ਹੈ। ਗੰਨੇ ਤੋਂ ਇਲਾਵਾ ਇਸ ਧਰਤੀ ਦਾ ਬਹੁਤਾ ਹਿੱਸਾ ਅੰਬਾਂ ਨੂੰ ਵੀ ਬੜਾ ਮੰਨਦਾ ਹੈ। ਖੁਦ-ਰੌ ਅੰਬਾਂ ਦੇ ਝੁੰਡਾਂ ਦੇ ਝੁੰਡ ਖੜੇ ਹਨ ਅਤੇ ਫ਼ਸਲ ਵੇਲੇ ਇਸ ਇਲਾਕੇ ਚੋਂ ਅੰਬ ਦੂਰ ਦੂਰ ਤੱਕ ਬਾਹਰ ਭੇਜੇ ਜਾਂਦੇ ਹਨ।

ਪੁਆਧ ਦੇ ਉਤਰ ਪੂਰਬੀ ਭਾਗ ਦਾ ਕਾਫ਼ੀ ਹਿੱਸਾ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਦੇ ਨੇੜੇ ਹੋਣ ਕਰ ਕੇ ਇਸ ਵਿਚ ਬਾਰਸ਼ ਵੀ ਦੂਜੇ ਮੈਦਾਨੀ ਇਲਾਕੇ ਨਾਲੋਂ ਵਧੇਰੇ ਹੁੰਦੀ ਹੈ ਅਤੇ ਨਦੀਆਂ ਨਾਲੇ ਵੀ ਮਾਲਵੇ, ਮਾਝੇ ਤੇ ਦੁਆਬੇ ਨਾਲੋਂ ਕਿਤੇ ਵਧ ਹਨ। ਆਬਾਦੀ ਸੰਘਣੀ ਤੇ ਜ਼ਮੀਨ ਘਟ ਹੋਣ ਕਰ ਕੇ ਲੋਕ ਕਦਰੇ ਜ਼ਿਆਦਾ ਮਿਹਨਤੀ ਹਨ। ਜਦੋਂ ਦਾ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਬਣਿਆ ਹੈ ਇਸ ਇਲਾਕੇ ਵਿਚ ਸੜਕਾਂ ਦਾ ਜਾਲ ਵਿਛ ਗਿਆ ਹੈ ਅਤੇ ਪਛੜਿਆ ਹੋਇਆ ਪੁਆਧ ਅੱਜ ਕਲ੍ਹ ਹਰ ਪੱਖ ਤੋਂ ਦਿਨ ਦੂਨੀ ਤੇ ਰਾਤ ਚੌਗਣੀ ਤਰੱਕੀ ਕਰ ਰਿਹਾ ਹੈ।

ਜਿਵੇਂ ਉਪਰ ਦੱਸਿਆ ਜਾ ਚੁੱਕਾ ਹੈ ਭਾਸ਼ਾ ਅਤੇ ਉਪ-ਭਾਸ਼ਾ ਦਾ ਆਪਸ ਵਿਚ ਡੂੰਘਾ ਸਬੰਧ ਹੁੰਦਾ ਹੈ। ਕਿਸੇ ਭਾਸ਼ਾ ਨੂੰ ਉਨਤ ਕਰਨ ਲਈ ਅਤੇ ਉਸ ਨੂੰ ਸਜੀਵ ਰੱਖਣ ਲਈ ਉਸ ਦੀਆਂ ਉਪ-ਭਾਸ਼ਾਵਾਂ ਨੂੰ ਉਨਤ ਕਰਨਾ ਪੈਂਦਾ ਹੈ।

**ਪੁਆਧੀ ਦੀਆਂ ਵਿਆਕਰਣਕ ਵਿਸ਼ੇਸ਼ਤਾਈਆਂ :-**

ਉਚਾਰਣ ਤੇ ਵਿਆਕਰਣਕ ਵਿਸ਼ੇਸ਼ਤਾਈਆਂ ਹੀ ਅਜਿਹੇ ਦੋ ਸਾਧਨ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਅਸੀਂ ਭਿੰਨ ਭਿੰਨ ਉਪ-ਬੋਲੀਆਂ ਵਿਚਲੇ ਫ਼ਰਕ ਨੂੰ ਜਾਣ ਸਕਦੇ ਹਾਂ। 'ਪੁਆਧੀ' ਉਪ-ਬੋਲੀ ਉਪਰਲੀਆਂ ਦੋਹਾਂ ਵਿਸ਼ੇਸ਼ਤਾਈਆਂ ਕਰ ਕੇ ਹੀ ਮਾਝੀ, ਮਲਵਈ, ਕਾਂਗੜੀ ਤੇ ਦੁਆਬੀ ਆਦਿ ਤੋਂ ਵੱਖਰੀ ਹੈ।

ਪੁਆਧ ਦੇ ਪੂਰਬ ਵਾਲੇ ਪਾਸੇ ਕਰਨਾਲ ਤੇ ਪੂਰਬੀ-ਅੰਬਾਲੇ ਵਿਚ ਠੇਠ ਪੰਜਾਬੀ ਨਾਲੋਂ ਹਿੰਦੁਸਤਾਨੀ ਵਲ ਵਧੇਰੇ ਝੁਕਾ ਹੈ। ਹਿੰਦੁਸਤਾਨੀ ਦੇ ਇਸ ਪ੍ਰਭਾਵ ਕਰ ਕੇ ਹੀ ਦਿੱਲੀ ਵਲ ਨੂੰ ਵਧਦਿਆਂ ਬੋਲੀ ਬਾਂਗਰੂ ਜਾਂ ਹਿੰਦੀ ਦੀ ਖੜ੍ਹੀ ਬੋਲੀ ਦੇ ਨੇੜੇ ਨੂੰ

ਹੁੰਦੀ ਚਲੀ ਜਾਂਦੀ ਹੈ। ਅੰਬਾਲੇ ਦੇ ਪੂਰਬੀ ਇਲਾਕੇ ਵਿਚ ਅਤੇ ਪਟਿਆਲੇ ਦੇ ਅੰਬਾਲੇ ਨਾਲ ਲਗਦੇ ਇਲਾਕੇ ਵਿਚ ਸ਼ਬਦ 'ਵਿਚ' ਦੀ ਥਾਂ 'ਬਿਚਮਾਂ' 'ਹੁਣ' ਦੀ ਥਾਂ 'ਇਬ' 'ਸਾਨੂੰ' ਦੀ ਥਾਂ 'ਮਾਨੂੰ' (ਹਮਾਨੂੰ) 'ਸੀ' ਦੀ ਥਾਂ 'ਥਾ' 'ਝ' ਜਾਂ 'ਜ' ਦੀ ਥਾਂ 'ਸ' ਜਿਵੇਂ -'ਕੁਸ ਕੁਸ' (ਕੁਝ ਕੁਝ) 'ਵਲ' ਦੀ ਥਾਂ 'ਕੰਨੀ' ਦੀ ਵਰਤੋਂ ਇਸ ਨੂੰ ਮਲਵਈ ਆਦਿ ਨਾਲੋਂ ਨਖੇੜਦੀ ਹੈ। ਮਹਿਜ਼ ਖਰੜ ਤੇ ਰੋਪੜ ਤਹਿਸੀਲ ਦੀ ਬੋਲੀ ਹੀ ਅਜੇਹੀ ਹੈ, ਜਿਸ ਦਾ ਕਿ ਟਕਸਾਲੀ ਬੋਲੀ ਨਾਲ ਕੁਝ ਕੁਝ ਸਬੰਧ ਜਾਪਦਾ ਹੈ। ਪੂਰਬੀ ਅੰਬਾਲੇ, ਪਟਿਆਲੇ ਅਤੇ ਨਾਲਾਗੜ੍ਹ ਦੀ ਬੋਲੀ ਤਾਂ ਟਕਸਾਲੀ ਬੋਲੀ ਨਾਲੋਂ ਢੇਰ ਭਿੰਨ ਹੈ। ਇਸ ਉਤੇ ਪਛਮੀ ਹਿੰਦੀ ਦਾ ਡੂੰਘਾ ਪ੍ਰਭਾਵ ਪਿਆ ਜਾਪਦਾ ਹੈ, ਸਗੋਂ ਇਥੋਂ ਤਕ ਕਿ ਅੰਬਾਲੇ ਅਤੇ ਪਟਿਆਲੇ ਦੀ ਬੋਲੀ ਤਾਂ ਆਪਣੇ ਆਪ ਵਿਚ ਇਕ ਵੱਖਰੀ ਜਿਹੀ ਉਪ-ਬੋਲੀ ਪ੍ਰਤੀਤ ਹੁੰਦੀ ਹੈ। ਉਪ-ਬੋਲੀਆਂ ਦੀ ਸੀਮਾਂ ਨੂੰ ਕਾਇਮ ਕਰਨਾ ਅਤੀ ਕਠਨ ਕੰਮ ਹੈ, ਕਿਉਂਕਿ ਸੀਮਾਂ ਵਾਲੇ ਇਲਾਕੇ ਵਿਚ ਬੋਲੀਆਂ ਸੁਤੇ ਸਿੱਧ ਇਕ ਦੂਜੇ ਵਿਚ ਰਲਗੱਡ ਹੁੰਦੀਆਂ ਰਹਿੰਦੀਆਂ ਹਨ। ਪਛਮੀ ਪੁਆਧੀ, ਜੋ ਜ਼ਿਲ੍ਹਾ ਲੁਧਿਆਣੇ ਦੇ ਪੁਆਧੀ ਇਲਾਕੇ ਵਿਚ ਬੋਲੀ ਜਾਂਦੀ ਹੈ, ਲਗਭਗ ਟਕਸਾਲੀ ਜਿਹੀ ਹੀ ਹੈ ਅਤੇ ਇਹੀ ਬੋਲੀ ਲੁਧਿਆਣੇ ਵਾਲੇ ਮਿਸ਼ਨਰੀਆਂ ਦੀਆਂ ਗਰਾਮਰਾਂ ਅਤੇ ਤਰਜਮਿਆਂ ਦਾ ਆਧਾਰ ਰਹੀ ਹੈ। ਪੰਜਾਬ ਦੀ ਵੰਡ ਹੋ ਜਾਣ ਮਗਰੋਂ ਜਦੋਂ ਕਿ ਅੰਮ੍ਰਿਤਸਰ ਪੰਜਾਬ ਦਾ ਕੇਂਦਰ ਨਹੀਂ ਰਿਹਾ, ਲੁਧਿਆਣੇ ਨੂੰ ਕੇਂਦਰ ਮੰਨਿਆਂ ਜਾਣ ਲਗ ਪਿਆ ਹੈ ਅਤੇ ਲੁਧਿਆਣੇ ਤੇ ਫ਼ਿਰੋਜ਼ਪੁਰ ਦੀ ਜ਼ੁਬਾਨ ਨੂੰ ਵੀ ਟਕਸਾਲੀ ਜ਼ੁਬਾਨ ਹੀ ਮੰਨਿਆਂ ਜਾਣਾ ਚਾਹੀਦਾ ਹੈ।

**ਪੁਆਧੀ ਦੇ ਮੋਟੇ ਮੋਟੇ ਵਿਆਕਰਣਕ ਭੇਦ ਅਸੀਂ ਹੇਠਾਂ ਦਿੰਦੇ ਹਾਂ :-**

ਸਟੈਂਡਰਡ ਪੰਜਾਬੀ ਵਿਚ ਜਿਥੇ 'ਵ' ਦੀ ਵਰਤੋਂ ਵਧੇਰੇ ਹੈ, ਓਥੇ ਪੁਆਧੀ ਵਿਚ 'ਵ' ਦੀ ਥਾਂ 'ਮ' ਆਮ ਵਰਤਿਆ ਜਾਂਦਾ ਹੈ : ਜਿਵੇਂ : 'ਖਾਵਾਂਗਾ' ਦੀ ਥਾਂ 'ਖਾਮਾਂਗਾ', 'ਜਾਵਾਂਗਾ' ਦੀ ਥਾਂ 'ਜਾਮਾਂਗਾ' ਅਤੇ 'ਪੀਵਾਂਗਾ' ਦੀ ਥਾਂ 'ਪੀਮਾਂਗਾ' ਆਦਿ। ਇਹ 'ਵ' ਦੀ ਥਾਂ 'ਮ' ਦੀ ਵਰਤੋਂ ਇਸ ਕਰ ਕੇ ਹੁੰਦੀ ਹੈ ਕਿ 'ਵ' ਦੋ ਸਵਰ ਅੱਖਰਾਂ ਦੇ ਵਿਚਕਾਰ ਆ ਜਾਂਦਾ ਹੈ। ਇਸ ਤੋਂ ਛੁਟ ਬਹੁਵਚਨ ਮਧਮ ਪੁਰਸ਼ ਭਵਿਖਤ ਕਾਲ ਵਿਚ 'ਜਾਵੋਂਗੇ' ਦੀ ਥਾਂ 'ਜਾਮੇਗਿਉਂ', 'ਖਾਵੋਂਗੇ' ਦੀ ਥਾਂ 'ਖਾਮੇਗਿਉਂ' ਅਤੇ 'ਬੁਲਾਉਂਗੇ' ਦੀ ਥਾਂ 'ਬੁਲਾਮੇਗਿਉਂ' ਵਰਤਿਆ ਜਾਂਦਾ ਹੈ।

ਉਚਾਰਣ ਭੇਦ ਦੇ ਨੁਕਤਾ ਨਜ਼ਰ ਤੋਂ ਅਧਿਐਨ ਕੀਤਿਆਂ ਅਸੀਂ ਵੇਖਦੇ ਹਾਂ ਕਿ ਜਿਥੇ ਸਟੈਂਡਰਡ ਪੰਜਾਬੀ ਵਿਚ 'ਵ' ਦੀ ਆਵਾਜ਼ ਨੂੰ ਆਮ ਵਰਤੋਂ ਵਿਚ ਲਿਆ ਜਾਂਦਾ ਹੈ, ਓਥੇ ਪੁਆਧੀ ਜ਼ਬਾਨ ਵਿਚ 'ਵ' ਦੀ ਥਾਂ 'ਬ' ਦੀ ਧੁਨੀ ਨੂੰ ਵਧੇਰੇ ਚਾਹ ਨਾਲ ਵਰਤਿਆ ਜਾਂਦਾ ਹੈ : ਜਿਵੇਂ -'ਵੇਚਣਾ' ਦੀ 'ਬੇਚਣਾ', 'ਵਿਆਹ' ਦੀ ਥਾਂ 'ਬਿਆਹ', 'ਵਰਗਾ' ਦੀ ਥਾਂ 'ਬਰਗਾ', 'ਵਰਦੀ' ਦੀ ਥਾਂ 'ਬਰਦੀ' ਅਤੇ 'ਵਿਸਰਾਮ' ਦੀ ਥਾਂ 'ਬਿਸਰਾਮ' ਆਦਿ।

ਪੁਆਧੀ ਵਿਚ ਟਕਸਾਲੀ ਪੰਜਾਬੀ ਦੇ 'ਆਖਣਾ' ਦੀ ਥਾਂ 'ਕਹਿਣਾ' ਦੀ ਆਮ ਵਰਤੋਂ ਕੀਤੀ ਜਾਂਦੀ ਹੈ। ਪੁਆਧੀ ਦੇ ਨਾਲ ਲਗਦੇ ਮਾਲਵੇ ਦੇ ਇਲਾਕੇ ਵਿਚ ਵੀ ਸ਼ਾਇਦ ਪੁਆਧੀ ਦੇ ਹੀ ਅਸਰ ਕਰ ਕੇ 'ਕਹਿਣਾ' ਦੀ ਵਰਤੋਂ 'ਆਖਣਾ' ਜਿੰਨੀ ਹੀ ਹੈ।

ਮਲਵਈ ਉਪ-ਬੋਲੀ ਵਿਚ ਸਟੈਂਡਰਡ ਪੰਜਾਬੀ ਦੇ ਸ਼ਬਦ 'ਅਸਾਨੂੰ' ਦਾ 'ਅ' ਡਿਗ ਕੇ 'ਸਾਨੂੰ' ਹੀ ਰਹਿ ਜਾਂਦਾ ਹੈ, ਪਰ ਪੁਆਧੀ ਵਿਚ 'ਅਸਾਨੂੰ' ਦੀ ਥਾਂ 'ਹਮਾਨੂੰ' ਅਤੇ 'ਤੁਹਾਨੂੰ' ਦੀ ਥਾਂ 'ਥੁਹਾਨੂੰ' ਜਾਂ 'ਤੁਹਾਨੂੰ' ਦੀ ਵਰਤੋਂ ਆਮ ਹੁੰਦੀ ਹੈ।

ਟਕਸਾਲੀ ਪੰਜਾਬੀ ਦਾ ਭੂਤਕਾਲ ਬੋਧਕ 'ਸੀ' ਪੁਆਧੀ ਵਿਚ 'ਥਾ' ਕਰ ਕੇ ਵਰਤਿਆ ਜਾਂਦਾ ਹੈ, ਇਹ 'ਥਾ' ਹਿੰਦੁਸਤਾਨੀ ਦੇ ਵਧੇਰੇ ਨੇੜੇ ਹੈ ਤੇ ਪੱਛਮੀ ਹਿੰਦੀ ਦੇ ਅਸਰ ਹੇਠ ਵਰਤਿਆ ਜਾਂਦਾ ਹੈ। ਜਿਉਂ ਜਿਉਂ ਅਸੀਂ ਅੰਬਾਲੇ ਵਲੋਂ ਲੁਧਿਆਣੇ ਵਲ ਨੂੰ ਜਾਈਏ, ਤਾਂ ਹਿੰਦੁਸਤਾਨੀ ਦਾ ਅਸਰ ਘਟਦਾ ਤੁਰਿਆ ਜਾਂਦਾ ਹੈ। ਲੁਧਿਆਣੇ ਦੇ ਲਾਗੇ ਚਾਗੇ ਦੇ ਇਲਾਕੇ ਵਿਚੋਂ ਇਹੋ ਪੁਆਧੀ ਦਾ 'ਥਾ' 'ਤੀ' ਬਣ ਕੇ ਰਹਿ ਜਾਂਦਾ ਹੈ, ਜਿਵੇਂ- 'ਗਿਆ ਥਾ' ਦੀ ਥਾਂ 'ਗਿਆ ਤੀ'। ਸਮਰਾਲੇ, ਖੰਨੇ ਤੇ ਜਰਗ ਪਾਇਲ ਦੇ ਆਲੇ ਦੁਆਲੇ ਦੇ ਇਲਾਕੇ ਵਿਚ ਇਸ'ਤੀ' ਦੀ ਥਾਂ 'ਤਾ' ਦਾ ਇਸਤੇਮਾਲ ਹੁੰਦਾ ਹੈ : ਜਿਵੇਂ -'ਗਿਆ ਤੀ' ਦੀ ਥਾਂ 'ਗਿਆ ਤਾ' ਪਰ ਗਰੀਅਰਸਨ ਅਨੁਸਾਰ ਮਾਝੀ ਮਾਲਵੀ ਅਸਰ ਹੇਠ ਕਿਤੇ ਕਿਤੇ 'ਸੀ' ਵੀ ਬੋਲਿਆ ਜਾਂਦਾ ਹੈ।

ਟਕਸਾਲੀ ਜ਼ੁਬਾਨ ਦੇ ਔਂਕੜ ਨੂੰ ਦੁਲੈਂਕੜ ਵਿਚ ਬਦਲ ਦੇਣਾ ਨਾਲਾਗੜ੍ਹ ਤੇ ਲਾਲੜੂ ਦੇ ਇਲਾਕੇ ਵਿਚ ਆਮ ਸੁਭਾ ਹੈ ਜਿਵੇਂ - 'ਉਹਦੇ' ਦੀ ਥਾਂ 'ਊਹਦੇ' ਤੇ 'ਉਹ ਨੂੰ' ਦੀ 'ਊਹ ਨੂੰ'। ਸਟੈਂਡਰਡ ਬੋਲੀ ਦੇ 'ਤਦੋਂ' ਤੇ 'ਓਦੋਂ' ਦੀ ਥਾਂ ਪੁਆਧੀ ਵਿਚ 'ਜਦ' ਜਾਂ 'ਜਦੇ' ਬੋਲਿਆ ਜਾਂਦਾ ਹੈ।

ਉਚਾਰਣ ਭੇਦ ਕਰ ਕੇ ਪੁਆਧੀ ਵਿਚ 'ਬਲਦ' ਦੀ ਥਾਂ 'ਬੌਲਦ' ਬੋਲਦੇ ਹਨ ਅਤੇ 'ਵੇਖਣਾ' ਨੂੰ 'ਦੇਖਣਾ' ਬੋਲਿਆ ਜਾਂਦਾ ਹੈ। ਟਕਸਾਲੀ ਬੋਲੀ ਦੇ 'ਨਾਲੋ ਨਾਲ' ਦੀ ਥਾਂ ਪੁਆਧੀ ਵਿਚ 'ਗੈਲ ਗੈਲ' ਆਮ ਵਰਤਿਆ ਜਾਂਦਾ ਹੈ ਅਤੇ ਇਸ ਸ਼ਬਦ ਦੀ ਵਰਤੋਂ ਤੋਂ ਅਸੀਂ ਝਟ ਸਮਝ ਜਾਂਦੇ ਹਾਂ ਕਿ ਇਹ ਬੋਲਣ ਵਾਲਾ ਪੁਆਧੀ ਹੈ। ਪੁਆਧ ਵਿਚ ਆਪਣੀ ਕਿਸਮ ਦੀ ਇਕ ਖਾਸ ਦੁਰਅਸੀਸ ਹੈ ਜੋ ਮਹਿਜ਼ ਬਲਦਾਂ ਲਈ ਵਰਤੀ ਜਾਂਦੀ ਹੈ ਅਤੇ ਹੋਰ ਕਿਧਰੇ ਉਸ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ, ਉਹ ਦੁਰਅਸੀਸ ਹੈ 'ਮੰਨਿਓ' ਪਵੇ। ਇਸ ਤੋਂ ਛੁਟ 'ਹੁਣ' ਦੀ ਥਾਂ 'ਇਬ' ਦੀ ਵਰਤੋਂ ਆਮ ਹੈ ਅਤੇ 'ਕਿ' ਦੀ ਥਾਂ 'ਬਈ' ਵਰਤਿਆ ਜਾਂਦਾ ਹੈ।

---

*(ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵੱਲੋਂ ਪ੍ਰਕਾਸ਼ਿਤ 'ਪੁਆਧੀ ਸ਼ਬਦ ਕੋਸ਼ - 1960' ਚੋਂ ਧੰਨਵਾਦ ਸਹਿਤ)*

# ਪੁਆਧ ਦਾ ਭੂਗੋਲ ਅਤੇ ਇਸ ਦੀ ਵਿਲੱਖਣਤਾ

*ਜਸਵਿੰਦਰ ਸਿੰਘ ਕਾਈਨੌਰ*

ਭਾਰਤ ਦੇਸ਼ ਦੇ ਕੁਲ 28 ਰਾਜਾਂ ਵਿਚੋਂ ਪੰਜਾਬ ਇੱਕ ਮੰਨਿਆ-ਪ੍ਰਮੰਨਿਆ ਰਾਜ ਹੈ । ਭੂਗੋਲਿਕ ਨਕਸ਼ੇ ਮੁਤਾਬਿਕ ਪੰਜਾਬ ਰਾਜ ਨਕਸ਼ੇ ਦੀ ਅਕਸ਼ਾਂਸ (Latitude) ਰੇਖਾ ਦੀ 28 ਡਿਗਰੀ ਅਤੇ ਰੇਖਾਂਸ਼ (Longitude) ਰੇਖਾ ਦੀ 72 ਡਿਗਰੀ 'ਤੇ ਪੈਂਦਾ ਹੈ । ਮੌਜੂਦਾ ਪੰਜਾਬ ਨੂੰ ਰਿਗ ਵੈਦਿਕ ਸਮੇਂ 'ਚ ਸਪਤ ਸਿੰਧੂ ਭਾਵ ਸੱਤ ਦਰਿਆਵਾਂ (ਸਿੰਧ, ਜਿਹਲਮ, ਝਨਾਬ, ਰਾਵੀ, ਬਿਆਸ, ਸਤਲੁਜ ਅਤੇ ਸਰਸਵਤੀ) ਦੀ ਧਰਤੀ ਆਖਿਆ ਜਾਂਦਾ ਰਿਹਾ ਹੈ । ਪੂਰਨ ਪੰਜਾਬ ਵੇਲੇ ਪੰਜ ਦਰਿਆ (ਸਤਲੁਜ, ਬਿਆਸ, ਰਾਵੀ, ਝਨਾਬ ਅਤੇ ਜਿਹਲਮ) ਇਸ ਦੇ ਖੇਤਰ ਵਿਚ ਪੈਂਦੇ ਸਨ । ਇਸੇ ਲਈ ਇਸ ਦਾ ਨਾਂ ਪੰਜ ਦਰਿਆਵਾਂ ਦੀ ਧਰਤੀ ਭਾਵ ਪੰਜਾਬ ਪਿਆ ।

ਇਥੋਂ ਦੇ ਇਲਾਕਿਆਂ ਦੀ ਭੂਗੋਲਿਕ ਬਣਤਰ, ਲੋਕ-ਬੋਲੀ ਅਤੇ ਰਸਮੋ-ਰਿਵਾਜ ਆਦਿ ਵੱਖੋ-ਵੱਖ ਹੋਣ ਕਰਕੇ ਇਸ ਨੂੰ ਮੁੱਖ ਚਾਰ ਖੇਤਰਾਂ ਵਿਚ ਵੰਡਿਆ ਗਿਆ ਹੈ । ਇਹ ਚਾਰ ਖੇਤਰ ਹਨ - ਮਾਝਾ, ਮਾਲਵਾ, ਦੁਆਬਾ ਅਤੇ ਪੁਆਧ । ਦਰਿਆਵਾਂ ਦੀ ਹੋਂਦ ਨੇ ਵੀ ਪੰਜਾਬ ਦੇ ਭੂਗੋਲਿਕ ਖੇਤਰ ਅਤੇ ਪੰਜਾਬੀ ਸਭਿਆਚਾਰ ਜੀਵਨ ਨੂੰ ਕਈ ਭਾਗਾਂ ਵਿਚ ਵੰਡਣ ਲਈ ਅਹਿਮ ਭੂਮਿਕਾ ਨਿਭਾਈ । ਦਰਿਆ ਬਿਆਸ ਤੋਂ ਉਪਰਲਾ ਇਲਾਕਾ ਮਾਝਾ, ਬਿਆਸ ਅਤੇ ਸਤਲੁਜ ਵਿਚਕਾਰਲਾ ਦੁਆਬਾ, ਸਤਲੁਜ ਤੋਂ ਦੱਖਣ ਵੱਲ ਦਾ ਇਲਾਕਾ ਮਾਲਵਾ, ਚੜ੍ਹਦੀ ਵੱਲ ਪੈਂਦੇ ਜ਼ਿਲ੍ਹਾ ਰੋਪੜ ਦਾ ਤਕਰੀਬਨ ਸਾਰਾ ਇਲਾਕਾ ਘੱਗਰ ਦਰਿਆ ਤੋਂ ਉੱਤਰ ਪੂਰਬੀ ਭਾਗ ਅਤੇ ਨਾਲ ਲੱਗਦੇ ਜ਼ਿਲ੍ਹੇ ਲੁਧਿਆਣਾ, ਪਟਿਆਲਾ ਅਤੇ ਅੰਬਾਲਾ (ਹਰਿਆਣਾ) ਦੇ ਕੁਝ ਇਲਾਕੇ ਨੂੰ ਪੁਆਧ ਦਾ ਦਰਜਾ ਭਾਵ ਨਾਂ ਦਿੱਤਾ ਗਿਆ। ਥੋੜ੍ਹੇ ਜਿਹੇ ਸ਼ਬਦਾਂ ਵਿਚ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਸਤਲੁਜ ਅਤੇ ਘੱਗਰ ਦਰਿਆਵਾਂ ਦੇ ਵਿਚਕਾਰਲੇ ਹਿੱਸੇ ਨੂੰ ਪੁਆਧੀ ਖੇਤਰ ਕਹਿੰਦੇ ਹਨ । ਤਿੰਨ ਜ਼ਿਲ੍ਹਿਆਂ (ਲੁਧਿਆਣਾ, ਪਟਿਆਲਾ ਅਤੇ ਰੋਪੜ) ਵਿਚੋਂ ਕੁਝ ਹਿੱਸੇ ਕੱਢਕੇ ਨਵੇਂ ਬਣਾਏ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦਾ ਕੁਝ ਹਿੱਸਾ ਅੱਜ ਵੀ ਪੁਆਧੀ ਖੇਤਰ ਅੰਦਰ ਆਉਂਦਾ ਹੈ ।

'ਪੁਆਧ' ਸ਼ਬਦ ਦੀ ਹੋਂਦ ਬਾਰੇ ਵੱਖੋ-ਵੱਖ ਲੇਖਕ/ਵਿਦਵਾਨਾਂ ਨੇ ਆਪਣੀਆਂ ਰਾਵਾਂ ਵੱਖੋ-ਵੱਖ ਦਿੱਤੀਆਂ ਹਨ । ਜਿਨ੍ਹਾਂ ਬਾਰੇ ਇਥੇ ਬਹਿਸ/ਟਿੱਪਣੀ ਕਰਨ ਨਾਲ ਇਸ ਨੂੰ ਇਥੇ ਬੇਲੋੜੀ ਵਿਸਥਾਰ ਕਿਹਾ ਜਾ ਸਕਦਾ ਹੈ । ਲੇਖ ਦੇ ਦਾਇਰੇ ਅੰਦਰ ਹੀ

ਰਹਿ ਕੇ ਗੱਲ ਕੀਤੀ ਜਾ ਰਹੀ ਹੈ ਕਿ ਇਸ ਖੇਤਰ ਦੀ ਅੱਲ੍ਹ ਜਾਂ ਸ਼ਬਦ 'ਪੁਆਧ', ਸੰਸਕ੍ਰਿਤ ਦੇ ਸ਼ਬਦ 'ਪੂਰਵ-ਅਰਧ' ਤੋਂ ਬਣਿਆ ਹੈ । ਜਿਸਦਾ ਭਾਵ ਇਹ ਲਿਆ ਗਿਆ ਹੈ ਕਿ ਪੰਜਾਬ ਦੇ ਪੂਰਬ ਵਾਲੇ ਪਾਸੇ ਦੇ ਹਿੱਸੇ ਦਾ ਅੱਧਾ ਭਾਗ ।

ਪੁਆਧੀ ਖੇਤਰ ਨੂੰ ਅੱਗੇ ਆਮ ਤੌਰ 'ਤੇ ਤਿੰਨ ਉਪ ਇਲਾਕਿਆਂ ਵਿਚ ਵੰਡਿਆ ਗਿਆ ਹੈ । ਇਨ੍ਹਾਂ ਇਲਾਕਿਆਂ ਦੇ ਨਾਂ ਹਨ : ਘੱਗਰ ਦਾ ਇਲਾਕਾ, ਘਾੜ ਜਾਂ ਘਾਟ ਦਾ ਇਲਾਕਾ ਅਤੇ ਮੈਦਾਨੀ ਇਲਾਕਾ । ਘੱਗਰ ਦੇ ਇਲਾਕੇ ਵਿੱਚ ਮੁੱਖ ਤੌਰ 'ਤੇ ਡੇਰਾ ਬੱਸੀ, ਲਾਲੜੂ, ਦੱਪਰ, ਜ਼ੀਰਕਪੁਰ ਅਤੇ ਕੁਝ ਕੁ ਬਨੂੜ ਵੱਲ ਦਾ ਇਲਾਕਾ । ਘਾੜ ਦੇ ਇਲਾਕੇ ਵਿਚ ਮੋਟੇ ਤੌਰ 'ਤੇ ਰੰਗੀਲਪੁਰ ਤੋਂ ਲੈ ਕੇ ਮੀਆਂ ਪੁਰ, ਪੁਰਖਾਲੀ, ਖਿਜ਼ਰਾਬਾਦ, ਟਿੱਬਾ ਟੱਪਰੀਆਂ, ਮੁੱਲਾਂ ਪੁਰ, ਧਨਾਸ, ਖੁੱਡਾ ਅਲੀਸ਼ੇਰ ਅਤੇ ਨਵਾਂ ਗਰਾਉਂ ਆਦਿ ਦਾ ਇਲਾਕਾ ਇਸ ਦੇ ਅਧੀਨ ਆਉਂਦੇ ਹਨ । ਘਾੜ ਜਾਂ ਘਾਟ ਤੋਂ ਭਾਵ ਹੈ, ਜਿਸ ਇਲਾਕੇ 'ਚ ਪਾਣੀ ਦੀ ਘਾਟ ਹੋਵੇ ਅਤੇ ਸਿੰਜਾਈ ਤੋਂ ਵਾਂਝੀ ਹੋਵੇ । ਮੈਦਾਨੀ ਇਲਾਕੇ ਦੇ ਅਧੀਨ ਕੁਰਾਲੀ ਤੋਂ ਕਕਰਾਲੀ, ਪਪਰਾਲੀ, ਧਨੌਰੀ, ਬੂਰਮਾਜਰਾ, ਸਲੇਮਪੁਰ, ਲੁਠੇੜੀ, ਉੱਚਾ ਪਿੰਡ, ਡੂਮਛੇੜੀ, ਰਤਨਗੜ੍ਹ, ਗੜਾਂਗਾਂ ਅਤੇ ਖਰੜ ਦੇ ਵਿਚਕਾਰਲਾ ਹਿੱਸਾ ਆਉਂਦਾ ਹੈ ।

ਪੁਆਧੀ ਇਲਕੇ ਦੀ ਹੱਦ ਦੇ ਨਾਲ ਨਾਲ ਪੁਆਧੀ ਭਾਸ਼ਾ ਦੀ ਵੱਖਰੀ ਹੱਦ ਸਾਹਮਣੇ ਆਈ । ਪੁਆਧੀ ਬੋਲੀ 'ਚ ਜਨਮੇ ਅਤੇ ਪ੍ਰਚੱਲਿਤ ਹੋਏ ਸ਼ਬਦ ਐਕਣਾ, ਉੱਕਣਾ, ਜਿੱਕਣਾ (ਇਸਤਰ੍ਹਾਂ, ਉਸਤਰ੍ਹਾਂ, ਜਿਸਤਰ੍ਹਾਂ), ਗੈਲ-ਗੈਲ (ਨਾਲ-ਨਾਲ), ਕਿਆ (ਕੀ), ਆਊਂਗਾ, ਜਾਊਂਗਾ (ਆਵਾਂਗਾ, ਜਾਵਾਂਗਾ) ਆਦਿ ਦੀ ਇੱਥੇ ਮਿਸਾਲ ਦਿਤੀ ਜਾ ਸਕਦੀ ਹੈ । ਭਾਵੇਂ ਕਿ ਸਾਰੇ ਪੁਆਧੀ ਇਲਾਕੇ 'ਚ ਬੋਲੀ ਜਾਂਦੀ ਭਾਸ਼ਾ ਨੂੰ ਪੁਆਧੀ ਭਾਸ਼ਾ ਕਿਹਾ ਜਾਂਦਾ ਹੈ ਲੇਕਿਨ ਫਿਰ ਵੀ ਇਸ ਨੂੰ ਅੱਗੇ ਮੁੱਖ ਦੋ ਉਪ-ਭਾਗਾਂ ਵਿਚ ਵੰਡਿਆ ਗਿਆ ਹੈ । ਇਹ ਦੋ ਉਪ ਭਾਸ਼ਾਈ ਖੇਤਰ ਹਨ : ਉੱਤਰੀ ਪੁਆਧੀ ਅਤੇ ਪੱਛਮੀ ਪੁਆਧੀ ਕਿਉਂਕਿ ਭੂਗੋਲਿਕ ਖੇਤਰ ਦੇ ਨਾਲ-ਨਾਲ ਬੋਲੀ ਦਾ ਵੀ ਰਹਿਤਲ ਉਪਰ ਕਾਫ਼ੀ ਅਸਰ ਰਿਹਾ ਹੈ । ਪੰਜਾਬ ਦੇ ਬਾਕੀ ਤਿੰਨੇ ਇਲਾਕਿਆਂ ਵਾਂਗ ਪੁਆਧੀ ਇਲਾਕੇ ਦੀ ਬੋਲੀ ਵੀ ਹਰ 10-15 ਕੋਹਾਂ 'ਤੇ ਬਦਲ ਜਾਂਦੀ ਹੈ । ਪੱਛਮੀ ਪੁਆਧੀ ਵਾਲੇ ਇਲਾਕੇ (ਚੰਡੀਗੜ੍ਹ, ਮੁਹਾਲੀ, ਖਰੜ, ਰੋਪੜ, ਚਮਕੌਰ ਸਾਹਿਬ ਅਤੇ ਬੇਲਾ ਆਦਿ) ਵਿਚ ਜਿੱਥੇ ਲੜਕੇ ਲੜਕੀ ਨੂੰ ਮੁੰਡਾ ਕੁੜੀ ਬੋਲਿਆ ਜਾਂਦਾ ਹੈ । ਪੁਆਧੀ ਇਲਾਕੇ ਦੀ ਬੋਲੀ ਉੱਪਰ ਬਾਂਗਰ, ਦੁਆਬੀ, ਮਲਵਈ, ਡੋਗਰੀ, ਪਹਾੜੀ ਅਤੇ ਹਿੰਦੀ ਭਾਸ਼ਾ ਦਾ ਅਸਰ ਵੀ ਦੇਖਣ ਨੂੰ ਮਿਲਦਾ ਹੈ । ਪੁਰਾਤਨ ਸਮੇਂ ਵਿੱਚ ਆਵਾਜਾਈ ਦੇ ਸਾਧਨਾਂ ਦੀ ਘਾਟ ਕਰਕੇ ਇਨ੍ਹਾਂ ਇਲਾਕਿਆਂ ਦੇ ਸਭਿਆਚਾਰਕ ਜੀਵਨ, ਰਸਮ-ਰਿਵਾਜ ਅਤੇ ਬੋਲੀ ਆਦਿ ਵਿਚ ਕਈ ਅੰਤਰ ਹਨ । ਅੱਜ ਭਾਵੇਂ ਆਵਾਜਾਈ ਦੇ ਸਾਧਨ ਜ਼ਿਆਦਾ ਹੋ ਗਏ ਹਨ । ਲੇਕਿਨ ਉਪਰੋਕਤ ਗੱਲਾਂ ਵਿਚ ਅੰਤਰਾਲ ਅਜੇ ਵੀ ਚਲਿਆ ਆ ਰਿਹਾ ਹੈ ।

ਭੂਗੋਲਿਕ ਸਥਿਤੀ ਅਨੁਸਾਰ ਬਾਕੀ ਇਲਾਕਿਆਂ ਮੁਤਾਬਿਕ ਪੁਆਧ ਦੇ ਇਲਾਕੇ ਵਿਚ ਵੀ ਆਮ ਤੌਰ ਤੇ ਛੇ ਰੁੱਤਾਂ ਦੀ ਬਜਾਏ ਚਾਰ ਰੁੱਤਾਂ ਪੱਤਝੜ, ਗਰਮੀ, ਸਰਦੀ ਅਤੇ ਬਰਸਾਤ ਹੀ ਮੰਨੀਆਂ ਜਾਂਦੀਆਂ ਹਨ । ਇਥੋਂ ਦੇ ਮਰਦ ਲੋਕਾਂ ਦਾ ਪਹਿਰਾਵਾ ਕਮੀਜ਼-ਪਜਾਮਾ ਅਤੇ ਔਰਤ ਦਾ ਪਹਿਰਾਵਾ ਕਮੀਜ਼, ਸਲਵਾਰ ਅਤੇ ਦੁਪੱਟਾ ਹਨ । ਸਮੇਂ ਦੇ ਬਦਲਾਓ ਅਨੁਸਾਰ ਹੁਣ ਇਥੋਂ ਦਾ ਪਹਿਰਾਵੇ ਵਿਚ ਵੀ ਪੱਛਮੀ ਮੁਲਕਾਂ ਦੇ ਪਹਿਰਾਵੇ ਦਾ ਪ੍ਰਛਾਵਾਂ ਪਿੰਡਾਂ ਨਾਲੋਂ ਵੱਧ ਸ਼ਹਿਰੀ ਵਰਗ ਵਿਚ ਪੈਣ ਲੱਗ ਪਿਆ ਹੈ । ਮਾਝੇ, ਮਾਲਵੇ ਅਤੇ ਦੁਆਬੇ ਦੇ ਲੋਕਾਂ ਦੀ ਬੋਲੀ ਦੇ ਮੁਕਾਬਲੇ ਪੁਆਧ ਦੇ ਲੋਕਾਂ ਦੀ ਬੋਲੀ ਸਾਧਾਰਨ ਅਤੇ ਮਿੱਠ-ਬੋਲੀ ਹੈ ।

ਇਥੋਂ ਦੇ ਕਿਸਾਨਾਂ ਦੀ ਮੁੱਖ ਫ਼ਸਲ ਕਣਕ, ਗੰਨਾ, ਮੱਕੀ ਅਤੇ ਚਾਵਲ ਦੇ ਨਾਲ-ਨਾਲ ਮਸਰੀ, ਛੋਲੇ ਆਦਿ ਹਨ । ਮੋਰਿੰਡਾ ਇਲਾਕੇ ਦੀ ਜ਼ਮੀਨ 'ਚੋਂ ਪੈਦਾ ਹੋਏ ਇੱਖ (ਕਮਾਦ) ਦੀ ਐਨੀ ਅਹਿਮੀਅਤ ਹੈ ਕਿ ਇਸ ਇੱਖ ਤੋਂ ਬਣੇ ਗੁੜ ਨੂੰ ਇਕ ਵਾਰੀ ਖਾ ਲੈਣ ਤੋਂ ਬਾਅਦ ਇਸੇ ਇਲਾਕੇ ਦੇ ਗੁੜ ਨੂੰ ਪਹਿਲ ਦਿੱਤੀ ਜਾਂਦੀ ਹੈ । ਮੈਦਾਨੀ ਇਲਾਕੇ ਦੀਆਂ ਫ਼ਸਲਾਂ ਦੀ ਸਿੰਜਾਈ ਲਈ ਬਿਜਲਈ ਅਤੇ ਇੰਜਣ ਮੋਟਰਾਂ ਦਾ ਪ੍ਰਬੰਧ ਹੈ ਜਦੋਂ ਕਿ ਪਹਾੜੀ ਇਲਾਕੇ ਦੀਆਂ ਫ਼ਸਲਾਂ ਨਹਿਰੀ ਅਤੇ ਬਰਸਾਤੀ ਪਾਣੀ ਉਤੇ ਨਿਰਭਰ ਹਨ । ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਉਤੇ ਬਣੇ ਸੜਕ-ਮਾਰਗ ਦੀ ਸ਼ੁਰੂਆਤ ਵੀ ਪੁਆਧ ਦੇ ਇਸੇ ਇਲਾਕੇ ਆਨੰਦਪੁਰ ਸਾਹਿਬ ਤੋਂ ਸ਼ੁਰੂ ਹੁੰਦੀ ਹੈ । ਪੂਰੇ ਪੰਜਾਬ ਨੂੰ ਭਾਵੇਂ ਖੁਸ਼ਹਾਲ ਮੰਨਿਆ ਗਿਆ ਹੈ ਲੇਕਿਨ ਇਸ ਦੇ ਬਾਕੀ ਇਲਾਕਿਆਂ ਦੇ ਮੁਕਾਬਲੇ ਪੁਆਧੀ ਇਲਾਕਾ ਥੋੜ੍ਹਾ ਪਛੜਿਆ ਰਿਹਾ ਹੈ ਕਿਉਂਕਿ ਇਸ ਦਾ ਲਗਭਗ ਅੱਧਾ ਕੁ ਹਿੱਸਾ ਪਹਾੜੀ ਹੈ । ਇਥੋਂ ਦੇ ਪਹਾੜੀ ਖੇਤਰ ਦੀ ਜ਼ਮੀਨ ਬੰਜ਼ਰ ਅਤੇ ਉੱਚੀ ਨੀਵੀਂ ਹੋਣ ਕਰਕੇ ਪੁਆਧ ਦਾ ਇਹ ਖਿੱਤਾ ਆਰਥਕ ਪੱਖੋਂ ਪਿੱਛੇ ਰਿਹਾ ਹੈ । ਰੋਪੜ ਤੋਂ ਨੰਗਲ ਪਾਸੇ ਦੀ ਜ਼ਮੀਨ ਬੰਜ਼ਰ ਹੋਣ ਕਰਕੇ ਇਥੋਂ ਦੇ ਲੋਕਾਂ ਨੂੰ ਉਸ ਜ਼ਮੀਨ ਨੂੰ ਵਾਹੀ ਯੋਗ ਬਣਾਉਣ ਲਈ ਬਹੁਤ ਹੱਡ ਭੰਨਵੀਂ ਮਿਹਨਤ ਕਰਨੀ ਪਈ । ਸਤਲੁਜ ਦਰਿਆ ਦੀ ਦਿਸ਼ਾ ਬਦਲਣ ਕਰਕੇ ਵੀ ਲੋਕਾਂ ਨੂੰ ਹੋਰ ਮਿਹਨਤੀ ਬਣਨਾ ਪਿਆ।

ਬਲਦ ਗੱਡੀਆਂ ਦਾ ਰਿਵਾਜ ਇਸ ਇਲਾਕੇ 'ਚ ਕਾਫ਼ੀ ਰਿਹਾ ਹੈ । ਇਸੇ ਕਰਕੇ ਰੋਪੜ ਸ਼ਹਿਰ ਵਿਚ ਲੱਗਦੀ ਬਲਦ ਮੰਡੀ ਪੰਜਾਬ ਵਿਚ ਹੀ ਨਹੀਂ ਸਗੋਂ ਦੂਜੇ ਰਾਜਾਂ ਵਿਚ ਵੀ ਆਪਣਾ ਸਥਾਨ ਕਾਇਮ ਕਰ ਚੁੱਕੀ ਹੈ । ਰੋਪੜ ਸ਼ਹਿਰ ਵਿਚ ਬਣਨ ਵਾਲੇ ਜਿੰਦੇ (ਤਾਲੇ) ਰੋਪੜੀ ਤਾਲੇ ਨਾਂ ਨਾਲ ਮਸ਼ਹੂਰ ਹਨ । ਕਿਸੇ ਸਮੇਂ 'ਚ ਖਰੜ ਵਿਚ ਬਣਦੇ ਰੱਥਾਂ ਦੇ ਪਹੀਏ ਤੇ ਲੱਕੜ ਦੇ ਗੱਡੇ ਬਹੁਤ ਮਸ਼ਹੂਰ ਹੁੰਦੇ ਸਨ । ਰਸੀਲੇ ਅੰਬਾਂ ਦੀ ਪੈਦਾਵਰ ਦੇਣ ਵਾਲਾ ਇਲਾਕਾ ਮੋਰਿੰਡਾ, ਬਾਗਾਂ ਵਾਲੇ ਨਾਂ ਨਾਲ ਬਹੁਤ ਮਸ਼ਹੂਰ ਰਹਿ ਚੁੱਕਿਆ ਹੈ । ਅਜੋਕੇ ਸਮੇਂ 'ਚ ਵੀ ਇਥੋਂ ਦੇ ਪੇਂਡੂ ਸਥਾਨਕ ਪ੍ਰਾਣੀਆਂ ਵਲੋਂ ਅੱਜ ਵੀ ਇਸ ਨੂੰ ਬਾਗਾਂ ਵਾਲਾ ਕਹਿ ਕੇ ਪੁਕਾਰਿਆ ਜਾਂਦਾ ਹੈ ।

ਪੰਜਾਬ ਦੇ ਬਾਕੀ ਖੇਤਰਾਂ ਦੇ ਮੁਕਾਬਲੇ ਜੋ ਉਪਾਧੀ ਇਸ ਪੁਆਧੀ ਇਲਾਕੇ ਨੂੰ ਹੈ ਸ਼ਾਇਦ ਹੋਰਨਾਂ ਨੂੰ ਨਹੀਂ ਕਿਉਂਕਿ ਸੱਭ ਨਾਲੋਂ ਜ਼ਿਆਦਾ ਕੇਵਲ ਇਸ ਇਲਾਕੇ ਨੂੰ ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਚਰਨ ਛੋਹ ਪ੍ਰਾਪਤ ਹੈ । ਇਸੇ ਲਈ ਧਾਰਮਿਕ ਅਸਥਾਨ (ਗੁਰਦਵਾਰੇ) ਪੁਆਧ ਦੇ ਇਲਾਕੇ ਵਿਚ ਜ਼ਿਆਦਾ ਹੋਣ ਕਰਕੇ ਇਥੋਂ ਦੇ ਲੋਕਾਂ ਦੀ ਮਨੋਬ੍ਰਿਰਤੀ ਧਾਰਮਿਕ ਹੈ ਅਤੇ ਦਾਨੀ ਵੀ। ਧਾਰਮਿਕ ਇਤਿਹਾਸ ਨਾਲ ਸਬੰਧਿਤ ਤਵਾਰੀਖੀ ਪੰਨਿਆਂ ਉਤੇ ਪੁਆਧ ਦੇ ਇਲਾਕੇ ਦਾ ਨਾਂ ਜ਼ਿਕਰਯੋਗ ਹੈ । ਧਾਰਮਿਕ ਸ਼ਹੀਦੀ ਜੋੜ ਮੇਲਿਆਂ ਦੌਰਾਨ ਸਭ ਨਾਲੋਂ ਜ਼ਿਆਦਾ ਪੁਆਧ ਦੇ ਲੋਕਾਂ ਵਲੋਂ ਸੰਗਤਾਂ ਲਈ ਲੰਗਰ ਚਲਾਏ ਜਾਂਦੇ ਹਨ ।

ਪੁਆਧੀ ਇਲਾਕੇ ਨੇ ਪੰਜਾਬੀ ਸਾਹਿਤ ਅਤੇ ਪੰਜਾਬੀ ਅਖਾੜਿਆਂ ਪ੍ਰਤੀ ਵੀ ਆਪਣਾ ਯੋਗਦਾਨ ਵਧੇਰੇ ਪਾਇਆ ਹੈ । ਇਹ ਇਲਾਕਾ ਭਾਵੇਂ ਆਰਥਿਕ ਪੱਖੋਂ ਪਛੜਿਆ ਰਿਹਾ ਹੈ ਪਰ ਪਛੜੇਪਨ ਦਾ ਅਧਾਰ ਹੋਣ ਸਦਕਾ ਹੀ ਇਥੋਂ ਦੀ ਹਾਲਤ ਮੁਤਾਬਕ ਗੀਤ ਰਚੇ ਗਏ । ਰਾਤਾਂ ਨੂੰ ਲੱਗਣ ਵਾਲੇ ਅਖਾੜਿਆਂ ਦੀ ਪ੍ਰੰਪਰਾ ਮਨੋਰੰਜਨ ਕਰਨ ਅਤੇ ਧਾਰਮਿਕ ਇਤਿਹਾਸ ਨੂੰ ਸੁਣਾਉਣ ਅਤੇ ਸੁਣਨ ਨਾਲ ਹੀ ਸਬੰਧਿਤ ਸੀ । ਪੁਰਾਣੇ ਸਮਿਆਂ 'ਚ ਲਾਉਣ ਵਾਲੇ ਅਖਾੜਿਆਂ ਵਿਚ ਭਗਤ ਆਸਾ ਰਾਮ, ਰੱਬੀ ਬੈਰੋਂਪੁਰੀ, ਕੇਸਰ ਸਿੰਘ ਕੇਸਰ ਆਦਿ ਦੇ ਨਾਂ ਜ਼ਿਕਰਯੋਗ ਹਨ ਜਿਨ੍ਹਾਂ ਨੇ ਪੁਆਧੀ ਗਾਇਨ ਅਖਾੜਿਆਂ ਨੂੰ ਪ੍ਰਫੁਲਤ ਕਰਨ ਲਈ ਆਪਣਾ ਵਿਸ਼ੇਸ਼ ਯੋਗਦਾਨ ਪਾਇਆ । ਹੌਲੀ ਹੌਲੀ ਫਿਰ ਬਾਅਦ ਵਿਚ ਇਹ ਅਖਾੜਿਆਂ ਦੀ ਗਾਇਨ ਪ੍ਰੰਪਰਾ ਕਿੱਤਾਮਈ ਦਿਸ਼ਾ ਵਿਚ ਬਦਲ ਗਈ ।

ਦੇਸ਼ ਦੀ ਵੰਡ ਹੋਣ ਤੋਂ ਪਹਿਲਾਂ ਭਾਵ ਪੂਰਨ ਪੰਜਾਬ ਵੇਲੇ ਦੇ ਸਮੇਂ ਵੱਲ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪੁਆਧ ਦੇ ਇਲਾਕੇ ਦਾ ਖੇਤਰਫਲ ਵਿਸ਼ਾਲ ਸੀ । ਉਦੋਂ ਪਟਿਆਲਾ, ਨਾਭਾ, ਜੀਂਦ, ਹਿਸਾਰ ਅਤੇ ਅੰਬਾਲੇ ਜ਼ਿਲ੍ਹਿਆਂ ਦਾ ਬਹੁਤਾ ਹਿੱਸਾ ਇਸੇ ਖੇਤਰ ਅਧੀਨ ਆਉਂਦਾ ਸੀ । ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦਾ ਇਲਾਕਾ ਵੀ ਇਸੇ ਵਿਚ ਪੈਂਦਾ ਹੈ । ਚੰਡੀਗੜ੍ਹ ਨੂੰ ਵਸਾਉਣ ਲਈ ਲਗਭੱਗ 50 ਪਿੰਡਾਂ ਦਾ ਉਜਾੜਾ ਹੋਇਆ । ਚੰਡੀਗੜ੍ਹ ਬਣਨ ਨਾਲ ਜਿਥੇ ਪੁਆਧੀ ਖੇਤਰ ਦਾ ਭੂਗੋਲਿਕ ਖੇਤਰ ਅਤੇ ਸਭਿਆਚਾਰ ਮਨਫ਼ੀ ਹੋਇਆ ਉਥੇ ਜਿਸ ਜਗ੍ਹਾ ਉਤੇ ਇੱਕ ਵੱਖਰੀ ਕਿਸਮ ਦਾ ਸਭਿਆਚਾਰ ਉਪਜਿਆ । ਤਰ੍ਹਾਂ ਤਰ੍ਹਾਂ ਦੀ ਬੋਲੀ ਅਤੇ ਸਭਿਆਚਾਰ ਨੂੰ ਲੈ ਕੇ ਇਥੇ ਵੱਸੇ ਵਿਅਕਤੀਆਂ ਨੇ ਇਕ ਮਿਲਗੋਭੇ ਸਭਿਆਚਾਰ ਦੀ ਹੋਂਦ ਨੂੰ ਪ੍ਰਸਤੁਤ ਕੀਤਾ । ਇਸ ਮਿਲਗੋਭੇ ਸਭਿਆਚਾਰ ਦੀ ਪ੍ਰਸਤੁਤੀ ਲਈ ਪਤਾ ਨਹੀਂ ਕਿੰਨੇ ਪੁਆਧੀਆਂ ਨੂੰ ਉਜੜਨ ਦੀ ਬਲੀ ਦੇਣੀ ਪਈ ।

ਪੁਆਧੀ ਇਲਾਕਾ ਬਹੁਤ ਪੁਰਾਣਾ ਇਤਿਹਾਸ ਸਾਂਭੀ ਬੈਠਾ ਹੈ । ਸਿੰਧ ਘਾਟੀ ਦੀ ਸਭਿਅਤਾ ਦੇ ਚਿੰਨ੍ਹਾਂ ਨੂੰ ਪ੍ਰਗਟਾਉਂਦਾ ਉੱਚਾ ਪਿੰਡ ਸੰਘੋਲ ਹੈ ਜਿਹੜਾ ਪੁਰਾਤਤਵੀ ਵਸਤਾਂ ਦੇ ਚਿੰਨ੍ਹਾਂ ਨੂੰ ਆਪਣੀ ਬੁੱਕਲ ਵਿਚ ਸਮੋਈ ਬੈਠਾ ਹੈ । ਇਨ੍ਹਾਂ

ਚਿੰਨ੍ਹਾਂ ਕਰਕੇ ਇਸ ਭੂਗੋਲਿਕ ਖੇਤਰ ਦਾ ਜ਼ਿਕਰ ਇਤਿਹਾਸ ਦੇ ਪੰਨਿਆਂ ਉਤੇ ਦਰਜ ਹੈ । ਖਾਲਸੇ ਦੀ ਜਨਮ ਭੂਮੀ ਆਨੰਦਪੁਰ ਸਾਹਿਬ ਵੀ ਪੁਆਧ ਦੇ ਖੇਤਰ ਵਿਚ ਹੈ । ਸਿੱਖ ਧਰਮ ਨਾਲ ਸਬੰਧਿਤ ਪੰਜ ਤਖਤਾਂ ਵਿਚੋਂ ਇਕ ਤਖਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਵੀ ਪੁਆਧ ਦੇ ਇਲਾਕੇ (ਆਨੰਦਪੁਰ ਸਾਹਿਬ) ਦੀ ਮਿੱਟੀ ਉਪਰ ਸੁਸ਼ੋਭਿਤ ਹੋਣ ਦਾ ਸੁਭਾਗ ਪ੍ਰਾਪਤ ਹੈ । ਐਨੇ ਖੇਤਰਾਂ ਵਿਚ ਮੱਲਾਂ ਮਾਰਨ ਦੇ ਬਾਵਜੂਦ ਇਹ ਇਲਾਕਾ ਅਣਗੌਲਿਆ ਰਿਹਾ ਹੈ । ਮੇਰੀ ਜਨਮ ਭੂਮੀ ਵੀ ਪੁਆਧੀ ਖੇਤਰ ਵਿਚ ਪੈਂਦੇ ਪਿੰਡ ਕਾਈਨੌਰ ਦੀ ਹੈ। ਇਸ ਇਲਾਕੇ ਦਾ ਜੰਮਪਲ ਹੋਣ ਕਰਕੇ, ਭੂਗੋਲਿਕ ਸਰਵੇਅਰ ਅਤੇ ਫਿਰ ਆਕਾਸ਼ਵਾਣੀ ਵਰਗੇ ਸਰਗਰਮ ਮੀਡੀਏ ਵਿਚ ਪ੍ਰਸ਼ਾਸਕੀ ਕੇਡਰ ਦੇ ਨਾਲ ਅਤੇ ਪੰਜਾਬੀ ਸਾਹਿਤ ਨਾਲ ਦਿਲਚਸਪੀ ਰੱਖਣ ਕਰਕੇ ਜੋ ਵੀ ਪੁਆਧੀ ਖੇਤਰ ਦੇ ਤੱਥਾਂ ਬਾਰੇ ਸੁਣਿਆ, ਪੜ੍ਹਿਆ ਅਤੇ ਵਾਚਿਆ ਹੈ, ਪ੍ਰਸਤੁਤ ਕੀਤਾ ਹੈ ।

ਦੇਸ਼ ਦੀ ਵੰਡ, ਫਿਰ ਪੰਜਾਬ ਦੀ ਵੰਡ ਆਦਿ ਹੋਣ ਕਰਕੇ ਇਸ ਖੇਤਰ ਦਾ ਅਕਾਰ ਭਾਵੇਂ ਘੱਟਦਾ ਰਿਹਾ ਹੈ ਲੇਕਿਨ ਇਥੋਂ ਦੀਆਂ ਭੂਗੋਲਿਕ ਅਤੇ ਇਤਿਹਾਸਕ ਖ਼ੂਬੀਆਂ ਦੀ ਮਹੱਤਤਾ ਹੋਣ ਕਰਕੇ ਬਾਕੀ ਇਲਾਕਿਆਂ ਦੇ ਮੁਕਾਬਲੇ ਇਹ ਇਲਾਕਾ ਪੁਆਧ ਇਕ ਕਦਮ ਅੱਗੇ ਹੀ ਹੈ ।

# ਪੁਆਧ ਦਾ ਭਾਸ਼ਾਈ ਵਿਸ਼ਲੇਸ਼ਣ

*ਡਾ. ਨਿਰਮਲ ਸਿੰਘ ਬਾਸੀ*

'ਪੁਆਧ' ਸ਼ਬਦ ਦੇ ਸ਼ਾਬਦਿਕ ਅਰਥ ਹਨ - ਪੂਰਬ-ਅਰਧ । ਪੁਆਧ ਦਾ ਖੇਤਰ ਕਿਉਂਕਿ ਪੁਰਾਣੇ ਪੰਜਾਬ (ਸਮੇਤ ਪੱਛਮੀ ਪੰਜਾਬ), ਜਿਹੜਾ ਸਿੰਧ ਦਰਿਆ ਤੋਂ ਲੈ ਕੇ ਦਿੱਲੀ ਤੋਂ ਵੀ ਅੱਗੇ ਮਥਰਾ ਤੱਕ ਫੈਲਿਆ ਹੋਇਆ ਸੀ, ਦੇ ਪੂਰਬੀ ਅੱਧ ਤੱਕ ਮੰਨਿਆ ਜਾਂਦਾ ਹੈ । ਇਸੇ ਕਰਕੇ ਇਸ ਦਾ ਨਾਂ ਪੂਰਵ-ਅਰਧ ਤੋਂ ਪੁਵਾਧ ਜਾਂ ਪੋਵਾਧ ਪਿਆ । ਪੁਆਧੀ ਭਾਸ਼ਾ ਵਿੱਚ 'ਵ' ਧੁਨੀ 'ਅ' ਵਿਚ ਬਦਲ ਜਾਂਦੀ ਹੈ, ਇਸ ਲਈ ਇਹ ਨਾਂ ਪੁਵਾਧ ਜਾਂ ਪੋਵਾਧ ਤੋਂ ਬਦਲ ਕੇ ਪੁਆਧ ਹੋ ਗਿਆ । ਅੰਗ੍ਰੇਜ਼ ਵਿਦਵਾਨ, ਡਾ. ਜੀ.ਏ.ਗ੍ਰੀਅਰਸਨ (Dr. G.A. Grierson), ਜਿਸਨੇ ਭਾਰਤੀ ਭਾਸ਼ਾਵਾਂ ਉਤੇ ਬਹੁਤ ਵੱਡਾ ਕੰਮ ਕੀਤਾ ਹੈ, ਆਪਣੀ ਪੁਤਸਕ The Linguistic survey of India, ਵਿਚ ਪੁਆਧ ਦਾ ਅਰਥ 'ਪੂਰਬ (ਮਸ਼ਰਕ)' ਲਿਖਿਆ ਹੈ । ਪਰ ਇਹ ਵਿਚਾਰ ਠੀਕ ਨਹੀਂ ਲੱਗਦਾ । ਸਾਰੇ ਪੂਰਬੀ ਪੰਜਾਬ ਨੂੰ ਪੁਆਧ ਨਹੀਂ ਕਿਹਾ ਜਾ ਸਕਦਾ ਕਿਉਂਕਿ ਨਾ ਤਾਂ ਸਾਰੇ ਪੂਰਬੀ ਪੰਜਾਬ ਦੀ ਭਾਸ਼ਾ ਹੀ ਸਾਂਝੀ ਹੈ ਤੇ ਨਾ ਹੀ ਇਸ ਵਿਚ ਸਭਿਆਚਾਰਕ ਏਕਤਾ ਹੀ ਹੈ । ਇਸ ਲਈ ਡਾ. ਗ੍ਰੀਅਰਸਨ ਦਾ ਇਹ ਮੱਤ ਠੀਕ ਨਹੀਂ ਹੈ । ਪੰਜਾਬ ਦੇ ਅੱਧੇ ਪੂਰਬੀ ਭਾਗ, ਜਿਸ ਦਾ ਖੇਤਰ ਉੱਤਰ ਵਿਚ ਦਰਿਆ ਸਤਲੁਜ ਤੋਂ ਲੈ ਕੇ ਦੱਖਣ ਵਿਚ ਹਰਿਆਣਾ ਪ੍ਰਾਂਤ ਦੇ ਅੰਬਾਲਾ ਜਿਲ੍ਹੇ ਦੀ ਦੱਖਣ ਵਾਲੀ ਹੱਦ ਤੱਕ ਫੈਲਿਆ ਹੋਇਆ ਹੈ, ਨੂੰ ਹੀ ਪੁਆਧ ਦਾ ਖੇਤਰ ਮੰਨਿਆ ਜਾ ਸਕਦਾ ਹੈ । ਇਸ ਦੇ ਅਧਾਰ 'ਤੇ ਇਹ ਪੰਜਾਬ ਦਾ ਪੂਰਬੀ ਅੱਧ ਹੀ ਕਿਹਾ ਜਾ ਸਕਦਾ ਹੈ । ਇਸ ਸਾਰੇ ਖੇਤਰ ਦੇ ਰਹਿਣ-ਸਹਿਣ, ਰੀਤੀ ਰਿਵਾਜ ਤੇ ਭਾਸ਼ਾਈ ਏਕਤਾ ਮਿਲਦੀ ਹੈ। ਵੈਸੇ ਵੀ 'ਪੁਆਧ' ਸ਼ਬਦ ਦੀ ਉਤਪਤੀ 'ਪੂਰਵ-ਅਰਧ' ਸ਼ਬਦ ਤੋਂ ਹੀ ਸੰਭਵ ਲਗਦੀ ਹੈ ਕਿਉਂਕਿ ਇਸ ਦੇ ਟਾਕਰੇ ਤੇ ਰਾਠੀ-ਭਾਸ਼ਾ ਤੇ ਰਾਠ ਮੁਸਲਮਾਨਾਂ ਲਈ 'ਪਚਾਧ੍ਰੀ' ਤੇ 'ਪਚਾਧੇ' ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸਦਾ ਅਰਥ ਹੈ ਪਸ਼ਚ-ਅਰਧ ਜਾਂ ਪੱਛਮੀ ਅੱਧ । ਕਿਉਂਕਿ ਉਹ ਖੇਤਰ ਪੰਜਾਬ ਦੇ ਪੱਛਮੀ ਭਾਗ ਵਿਚ ਸਥਿਤ ਹੈ ਤੇ ਤਕਰੀਬਨ ਪੱਛਮੀ ਅੱਧ ਤੱਕ ਖੇਤਰ ਵਿਚ ਫੈਲਿਆ ਹੋਇਆ ਸੀ । ਇਸ ਲਈ 'ਪਚਾਧ' ਨੂੰ ਪੱਛਮੀ ਅੱਧ ਤੇ 'ਪੁਆਧ' ਨੂੰ ਪੂਰਬੀ ਅੱਧ ਮੰਨਣਾ ਹੀ ਠੀਕ ਹੈ, ਇਹ ਦੋਵੇਂ ਸ਼ਬਦ ਇਕ ਦੂਜੇ ਦੇ ਸਮਾਂਨਾਂਤਰ ਵੀ ਹਨ । ਇਸ ਲਈ ਪੰਜਾਬ ਦੇ ਉੱਤਰੀ ਪਾਸੇ ਦੇ ਪੂਰਬੀ ਅੱਧ ਨੂੰ ਹੀ 'ਪੁਆਧ' ਕਿਹਾ ਜਾਂਦਾ ਹੈ । ਇਸ ਖੇਤਰ ਵਿਚ

ਬੋਲੀ ਜਾਂਦੀ ਭਾਸ਼ਾ ਨੂੰ 'ਪੁਆਧੀ' ਕਿਹਾ ਜਾਂਦਾ ਹੈ ਤੇ ਇਥੋਂ ਦੇ ਲੋਕਾਂ ਨੂੰ 'ਪੁਆਧੀ' ਜਾਂ 'ਪੁਆਧੀਏ' ਕਿਹਾ ਜਾਂਦਾ ਹੈ ।

*ਭਾਸ਼ਾਈ ਖੇਤਰ*

ਭਾਸ਼ਾ ਦੇ ਆਧਾਰ ਤੇ ਪੁਆਧ ਦੇ ਦੋ ਮੁੱਖ ਖੇਤਰ ਤਸਲੀਮ ਕਰ ਲਏ ਜਾਂਦੇ ਹਨ - ਘੱਗਰ ਤੋਂ ਪਾਰ ਅੰਬਾਲਾ ਵੱਲ ਦਾ ਖੇਤਰ ਤੇ ਘੱਗਰ ਤੋਂ ਦਰਿਆ ਸਤਲੁਜ ਵੱਲ ਦਾ ਖੇਤਰ । ਦਰਿਆ ਸਤਲੁਜ ਵੱਲ ਦਾ ਖੇਤਰ ਪੁਆਧ ਦਾ ਅਹਿਮ ਭਾਗ ਮੰਨਿਆ ਜਾਂਦਾ ਹੈ । ਘੱਗਰ ਤੋਂ ਪਾਰ ਵਾਲੇ ਭਾਗ ਵਿਚ ਪੁਆਧੀ ਭਾਸ਼ਾ 'ਤੇ ਪੱਛਮੀ ਹਿੰਦੀ ਦਾ ਅੰਸ਼ ਭਾਰੂ ਹੈ, ਪਰ ਉੱਤਰ ਵੱਲ ਦੇ ਪਾਸੇ 'ਤੇ ਕੇਂਦਰੀ ਪੰਜਾਬੀ ਦਾ ਵੱਧ ਪ੍ਰਭਾਵ ਹੈ ।

ਘੱਗਰ ਤੋਂ ਉੱਤਰ ਵਾਲੇ ਪਾਸੇ ਨੂੰ ਅੱਗੇ ਕਈ ਛੋਟੇ ਛੋਟੇ ਭਾਗਾਂ ਵਿਚ ਵੰਡਿਆ ਜਾਂਦਾ ਹੈ । ਇਨ੍ਹਾਂ ਖੇਤਰਾਂ ਦੇ ਵੱਖ-ਵੱਖ ਸਥਾਨਕ ਨਾਂ ਹਨ । ਇਨ੍ਹਾਂ ਵਿਚ ਭਾਸ਼ਾ ਤੇ ਭਾਸ਼ਾ ਦੀ ਸ਼ਬਦਾਵਲੀ ਦਾ ਵਖਰੇਵਾਂ ਤੇ ਸਭਿਆਚਾਰਕ ਵਖਰੇਵਾਂ ਵੀ ਵੇਖਿਆ ਜਾ ਸਕਦਾ ਹੈ। ਉੱਤਰ-ਪੂਰਬ ਵਿਚ ਕੀਰਤਪੁਰ ਸਾਹਿਬ ਤੋਂ ਲੈ ਕੇ ਦੱਖਣ ਵੱਲ ਪਿੰਜੋਰ ਤੋਂ ਅੱਗੇ ਤੱਕ ਫੈਲੇ ਹੋਏ ਖੇਤਰ ਨੂੰ 'ਦੂਨ' ਕਿਹਾ ਜਾਂਦਾ ਹੈ । ਇਹ ਇਲਾਕਾ ਦੋ ਛੋਟੇ ਪਹਾੜਾਂ ਦੇ ਵਿਚਕਾਰ ਵੱਸਿਆ ਹੋਇਆ ਹੈ । ਇਸ ਦਾ ਰਹਿਣ-ਸਹਿਣ, ਭਾਸ਼ਾ ਤੇ ਰਸਮ-ਰਿਵਾਜ ਆਪਣੀ ਤਰ੍ਹਾਂ ਦੇ ਹਨ ।

ਪੁਆਧ ਦੇ ਸ਼ਿਵਾਲਕ ਦੀਆਂ ਨੀਵੀਆਂ ਪਹਾੜੀਆਂ ਅਤੇ ਇਸਦੇ ਨਾਲ ਲਗਦੇ ਖੇਤਰ ਨੂੰ, ਜਿਹੜਾ ਕਿ ਰੋਪੜ ਤੋਂ ਲੈ ਕੇ ਦੱਖਣ-ਪੂਰਬ ਵੱਲ ਜ਼ਿਲ੍ਹਾ ਅੰਬਾਲਾ ਵਿਚ ਉੱਤਰ-ਪੂਰਬੀ ਖੇਤਰ ਤੱਕ ਫੈਲਿਆ ਹੋਇਆ ਹੈ, ਨੂੰ 'ਘਾੜ' ਕਿਹਾ ਜਾਂਦਾ ਹੈ। ਇਹ ਸ਼ਿਵਾਲਿਕ ਦੀਆਂ ਛੋਟੀਆਂ ਪਹਾੜੀਆਂ ਤੇ ਉਸਦੇ ਨਾਲ ਲੱਗਦਾ ਊਚਾ ਨੀਵਾਂ ਇਲਾਕਾ ਹੈ । ਇਸ ਦੀ ਸ਼ਬਦਾਵਲੀ, ਭਾਸ਼ਾ ਤੇ ਰਹਿਣ-ਸਹਿਣ ਵਿਚ ਇਕਸਾਰਤਾ ਹੈ ।

ਪੁਆਧ ਦੇ ਪੂਰਬ ਵਿਚ ਪੁਰਾਣੇ ਪੰਚਕੂਲ੍ਹਾ ਪਿੰਡ ਤੋਂ ਲੈ ਕੇ ਚੰਡੀਗੜ੍ਹ ਦੀ ਦੱਖਣ-ਪੱਛਮੀ ਗੁੱਠ ਤੀਕ ਦਾ ਇਲਾਕਾ, ਜਿਹੜਾ ਇਕ ਪਾਸੇ ਘੱਗਰ ਨਦੀ ਤੱਕ ਜਾ ਲੱਗਦਾ ਹੈ, ਨੂੰ 'ਨੈਲ਼ੀ' ਕਿਹਾ ਜਾਂਦਾ ਹੈ । ਬੋਲੀ ਤੇ ਰੀਤੀ ਰਿਵਾਜਾਂ ਵਿਚ ਇਹ ਘਾੜ ਦੇ ਇਲਾਕੇ ਨਾਲ ਹੀ ਮਿਲਦਾ ਜੁਲਦਾ ਹੈ, ਪਰ ਫਿਰ ਵੀ ਇਸ ਦੀਆਂ ਕੁਝ ਸਥਾਨਕ ਵੱਖਰਤਾਵਾਂ ਹਨ ।

ਚੰਡੀਗੜ੍ਹ ਤੋਂ ਲੈ ਕੇ 'ਘਾੜ' ਦੇ ਇਲਾਕੇ ਦੇ ਨਾਲ ਨਾਲ ਉੱਤਰ ਵਿਚ ਦਰਿਆ ਸਤਲੁਜ ਤੱਕ ਦੇ ਭਾਗ ਨੂੰ 'ਦਹੋਤਾ' ਕਿਹਾ ਜਾਂਦਾ ਹੈ । ਇਸ ਦੀ ਬੋਲੀ 'ਘਾੜ' ਨਾਲੋਂ ਕੁਝ ਵੱਖਰੀ ਹੈ । ਸਥਾਨਕ ਸ਼ਬਦਾਵਲੀ ਵਿਚ ਵੀ ਵੱਖਰਤਾ ਹੈ । ਇਸ ਇਲਾਕੇ ਦੇ ਵੱਡੇ ਭਾਗ ਵਿਚ, 'ਹ' ਧੁਨੀ ਨੂੰ ਭਾਵੇਂ ਸੁਰ ਵਜੋਂ ਵੀ ਉਚਾਰਿਆ ਜਾਂਦਾ ਹੈ, ਪਰ ਆਮਤੌਰ ਤੇ ਇਥੇ 'ਹ' ਨੂੰ ਪੂਰੀ ਧੁਨੀ ਦੇ ਰੂਪ ਵਿਚ ਉਚਾਰਿਆ ਜਾਂਦਾ ਹੈ । ਜਿਥੇ 'ਹ' ਧੁਨੀ ਸ਼ਬਦਾਂ ਦੇ ਵਿਚਕਾਰ ਆਉਂਦੀ ਹੈ ਉਸਦਾ ਪੂਰਾ ਉਚਾਰਨ ਕੀਤਾ

ਜਾਂਦਾ ਹੈ । ਪੰਜਾਬੀ ਭਾਸ਼ਾ ਦਾ ਇਹੋ ਇਕ ਅਜਿਹਾ ਖੇਤਰ ਹੈ, ਜਿੱਥੇ 'ਹ' ਦੀ ਧੁਨੀ ਦਾ ਉਚਾਰਨ ਕੀਤਾ ਜਾਂਦਾ ਹੈ।

ਚੰਡੀਗੜ੍ਹ ਦੇ ਅਰਧ ਪੱਛਮ ਤੋਂ ਲੈ ਕੇ ਦੱਖਣ ਤੱਕ ਜਾਂ ਪੁਰਾਣੇ ਪਿੰਡ ਮੁਹਾਲੀ ਤੋਂ ਲੈ ਕੇ ਬਨੂੜ ਤੋਂ ਥੋੜ੍ਹਾ ਉਰੇ ਤੱਕ ਦੇ ਭਾਗ ਨੂੰ 'ਬੈਦਵਾਣਾਂ ਦੀ ਪੱਟੀ' ਵੀ ਕਿਹਾ ਜਾਂਦਾ ਹੈ । ਇਸ ਦੇ ਕਾਫ਼ੀ ਭਾਗ ਵਿਚ 'ਬੈਦਵਾਣ' ਗੋਤਰ ਦੇ ਲੋਕ ਰਹਿੰਦੇ ਹਨ । ਇਨ੍ਹਾਂ ਦੀ ਭਾਸ਼ਾ ਤੇ ਰਹਿਣ-ਸਹਿਣ ਵਿਚ ਦੂਜੇ ਖੇਤਰਾਂ ਤੋਂ ਥੋੜ੍ਹੀ ਜਿਹੀ ਵੱਖਰਤਾ ਹੈ । ਇਨ੍ਹਾਂ ਦੀ ਭਾਸ਼ਾ ਉਤੇ 'ਬਾਂਗਰੂ' ਭਾਸ਼ਾ ਦਾ ਪ੍ਰਭਾਵ ਵੱਧ ਜਾਂਦਾ ਹੈ ।

ਪੁਆਧ ਦੇ ਖੇਤਰ ਦੇ ਪੱਛਮੀ ਭਾਗ ਨੂੰ ਜਿਹੜਾ ਮਲਵਈ ਭਾਸ਼ਾ ਨਾਲ ਲਗਦਾ ਹੈ, ਜਿਸ ਵਿਚ ਜ਼ਿਲ੍ਹਾ ਰੋਪੜ ਦਾ ਪੱਛਮੀ ਭਾਗ, ਜ਼ਿਲ੍ਹਾ ਫ਼ਤਿਹਗੜ ਸਾਹਿਬ ਤੇ ਲੁਧਿਆਣਾ ਦੇ ਇਲਾਕੇ ਆ ਜਾਂਦੇ ਹਨ, ਨੂੰ 'ਢਾਹਾ' ਕਿਹਾ ਜਾਂਦਾ ਹੈ, 'ਢਾਹਾ' ਪੁਆਧੀ ਦਾ ਸ਼ਬਦ ਹੈ ਜਿਸਦੇ ਅਰਥ ਹਨ - ਕੰਢਾ । ਸੋ ਮਲਵਈ ਭਾਸ਼ਾ ਦੇ ਨਾਲ ਲਗਦੇ ਕੰਢੇ ਨੂੰ 'ਢਾਹਾ' ਕਿਹਾ ਜਾਂਦਾ ਹੈ । ਇਹ ਭਾਗ ਪੂਰਬ ਵਿਚ ਮੋਰਿੰਡਾ ਤੱਕ ਦੇ ਇਲਾਕੇ ਤੱਕ ਫੈਲਿਆ ਹੋਇਆ ਹੈ। ਇਸ ਦੀ ਭਾਸ਼ਾ 'ਤੇ ਮਲਵਈ ਉਪਭਾਸ਼ਾ ਦਾ ਅਸਰ ਹੈ ।

ਪੁਆਧ ਦੇ ਦੱਖਣ-ਪੱਛਮੀ ਭਾਗ ਦੇ ਇਕ ਹਿੱਸੇ ਨੂੰ ਜਿਹੜਾ ਸਰਹਿੰਦ ਤੋਂ ਲੈ ਕੇ ਖੰਨਾ ਤੱਕ ਦਾ ਖੇਤਰ ਹੈ, ਨੂੰ ਸਥਾਨਕ ਭਾਸ਼ਾ ਵਿਚ 'ਚਰਖੀ' ਕਿਹਾ ਜਾਂਦਾ ਹੈ। ਇਸ ਦੀ ਭਾਸ਼ਾ ਭਾਵੇਂ ਪੁਆਧੀ ਹੈ, ਪਰ ਉਸ 'ਤੇ ਵੀ ਮਲਵਈ ਭਾਸ਼ਾ ਦਾ ਰੰਗ ਆ ਜਾਂਦਾ ਹੈ ।

*ਪੁਆਧ ਦੀ ਭਾਸ਼ਾ*

ਪੁਆਧ ਖੇਤਰ ਵਿਚ ਬੋਲੀ ਜਾਂਦੀ ਭਾਸ਼ਾ ਨੂੰ 'ਪੁਆਧੀ' ਕਿਹਾ ਜਾਂਦਾ ਹੈ । ਇਹ ਪੰਜਾਬੀ ਭਾਸ਼ਾ ਦੀ ਇਕ ਉਪ-ਭਾਸ਼ਾ ਹੈ । ਇਸ ਦੇ ਇਕ ਪਾਸੇ ਉੱਤਰ ਵਿਚ ਦੁਆਬੀ ਉਪਭਾਸ਼ਾ, ਪੱਛਮ ਵਿਚ ਮਲਵਈ, ਪੂਰਬ ਵਿਚ ਪਹਾੜੀ ਬੋਲੀਆਂ ਅਤੇ ਦੱਖਣ ਵਿਚ ਇਕ ਪਾਸੇ ਪੱਛਮੀ ਹਿੰਦੀ ਤੇ ਦੂਜੇ ਪਾਸੇ (ਦੱਖਣ - ਪੱਛਮ) ਵਿਚ ਇਸ ਦੇ ਸਿਰੇ ਰਾਠੀ, ਭਟਿਆਣੀ ਤੇ ਬਾਂਗਰੂ ਭਾਸ਼ਾਵਾਂ ਨਾਲ ਜਾ ਮਿਲਦੇ ਹਨ । ਇਹ ਇਕ ਬਹੁਤ ਮਹੱਤਵਪੂਰਨ ਭਾਸ਼ਾਈ ਖਿੱਤਾ ਹੈ ਜਿਹੜਾ ਇਕ ਪਾਸੇ ਕੇਂਦਰੀ ਪੰਜਾਬੀ ਤੇ ਦੂਜੇ ਪਾਸੇ ਪੱਛਮੀ ਹਿੰਦੀ ਨਾਲ ਜੁੜਿਆ ਹੋਇਆ ਹੈ, ਜਿਹੜੀਆਂ ਧੁਨੀ ਪ੍ਰਬੰਧ, ਸਵਰ ਪ੍ਰਬੰਧ ਤੇ ਸ਼ਬਦਾਵਲੀ ਪੱਖੋਂ ਦੋ ਵੱਖ ਵੱਖ ਭਾਸ਼ਾਵਾਂ ਹਨ । ਭਾਵੇਂ ਦੋਵਾਂ ਦਾ ਹੀ ਨਿਕਾਸ ਵੈਦਿਕ ਸੰਸਕ੍ਰਿਤ ਵਿਚੋਂ ਹੋਇਆ ਮੰਨਿਆ ਜਾਂਦਾ ਹੈ, ਪਰ ਫਿਰ ਵੀ ਦੋਵਾਂ ਵਿਚ ਕਾਫ਼ੀ ਵੱਖਰਤਾ ਹੈ । ਇਸ ਖਿੱਤੇ ਵਿਚ ਪੰਜਾਬੀ ਭਾਸ਼ਾ, ਹਿੰਦੀ ਭਾਸ਼ਾ ਵਿਚ ਤਬਦੀਲ ਹੁੰਦੀ ਹੈ । ਇਸ ਲਈ ਭਾਸ਼ਾ-ਵਿਗਿਆਨਕ ਅਧਿਐਨ ਦੇ ਪੱਧਰ ਉਤੇ ਇਸ ਖੇਤਰ ਦਾ ਬਹੁਤ ਮਹੱਤਵ ਹੈ ।

ਭਾਵੇਂ ਭਾਸ਼ਾ ਅਧਿਐਨ ਦੇ ਪੱਖ ਤੋਂ ਪੁਆਧੀ ਭਾਸ਼ਾ ਦਾ ਖੇਤਰ ਬਹੁਤ ਹੀ ਮਹੱਤਵਪੂਰਨ ਹੈ, ਪਰ ਹੁਣ ਤੱਕ ਇਹ ਖੇਤਰ ਅਣਗੌਲਿਆ ਹੀ ਰਿਹਾ ਹੈ । ਬਹੁਤ

ਘੱਟ ਵਿਦਵਾਨ ਇਥੋਂ ਦੀ ਭਾਸ਼ਾ ਸੰਬੰਧੀ ਰੁਚਿਤ ਹੋਏ ਹਨ । ਪੁਆਧੀ ਭਾਸ਼ਾ ਬਾਰੇ ਇੱਕੋ ਇਕ ਕਾਰਜ ਜਿਸ ਨੂੰ ਮਹੱਤਤਾ ਹਾਸਲ ਹੈ, ਉਹ ਡਾ. ਬਲਬੀਰ ਸਿੰਘ ਸੰਧੂ ਹੁਰਾਂ ਦਾ (A descriptive grammer of Puadhi Language) (ਪੁਆਧੀ ਭਾਸ਼ਾ ਦਾ ਵਿਵਰਣਾਤਮਕ ਵਿਆਕਰਨ) ਹੈ । ਉਨ੍ਹਾਂ ਤੋਂ ਬਿਨਾਂ ਦੂਜੇ ਵਿਦਵਾਨ ਡਾ. ਪ੍ਰੇਮ ਪ੍ਰਕਾਸ਼ ਸਿੰਘ ਹਨ, ਜਿਨ੍ਹਾਂ ਨੇ ਦੂਜੀਆਂ ਉਪਭਾਸ਼ਾਵਾਂ ਦੇ ਨਾਲ ਪੁਆਧੀ ਉਤੇ ਵੀ ਯਥਾਯੋਗ ਚਾਨਣ ਪਾਇਆ ਹੈ । ਇਸ ਭਾਸ਼ਾ ਦੇ ਮਹੱਤਵ ਨੂੰ ਵੇਖੀਏ ਤਾਂ ਇਸ ਵਿਚ ਕੰਮ ਕਰਨ ਲਈ ਚੋਖਾ ਖੇਤਰ ਪਿਆ ਹੈ, ਜਿਸ ਉਤੇ ਕੰਮ ਕਰਨ ਦੀ ਬਹੁਤ ਲੋੜ ਹੈ।

ਪੁਆਧੀ ਭਾਸ਼ਾ ਦੇ ਅਧਿਐਨ ਲਈ ਇਸ ਖੇਤਰ ਨੂੰ ਆਮ ਤੌਰ ਤੇ ਦੋ ਭਾਗਾਂ ਵਿਚ ਵੰਡ ਲਿਆ ਜਾਂਦਾ ਹੈ :- 1. ਘੱਗਰ ਤੋਂ ਉੱਤਰ ਵਾਲੇ ਪਾਸੇ ਦਾ ਇਲਾਕਾ ਤੇ 2. ਘੱਗਰ ਨਦੀ ਤੋਂ ਦੱਖਣ ਵਾਲੇ ਪਾਸੇ ਦਾ ਇਲਾਕਾ । ਪੁਆਧੀ ਭਾਸ਼ਾ ਉਤੇ ਇਕ ਪਾਸੇ ਤਾਂ ਮਲਵਈ, ਰਾਠੀ ਤੇ ਬਾਂਗਰੂ ਭਾਸ਼ਾਵਾਂ ਦਾ ਪ੍ਰਭਾਵ ਹੈ, ਤੇ ਦੂਜੇ ਪਾਸੇ ਇਹ ਪੱਛਮੀ ਹਿੰਦੀ ਤੋਂ ਪ੍ਰਭਾਵਤ ਹੈ । ਜਿਉਂ ਜਿਉਂ ਅਸੀਂ ਘੱਗਰ ਨਦੀ ਤੋਂ ਦੱਖਣ ਵੱਲ ਨੂੰ ਜਾਂਦੇ ਹਾਂ ਇਹ ਪ੍ਰਭਾਵ ਵਧਦਾ ਚਲਾ ਜਾਂਦਾ ਹੈ । ਪੁਆਧੀ ਦੀ ਸ਼ਬਦਾਵਲੀ ਤੇ ਵਾਕ ਬਣਤਰ ਆਦਿ ਮਲਵਈ ਉਪਭਾਸ਼ਾ ਦੇ ਬਹੁਤ ਨੇੜੇ ਹੈ, ਦੁਆਬੀ ਦਾ ਇਸ 'ਤੇ ਘੱਟ ਪ੍ਰਭਾਵ ਹੈ ।

*ਧੁਨੀ ਪ੍ਰਬੰਧ*

ਡਾ. ਬਲਬੀਰ ਸਿੰਘ ਸੰਧੂ ਅਨੁਸਾਰ ਪੁਆਧੀ ਵਿਚ 10 ਸਵਰ ਤੇ 24 ਵਿਅੰਜਨ ਵਰਤੇ ਜਾਂਦੇ ਹਨ । ਪੁਆਧੀ ਵਿਚ ਗੁਰਮੁਖੀ ਦੇ ਅੱਖਰ 'ਙ' ਤੇ 'ਞ' ਨਹੀਂ ਉਚਾਰੇ ਜਾਂਦੇ । ਇਨ੍ਹਾਂ ਦੀ ਥਾਂ ਤੇ 'ਗ' ਤੇ 'ਜ' ਜਾਂ 'ਨ' ਆਦਿ ਵਰਤੇ ਜਾਂਦੇ ਹਨ, ਜਿਵੇਂ ਸ਼ਬਦ 'ਵੰਗਾਂ' ਅਤੇ 'ਜੰਨ' ਆਦਿ ਵਿਚ । ਇਸੇ ਤਰ੍ਹਾਂ ਫਾਰਸੀ ਦੀਆਂ ਧੁਨੀਆਂ - ਸ਼, ਖ਼, ਗ਼, ਜ਼, ਫ਼ ਆਦਿ ਨਹੀਂ ਉਚਾਰੀਆਂ ਜਾਂਦੀਆਂ । ਇਨ੍ਹਾਂ ਨੂੰ ਸਿਰਫ਼ ਪੜ੍ਹੇ ਲਿਖੇ ਲੋਕ ਹੀ ਉਚਾਰਦੇ ਹਨ । 'ਹ' ਧੁਨੀ ਨੂੰ ਸੁਰ ਵਜੋਂ ਵੀ ਉਚਾਰਿਆ ਜਾਂਦਾ ਹੈ ਜਿਵੇਂ ਸ਼ਬਦ ਰੇਹ, ਥੇਹ, ਚਾਹ, ਰਾਹ ਤੇ ਖੋਹ ਆਦਿ ਵਿਚ, ਪਰ ਜਿੱਥੇ ਇਹ ਧੁਨੀ ਵਿਚਕਾਰ ਆਉਂਦੀ ਹੈ ਉਥੇ ਪੂਰਾ ਉਚਾਰਨ ਕੀਤਾ ਜਾਂਦਾ ਹੈ, ਜਿਵੇਂ ਪਹਾੜ, ਮਹੀਨਾ, ਗੋਹਰ, ਕਿਹਾ ਤੇ ਕਹੀ ਆਦਿ ਸ਼ਬਦਾਂ ਵਿਚ । ਸੁਰ ਦਾ ਉਚਾਰਨ ਕਾਫ਼ੀ ਘੱਟ ਜਾਂਦਾ ਹੈ ।

ਪੁਆਧੀ ਵਿਚ ਬਾਂਗਰੂ ਤੇ ਪੱਛਮੀ ਹਿੰਦੀ ਦੇ ਪ੍ਰਭਾਵ ਕਾਰਨ ਦੀਰਘ ਸਵਰਾਂ ਦੀ ਵਰਤੋਂ ਵਧਦੀ ਜਾਂਦੀ ਹੈ । ਜਿੱਥੇ ਕੇਂਦਰੀ ਪੰਜਾਬੀ ਵਿਚ ਲਘੂ ਜਾਂ ਹਸਵ ਸਵਰ ਵਰਤੇ ਜਾਂਦੇ ਹਨ, ਪੁਆਧੀ ਵਿਚ ਦੀਰਘ ਹੋ ਜਾਂਦੇ ਹਨ, ਜਿਵੇਂ ਸ਼ਬਦ ਈਖ (ਇੱਖ, ਕਮਾਦ), ਨੀਸਾਰ (ਨਿਸਾਰ), ਉਰੈ (ਉਰੇ), ਪਰੈ (ਪਰੇ), ਐਥੇ (ਇੱਥੇ) ਆਦਿ ਵਿਚ । ਜਿਉਂ ਜਿਉਂ ਦੱਖਣ ਵੱਲ ਜਾਂਦੇ ਹਨ ਇਹ ਪ੍ਰਭਾਵ ਵੱਧਦਾ ਚਲਾ ਜਾਂਦਾ ਹੈ ।

ਕਿਉਂਕਿ ਇਹ ਖੇਤਰ ਪੰਜਾਬੀ ਭਾਸ਼ਾ ਅਤੇ ਬਾਂਗਰੂ ਤੇ ਪੱਛਮੀ ਹਿੰਦੀ ਭਾਸ਼ਾਵਾਂ ਦਾ ਮਿਲਣ ਖੇਤਰ ਹੈ ਇਸ ਲਈ ਪੁਆਧੀ ਦੀ ਸ਼ਬਦਾਵਲੀ ਵਿਚ ਮਲਵਈ-

ਬਾਂਗਰੂ ਤੇ ਪੰਜਾਬੀ-ਪੱਛਮੀ ਹਿੰਦੀ ਦੀ ਸੰਧੀ ਦ੍ਰਿਸ਼ਟੀਗੋਚਰ ਹੁੰਦੀ ਹੈ । ਡਾ. ਬਲਬੀਰ ਸਿੰਘ ਸੰਧੂ ਇਸ ਖੇਤਰ ਨੂੰ ਪੰਜਾਬੀ ਤੇ ਹਿੰਦੀ ਭਾਸ਼ਾ ਵਿਚਾਲੇ ਸ਼ੌਕਰ (Shock Observer) ਕਹਿੰਦੇ ਹੁੰਦੇ ਸਨ । ਇਸ ਖੇਤਰ ਵਿਚ ਪੰਜਾਬੀ ਭਾਸ਼ਾ ਦੱਖਣ ਵੱਲ ਨੂੰ ਵਧਦੀ ਹੋਈ ਹਿੰਦੀ ਭਾਸ਼ਾ ਵਿਚ ਤੇ ਹਿੰਦੀ ਭਾਸ਼ਾ ਉੱਤਰ ਤੇ ਪੱਛਮ ਵੱਲ ਵਧਦੀ ਹੋਈ ਪੰਜਾਬੀ ਭਾਸ਼ਾ ਵਿਚ ਬਦਲ ਜਾਂਦੀ ਹੈ । ਇਸ ਲਈ ਪੁਆਧੀ ਦੀ ਸ਼ਬਦਾਵਲੀ ਵਿਚ ਅਨੇਕਾਂ ਸ਼ਬਦ ਅਜਿਹੇ ਮਿਲਦੇ ਹਨ ਜਿਨ੍ਹਾਂ ਵਿਚ ਦੋਵਾਂ ਭਾਸ਼ਾਵਾਂ ਦੀ ਸੰਧੀ ਹੋਈ ਮਿਲਦੀ ਹੈ । ਉਦਾਹਰਣ ਵਜੋਂ :-

ਮ੍ਹਾਨੂੰ > ਹਮਾਨੂੰ ----- ਹਮ + ਨੂੰ

ਇਹ ਸ਼ਬਦ 'ਮ੍ਹਾਨੂੰ' ਪੁਆਧੀ ਦਾ ਪੜਨਾਂਵ ਹੈ । ਇਸ ਵਿਚ 'ਹਮ' ਬਾਂਗਰੂ ਤੇ ਪੱਛਮੀ ਹਿੰਦੀ ਦਾ ਹੈ ਤੇ 'ਨੂੰ' ਪੰਜਾਬੀ ਦਾ ਸੰਬੰਧਕ ਹੈ । ਇਸੇ ਤਰ੍ਹਾਂ ਹੋਰ ਬਹੁਤ ਸਾਰੇ ਸ਼ਬਦ ਹਨ, ਜਿੱਥੇ ਦੋ ਭਾਸ਼ਾਵਾਂ ਦੀ ਸੰਧੀ ਦ੍ਰਿਸ਼ਟੀਗੋਚਰ ਹੁੰਦੀ ਹੈ, ਜਿਵੇਂ - ਸ਼ਬਦ 'ਥ੍ਹਾਨੂੰ', 'ਮ੍ਹਾਰਾ', 'ਥ੍ਹਾਰਾ', 'ਬਿੱਚਮਾਂ', 'ਇਸਮਾਂ', 'ਉਸਮਾਂ' ਆਦਿ ਵਿਚ ।

ਪੁਆਧੀ ਦੇ ਸਾਰੇ ਪੜਨਾਵਾਂ ਵਿਚ ਅਜਿਹੀ ਸੰਧੀ ਦ੍ਰਿਸ਼ਟੀਗੋਚਰ ਹੁੰਦੀ ਹੈ । ਪੁਆਧੀ ਭਾਸ਼ਾ ਦੇ ਉੱਤਰੀ ਤੇ ਪੱਛਮੀ ਸਿਰੇ ਤੇ 'ਸਾਨੂੰ', 'ਤੈਨੂੰ', 'ਅਸੀਂ', 'ਤੁਸੀਂ' ਆਦਿ ਵੀ ਵਰਤੇ ਜਾਂਦੇ ਹਨ ਪਰ ਜਿਉਂ ਪੂਰਬ ਤੇ ਦੱਖਣ ਵੱਲ ਜਾਈਏ, ਇਹ ਬਦਲਦੇ ਹੋਏ ਮ੍ਹਾਨੂੰ, ਥ੍ਹਾਨੂੰ, ਹਮੈਂ, ਤੁਮ੍ਹੈਂ, ਥਮੈਂ (ਅਸੀਂ, ਤੁਸੀਂ), ਤੌਂ, ਥਮੈਂ (ਤੂੰ, ਤੁਸੀਂ), ਮ੍ਹਾਰੇ, ਥ੍ਹਾਰੇ (ਸਾਡੇ, ਤੁਹਾਡੇ), ਮਿੰਨੂੰ, ਤਿੰਨੂੰ, ਤੰਨੈਂ (ਮੈਨੂੰ, ਤੈਨੂੰ), ਇਯੌਂ, ਜੌਂਹ (ਇਹ), ਇਬ (ਹੁਣ), ਸਾਤੇ, ਮ੍ਹਾਤੇ (ਸਾਡੇ ਤੋਂ), ਕੌਣਸਾ, ਜੌਣਸਾ (ਕਿਹੜਾ, ਜਿਹੜਾ, ਜਾਂ ਕੌਣ) ਆਦਿ ਵਿਚ ਬਦਲ ਜਾਂਦੇ ਹਨ ।

ਪੁਆਧੀ ਭਾਸ਼ਾ ਦੇ ਕਿਰਿਆ ਰੂਪ ਵੀ ਵੱਖਰੇ ਹਨ ਤੇ ਰਲੇ ਮਿਲੇ ਹਨ । ਜਿਵੇਂ : ਖਾਹਾਂ, ਜਾਹਾਂ (ਖਾਂਦਾ ਹਾਂ, ਜਾਂਦਾ ਹਾਂ), ਕਰੈ (ਕਰ ਰਿਹਾ ਹੈ), ਕਹੈ (ਕਹਿ ਰਿਹਾ ਹੈ), ਦੇਹਾਂ (ਦਿੰਦਾ ਹਾਂ), ਤੋੜਾ, ਰੋੜ੍ਹਾ, (ਤੋੜਦਾ ਹੈ, ਰੋੜ੍ਹਦਾ ਹੈ) ਆਦਿ । ਸਹਾਇਕ ਕਿਰਿਆ ਵਿਚ ਵੀ ਤਬਦੀਲੀ ਆ ਜਾਂਦੀ ਹੈ । ਭਵਿਖਤ ਕਾਲ ਲਈ ਗਾ, ਗੇ, ਗੀ ਵਰਤੇ ਜਾਂਦੇ ਹਨ, ਜਿਵੇਂ ਖ੍ਹਾਗਾ (ਖਾਵੇਗਾ), ਜ੍ਹਾਗਾ (ਜਾਵੇਗਾ), ਖੇਤ ਬਾਹੈਗਾ (ਖੇਤ ਵਾਹੇਗਾ) ਆਦਿ । ਭੂਤਕਾਲ ਲਈ ਤਾ, ਤੇ, ਤਿਆ ਆਦਿ ਵਰਤੇ ਜਾਂਦੇ ਹਨ, ਜਿਵੇਂ ਉਸ ਨੇ ਕੰਮ ਕਰ ਤਾ, (ਕੰਮ ਕਰ ਦਿੱਤਾ), ਛੱਡ ਤਾ, ਜਾਂ ਛੱਡ ਤਿਆ, ਜਾਂ ਛੋੜ ਤਿਆ, (ਛੱਡ ਦਿੱਤਾ) ਆਦਿ । ਇਹੋ ਸ਼ਬਦ ਪੱਛਮੀ ਹਿੰਦੀ ਵਿਚ 'ਛੋੜ ਦੀਆ' ਬਣ ਜਾਂਦਾ ਹੈ ।

ਕ੍ਰਿਆ ਵਿਸ਼ੇਸ਼ਣ ਸ਼ਬਦਾਂ ਵਿਚ ਵੀ ਬਦਲਾਅ ਆ ਜਾਂਦਾ ਹੈ ਤੇ ਇਹ ਹਿੰਦੀ ਨੁਮਾ ਬਣਦੇ ਚਲੇ ਜਾਂਦੇ ਹਨ, ਜਿਵੇਂ ਇਬ (ਹੁਣ), ਇਬਕੈ (ਐਤਕੀ), ਇਬੀ (ਹੁਣੇ), ਇੱਕਣ, ਕਿੱਕਣ (ਇਵੇਂ, ਕਿਵੇਂ), ਜੀਕਣ (ਜਿਵੇਂ) ਜੌਗਣ, ਕੌਗਣ (ਜਦੋਂ ਤੱਕ, ਕਦੋਂ ਤੱਕ), ਇਥੈ, ਉਥੈ (ਇੱਥੇ ਉੱਥੇ), ਨਿਊਂ (ਇਸ ਤਰ੍ਹਾਂ) ।

ਇਸੇ ਤਰ੍ਹਾਂ ਪੁਆਧੀ ਵਿਚ ਹਿੰਦੀ ਤੇ ਪੰਜਾਬੀ ਦੇ ਰਲੇ ਮਿਲੇ ਸੰਬੰਧਕ ਵਰਤੇ ਜਾਂਦੇ ਹਨ । ਕੁਝ ਹੱਦ ਤੱਕ ਪੰਜਾਬੀ ਸੰਬੰਧਕ ਦਾ, ਦੇ, ਦੀ ਆਦਿ ਵੀ ਵਰਤੇ ਜਾਂਦੇ ਹਨ, ਪਰ ਦੱਖਣ ਨੂੰ ਜਾਂਦੇ ਹੋਏ ਇਹ ਕਾ, ਕੇ, ਕੀ ਵਿਚ ਬਦਲ ਜਾਂਦੇ ਹਨ । ਕਈ ਸੰਬੰਧਕ ਪੁਆਧੀ ਦੇ ਨਿਜੀ ਹਨ ਜੋ ਦੂਜੀਆਂ ਉਪਬੋਲੀਆਂ ਵਿਚ ਨਹੀਂ, ਜਿਵੇਂ ਗੈਲ (ਨਾਲ), ਬਿੱਚਮਾਂ (ਵਿੱਚ), ਲਵੈ (ਨੇੜੇ), ਕੰਨੀ (ਪਾਸੇ), ਓੜ੍ਹੀ (ਤਰਫ਼) । ਕਾਰਕੀ ਸੰਬੰਧਕ ਵੀ ਵੱਖਰੇ ਹਨ, ਜਿਵੇਂ : ਕਾਸ ਮਾਂ (ਕਿਸ ਵਿਚ) ਕਾਸ ਤੇ ਜਾਂ ਕ੍ਹਾਤੇ (ਕਿਸ ਕਰਕੇ, ਕਿਉਂ), ਜਾਸ ਨੂੰ (ਜਿਸ ਕਰਕੇ), ਪਰ (ਉਤੇ), ਕੀਹਕਾ ਜਾਂ ਕ੍ਹੀਕਾ (ਕਿਸ ਦਾ), ਕੀਹਨੂੰ (ਕਿਸ ਨੂੰ), ਕਾਹਨੂੰ ਜਾਂ ਕ੍ਹਾਨੂੰ (ਨਾਂਹਵਾਚੀ) ।

ਪੁਆਧੀ ਵਿਚ ਮਲਵਈ ਉਪਭਾਸ਼ਾ ਵਾਂਗ ਹੀ 'ਵ' ਧੁਨੀ 'ਬ' ਤੇ 'ਮ' ਵਿਚ ਬਦਲ ਜਾਂਦੀ ਹੈ । ਪੁਆਧੀ ਵਿਚ ਇਸ ਬਦਲਾਅ ਦੀ ਮਾਤਰਾ ਮਲਵਈ ਤੋਂ ਜ਼ਿਆਦਾ ਹੈ । ਕਈ ਸ਼ਬਦਾਂ ਵਿਚ 'ਵ' ਦੀ ਥਾਂ ਤੇ 'ਬ' ਜਾਂ 'ਮ' ਉਚਾਰਿਆ ਜਾਂਦਾ ਹੈ । ਜਿਵੇਂ : ਸਬੇਰਾ, ਸੋਚਬਾਨ, ਬਾਲ, ਬੀਹ, ਤਬੀਤ, ਬੇਚਣਾ, ਬੇਲਣਾ ਆਦਿ । ਕਈ ਥਾਂਵਾਂ ਤੇ ਇਹ ਧੁਨੀ 'ਮ' ਵਿਚ ਬਦਲ ਜਾਂਦੀ ਹੈ ਜਿਵੇਂ : ਐਮੇਂ, ਤੀਮੀਂ, ਸਿਰਨਾਮਾਂ, ਸਗਮਾਂ (ਸਗੋਂ), ਜਮਾਈ (ਜਵਾਈ), ਕੈਮਾਂ (ਕਿਨਵਾਂ), ਜਾਮਾਂਗਾ, ਕਾਮਾਰੌਲੀ ਆਦਿ ।

ਇਸੇ ਤਰ੍ਹਾਂ ਕੁਝ ਸ਼ਬਦਾਵਲੀ ਪੁਆਧੀ ਵਿਚ ਆਪਣੀ ਤਰ੍ਹਾਂ ਨਾਲ ਵਰਤੀ ਜਾਂਦੀ ਹੈ, ਜਿਹੜੀ ਕੇਂਦਰੀ ਪੰਜਾਬੀ ਵਿਚ ਹੋਰ ਤਰ੍ਹਾਂ ਹੈ । ਉਦਾਹਰਨ ਵੱਜੋਂ - ਸ਼ਬਦ, ਬੌਲਦ (ਬਲਦ), ਗੈਂ (ਗਊ), ਬੁੜ੍ਹੀ (ਬੁੱਢੀ ਔਰਤ), ਪਸਿੰਦ, ਥਿਆਉਣਾ, ਬਿਆਹ (ਵਿਆਹ), ਤਲੈ (ਥੱਲੇ), ਪਰ (ਉੱਤੇ), ਊਹਕਾ (ਉਸਦਾ), ਈਹਕਾ (ਇਸਦਾ), ਆਦਿ । ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ ਇਹ ਖੇਤਰ ਬਹੁਤ ਹੀ ਮਹੱਤਵਪੂਰਨ ਹੈ, ਜਿਸ ਵਿਚ ਹਾਲੇ ਕਾਫ਼ੀ ਅਧਿਐਨ ਕਰਨ ਦੀ ਜ਼ਰੂਰਤ ਹੈ ।

# ਪੁਆਧ ਅਤੇ ਪੁਆਧੀ

*ਡਾ. ਕਰਨੈਲ ਸਿੰਘ ਸੋਮਲ*

ਆਪਣੇ ਪਿੰਡ ਕਲੌੜ ਦੇ ਜੰਮਪਲ ਭਾਈ ਦਿੱਤ ਸਿੰਘ ਗਿਆਨੀ ਬਾਰੇ ਪੁਸਤਕ ਲਿਖਣ ਵੇਲੇ ਮੈਨੂੰ ਇਕ ਔਕੜ ਇਹ ਆਈ ਕਿ 'ਖ਼ਾਲਸਾ ਅਖ਼ਬਾਰ ਲਾਹੌਰ' ਵਿਚ ਲਿਖੇ ਸੰਪਾਦਕੀ ਅਤੇ ਹੋਰ ਲੇਖ ਬਿਨਾਂ ਨਾਉਂ ਤੋਂ ਹੁੰਦੇ ਸਨ । ਭਾਈ ਦਿੱਤ ਸਿੰਘ ਇਸ ਪੱਤਰ ਦੇ ਸੰਪਾਦਕ ਸਨ । ਨਿਸ਼ਚੇ ਹੀ ਇਕ ਸਮੱਗਰੀ ਉਨ੍ਹਾਂ ਦੀ ਲਿਖੀ ਹੁੰਦੀ ਸੀ ਪਰ ਬਿਨਾਂ ਪੁਸ਼ਟ ਪਰਮਾਣਾਂ ਤੋਂ ਇਹ ਮੰਨਣਾ ਔਖਾ ਸੀ । ਉਸ ਵੇਲੇ ਮੇਰੇ ਲਈ ਸਹਾਈ ਬਣਿਆ ਭਾਈ ਸਾਹਿਬ ਦੀਆਂ ਲਿਖਤਾਂ ਵਿਚ ਉਘੜਿਆ ਪੁਆਧੀ ਦਾ ਰੰਗ। ਪਹਿਲਾਂ ਦੱਸ ਦੇਈਏ ਕਿ ਸਿੰਘ ਸਭਾ ਲਹਿਰ ਦੇ ਚੋਟੀ ਦੇ ਲੇਖਕ ਅਤੇ ਵਿਦਵਾਨ ਭਾਈ ਦਿੱਤ ਸਿੰਘ ਪਿੰਡ ਕਲੌੜ ਦੇ ਜੰਮਪਲ ਸਨ । ਇਹ ਪਿੰਡ ਪਹਿਲਾਂ ਪਟਿਆਲਾ ਰਿਆਸਤ ਵਿਚ ਸੀ । ਰਿਆਸਤਾਂ ਟੁੱਟੀਆਂ ਤਾਂ ਇਹ ਜ਼ਿਲ੍ਹਾ ਪਟਿਆਲਾ ਵਿਚ ਆ ਗਿਆ । ਪਿੱਛੋਂ ਜਦੋਂ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਬਣਿਆ ਤਦ ਇਹ ਇਸ ਨਵੇਂ ਬਣੇ ਜ਼ਿਲ੍ਹੇ ਵਿਚ ਸ਼ਾਮਲ ਕਰ ਲਿਆ ਗਿਆ । ਭਾਈ ਸਾਹਿਬ ਅੱਠ ਸਾਲ ਦੀ ਆਯੂ ਤੱਕ ਕਲੌੜ ਰਹੇ । ਉਸ ਪਿੱਛੋਂ ਉਹ ਕਿਸ਼ੋਰ ਅਵਸਥਾ ਪੂਰੀ ਹੋਣ ਤੱਕ ਉਸ ਸਮੇਂ ਦੇ ਜ਼ਿਲ੍ਹਾ ਅੰਬਾਲਾ (ਹੁਣ ਰੋਪੜ) ਦੇ ਪਿੰਡ ਤਿਊੜ ਵਿਖੇ ਰਹੇ ।

ਪਿੰਡ ਤਿਊੜ ਸੌ ਫ਼ੀਸਦੀ ਪੁਆਧ ਵਿਚ ਆਉਂਦਾ ਹੈ ਜਦ ਕਿ ਪਿੰਡ ਕਲੌੜ ਪੁਆਧ ਅਤੇ ਮਾਲਵੇ ਦੇ ਵਿਚਕਾਰ ਜਿਹੇ ਪੈਂਦਾ ਹੈ । ਵਿਅਕਤੀ ਦੇ ਪਹਿਲੇ ਵਰ੍ਹਿਆਂ ਦੇ ਪ੍ਰਭਾਵ ਉਸ ਦੇ ਬਾਅਦ ਦੇ ਸਾਰੇ ਜੀਵਨ ਤੇ ਅਸਰਦਾਈ ਹੁੰਦੇ ਹਨ । ਭਾਈ ਦਿੱਤ ਸਿੰਘ ਦੀਆਂ ਲਿਖਤਾਂ ਵਿਚ ਇਹ ਪੁਆਧੀ ਰੰਗ ਕਈ ਰੂਪਾਂ ਵਿਚ ਪ੍ਰਗਟ ਹੋਇਆ । ਕਿਰਿਆ 'ਸੀ' ਲਈ 'ਤਾ' ਸ਼ਬਦ ਦੀ ਵਰਤੋਂ, ਅਲੰਕਾਰਾਂ ਦੀ ਬਣਤਰ ਵਿਚ ਪੁਆਧ ਦੇ ਇਲਾਕੇ ਦੀ ਭੋਇੰ, ਬਨਸਪਤੀ, ਫ਼ਸਲਾਂ, ਬੇਜ਼ਮੀਨੇ ਲੋਕਾਂ ਦੇ ਕੰਮ-ਧੰਦੇ ਆਦਿ ਝਲਕਦੇ ਸਨ । ਹੋਰ ਸੰਕੇਤਾਂ ਤੋਂ ਇਲਾਵਾ, ਪੁਆਧੀ ਦੇ ਪਛਾਣ ਚਿੰਨ੍ਹਾਂ ਦੀ ਪੈੜ ਫੜ ਕੇ ਮੈਂ ਨਿਰਣਾ ਸਕਿਆ ਕਿ ਇਹ ਲਿਖਤਾਂ ਭਾਈ ਦਿੱਤ ਸਿੰਘ ਦੀਆਂ ਹਨ ।

ਸਾਡੇ ਕਈ ਨਜ਼ਦੀਕ ਦੇ ਰਿਸ਼ਤੇਦਾਰ ਸ਼ੁੱਧ ਪੁਆਧੀ ਹਨ ਅਤੇ ਮੇਰਾ ਆਪਣਾ ਪਿੰਡ ਪੁਆਧ ਅਤੇ ਮਾਲਵੇ ਦੇ ਵਿਚਾਲੇ ਪੈਂਦਾ ਹੋਣ ਕਰਕੇ ਮੈਂ ਮਹਿਸੂਸ ਕਰ ਸਕਦਾ ਹਾਂ ਕਿ ਪੁਆਧ ਅਤੇ ਪੁਆਧੀ ਦੀਆਂ ਕਿਹੜੀਆਂ ਵਿਸ਼ੇਸ਼ਤਾਵਾਂ ਹਨ । ਮੇਰੇ ਅਨੁਮਾਨ ਵਿਚ ਪੁਆਧ ਪੰਜਾਬ ਦਾ ਉਹ ਇਲਾਕਾ ਹੈ ਜਿਹੜਾ ਹਿੰਦੀ ਬੋਲਦੇ ਇਲਾਕੇ ਦੀ ਪੱਟੀ

ਦੇ ਨਾਲ ਲਗਵਾਂ ਹੈ । ਸ਼ਬਦਾਵਲੀ ਪੱਖੋਂ ਵੀ ਇਸ ਦਾ ਨਿਤਾਰਾ ਹੋ ਜਾਂਦਾ ਹੈ । ਮਿਸਾਲ ਵਜੋਂ :

| ਠੇਠ ਪੰਜਾਬੀ | ਪੁਆਧੀ | ਹਿੰਦੀ |
|---|---|---|
| ਕਮਾਦ | ਇੱਖ | ਈਖ |
| ਮੱਝ | ਮ੍ਹੈਂਸ | ਭੈਂਸ |
| ਚੰਗਾ | ਅੱਛਾ | ਅੱਛਾ |
| ਕੀ | ਕਿਆ | ਕਯਾ |
| ਕੁਝ | ਕੁਸ | ਕੁਛ |
| ਭਰਾ | ਬਾਈ | ਭਾਈ |
| ਗਊ | ਗੈਂ | ਗਾਯ |
| ਦਰੱਖਤ | ਪੇੜਾ | ਪੇੜ |
| ਥਾਂ | ਥੌੜ | ਸਥਾਨ |
| ਸਾਡਾ | ਮ੍ਹਾਰਾ | ਹਮਾਰਾ |
| ਤੁਹਾਡਾ | ਥਾਰਾ | ਤੁਮਹਾਰਾ |
| ਸਾਨੂੰ | ਹਮ੍ਹੇਂ | ਹਮ ਕੋ |
| ਮੈਨੂੰ | ਮਾਨੂੰ | ਮੁਝੇ |
| ਇਹ | ਯੌ | ਯਹ |
| ਉਹ | ਵੋ | ਵਹ |
| ਹੁਣ | ਇਬ | ਅਬ |
| ਦਿੰਦਾ ਸੀ | ਦੇਹੇ ਤਾ | ਦੇਤਾ ਥਾ |

ਪੁਆਧ ਦੇ ਖਿੱਤੇ ਵਿੱਚ ਭਾਸ਼ਾ ਤੇ ਸਭਿਆਚਾਰਕ ਸ਼ੈਲੀ ਦੇ ਕਈ ਹੋਰ ਵਖਰੇਵੇਂ ਵੀ ਹਨ ।

ਇਕ ਹੋਰ ਵਿਸ਼ੇਸ਼ਤਾ ਜੋ ਪੁਆਧ ਨੂੰ ਹੋਰ ਇਲਾਕਿਆਂ ਨਾਲੋਂ ਨਿਖੇੜਦੀ ਹੈ ਉਹ ਇੱਥੇ ਬ੍ਰਾਹਮਣੀ ਰਹੁ-ਰੀਤਾਂ ਦਾ ਬੋਲ-ਬਾਲਾ ਰਿਹਾ ਹੋਣਾ ਹੈ । ਸਿੱਖ ਧਰਮ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਨਾਲ ਰਾਵੀਓਂ ਪਾਰ ਹੋਇਆ । ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਵੀ ਰਹੇ । ਇਸ ਹਿਸਾਬ ਨਾਲ ਇਹ ਰਾਵੀ ਤੋਂ ਕੁਝ ਉਰਾਰ ਦਾ ਇਲਾਕਾ ਵੀ ਬਣਦਾ ਹੈ । ਫਿਰ ਮਾਝਾ ਗੁਰਾਂ ਦੀ ਸਿੱਖੀ ਵਿਚ ਰੰਗਿਆ ਗਿਆ । ਰਾਵੀ ਅਤੇ ਬਿਆਸ ਦੇ ਵਿਚਕਾਰ ਪੈਂਦੇ ਇਸ ਇਲਾਕੇ ਤੋਂ ਬਾਹਰ ਸਿੱਖੀ ਦਾ ਪ੍ਰਭਾਵ ਛੇਵੇਂ ਗੁਰੂ ਜੀ ਦੇ ਸਤਲੁਜ ਦੇ ਇਲਾਕੇ, ਯਾਅਨੀ ਕੀਰਤਪੁਰ ਸਾਹਿਬ ਵਿਖੇ ਆਪਣਾ ਨਿਵਾਸ ਬਣਾਉਣ ਨਾਲ ਮਾਲਵੇ ਤੱਕ ਆ ਗਿਆ । ਫਿਰ ਪੁਆਧ ਨੂੰ ਇਹ ਸੁਭਾਗ ਪ੍ਰਾਪਤ ਹੋਇਆ।

ਪੁਆਧ ਦੀ ਗੱਲ ਪੰਜਾਬ ਦੇ ਦਰਿਆਵਾਂ ਦੇ ਪ੍ਰਸੰਗ ਵਿਚ ਕਰਨੀ ਇਸ ਲਈ ਜ਼ਰੂਰੀ ਹੈ ਕਿ ਪੰਜਾਬੀ ਦੀਆਂ ਉਪਬੋਲੀਆਂ ਦੇ ਇਲਾਕਿਆਂ ਦਾ ਨਿਖੇੜ

ਦਰਿਆਵਾਂ 'ਤੇ ਅਧਾਰਿਤ ਹੈ । ਬੀਤੇ ਸਮੇਂ ਵਿਚ ਦਰਿਆ ਆਰ ਪਾਰ ਦੀ ਪਰਸਪਰ ਆਮ ਆਵਾਜਾਈ ਦੇ ਰਾਹ ਵਿਚ ਰੁਕਾਵਟ ਬਣਦੇ ਸਨ ।

ਭਾਵੇਂ ਸਿੱਖੀ ਦੇ ਕੇਂਦਰ ਪੰਜਾਬ ਤੋਂ ਬਾਹਰ ਵੀ ਬੜੇ ਹੈਨ ਪਰ ਪੰਜਾਬ ਦੇ ਉੱਪ ਬੋਲੀਆਂ ਦੇ ਆਧਾਰ 'ਤੇ ਨਿਖੇੜੇ ਗਏ ਇਲਾਕਿਆਂ ਵਿਚੋਂ ਪੁਆਧ ਸਭ ਤੋਂ ਅਖੀਰ ਵਿਚ ਸਿੱਖੀ ਦੇ ਪ੍ਰਭਾਵ ਹੇਠ ਆਇਆ । ਇਸ ਤਰ੍ਹਾਂ ਲੰਮੀ ਦੇਰ ਤੱਕ ਇੱਥੇ ਬ੍ਰਾਹਮਣੀ ਰਸਮਾਂ ਰਿਵਾਜਾਂ ਦਾ ਬੋਲਬਾਲਾ ਰਿਹਾ । ਭਾਵੇਂ ਹੁਣ ਇਸ ਇਲਾਕੇ ਵਿਚ ਛੇਵੇਂ, ਸੱਤਵੇਂ, ਨੌਵੇਂ ਅਤੇ ਦਸਵੇਂ ਗੁਰੂ ਜੀ ਦੇ ਨਾਲ ਸਬੰਧਿਤ ਅਨੇਕਾਂ ਸਥਾਨ ਹਨ, ਫਿਰ ਵੀ ਬ੍ਰਹਮਣੀ ਰਹੁ ਰੀਤਾਂ ਦੀ ਰਹਿੰਦ-ਖੂੰਹਦ ਕਾਫ਼ੀ ਵੇਖੀ ਜਾ ਸਕਦੀ ਹੈ। ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨਾਲ ਲੱਗਦੇ ਪੁਆਧ ਵਿਚ ਦੇਵੀਆਂ ਦੇ ਮੰਦਰ ਵਧੇਰੇ ਹਨ । ਸ਼ਿਵਾਲਿਕ ਨਾਉਂ ਤੋਂ ਵੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਕਿਸੇ ਸਮੇਂ ਇਹ ਇਲਾਕਾ ਸ਼ਿਵ-ਪੂਜਕਾਂ ਦਾ ਰਿਹਾ ਹੈ । ਜਿਉਂ ਜਿਉਂ ਦੱਖਣ ਪੱਛਮ ਨੂੰ ਜਾਈਏ ਗੁੱਗੇ ਦੀਆਂ ਮਾੜੀਆਂ ਆਮ ਮਿਲਦੀਆਂ ਹਨ । ਭਾਈ ਦਿੱਤ ਸਿੰਘ ਦੀ ਸਿੰਘ ਸਭਾ ਦੇ ਸੁਧਾਰ ਜਤਨਾ ਵੱਜੋਂ ਲਿਖੀ 'ਗੁੱਗਾ ਗਪੌੜਾ' ਦੇ ਨਾਉਂ ਦੀ ਇਕ ਪੁਸਤਕ ਵੀ ਬੜੀ ਮਸ਼ਹੂਰ ਹੋਈ । ਇਸ ਵਿਚ ਉਨ੍ਹਾਂ ਨੇ ਗੁੱਗਾ-ਪੂਜਾ ਦਾ ਖ਼ੂਬ ਖੰਡਣ ਮੰਡਨ ਕੀਤਾ । ਜਲਸੇ, ਰਾਸਾਂ, ਛਿੰਝਾਂ, ਮੇਲਿਆਂ ਦੇ ਸਮੇਂ ਗਵਈਆਂ ਦੇ ਅਖਾੜੇ ਪੁਆਧ ਦੇ ਖ਼ਾਸ ਰੰਗ ਰਹੇ ਹਨ ।

ਇੱਥੇ ਇਹ ਗੱਲ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਸਾਰੇ ਪੁਆਧ ਦੀ ਜਿਵੇਂ ਜ਼ਮੀਨ ਧਰਾਤਲ ਅਤੇ ਉਪਜਾਇਕਤਾ ਪੱਖੋਂ ਇਕ ਸਮਾਨ ਨਹੀਂ ਹੈ ਤਿਵੇਂ ਪੁਆਧੀ ਦੇ ਲੱਛਣ ਵੀ ਸਭ ਥਾਈਂ ਇਕ ਸਾਰ ਨਹੀਂ ਹਨ । ਮਾਲਵੇ ਦੀ ਪੱਟੀ ਦੇ ਨਾਲ ਦਾ ਪੁਆਧ ਦਾ ਇਲਾਕਾ ਪੁਆਧੀ ਅਤੇ ਮਲਵਈ ਦੀ ਮਿੱਸ ਆਖੀ ਜਾ ਸਕਦੀ ਹੈ ।

ਘੱਗਰ ਦਰਿਆ ਪੁਆਧ ਦਾ ਦਰਿਆ ਹੈ । ਇਸ ਖਿੱਤੇ ਵਿਚ ਜ਼ਮੀਨ ਐਨੀ ਉਪਜਾਊ ਨਹੀਂ ਸੀ । ਖੇਤੀ ਵਰਖਾ ਉੱਤੇ ਨਿਰਭਰ ਕਰਦੀ ਸੀ । ਆਵਾਜਾਈ ਦੇ ਸਾਧਨ ਵੀ ਅਣਵਿਕਸਤ ਹੀ ਰਹੇ । ਵਿੱਦਿਆ ਦੀਆਂ ਸੰਸਥਾਵਾਂ ਨਾ ਮਾਤਰ ਹੀ ਸਨ । ਅਜਿਹੇ ਕਈ ਕਾਰਨਾਂ ਕਰਕੇ ਪੁਆਧ ਦਾ ਇਲਾਕਾ ਕਈ ਪੱਖਾਂ ਤੋਂ ਪਛੜਿਆ ਰਿਹਾ। ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਵਿਚ ਸਤਲੁਜ ਤੋਂ ਉਰਾਰ, ਭਾਵ ਅੰਬਾਲੇ ਵੱਲ ਦਾ ਇਲਾਕਾ, ਜਾਂ ਤਾਂ ਸਿੱਧਾ ਹੀ ਅੰਗਰੇਜ਼ਾਂ ਦੇ ਅਧੀਨ ਸੀ ਜਾਂ ਰਿਆਸਤਾਂ ਹੇਠ ਅਸਿੱਧੇ ਰੂਪ ਵਿਚ ਅੰਗਰੇਜ਼ਾਂ ਦੀ ਸੁਰੱਖਿਆ ਵਿਚ ਸੀ । ਉਦੋਂ ਇਸ ਇਲਾਕੇ ਦੇ ਕਿਸੇ ਬੰਦੇ ਨੂੰ ਰਣਜੀਤ ਸਿੰਘ ਦੇ ਰਾਜ ਵਿਚ ਮੁਲਾਜ਼ਮ ਬਣ ਸਕਣਾ ਸੁਖਾਲਾ ਨਹੀਂ ਸੀ । ਉਸ ਦੀ ਵਫ਼ਾਦਾਰੀ ਉੱਤੇ ਸ਼ੱਕ ਹੋ ਸਕਦਾ ਸੀ । ਇਸ ਨਾਲ ਇਹ ਪ੍ਰਭਾਵ ਵੀ ਲਿਆ ਜਾਣ ਲੱਗ ਪਿਆ ਸੀ ਜਿਵੇਂ ਮਾਝੇ ਦਾ ਇਲਾਕਾ ਮਾਲਵੇ ਅਤੇ ਪੁਆਧ ਦੇ ਇਲਾਕੇ ਨਾਲੋਂ ਸ੍ਰੇਸ਼ਟ ਹੋਵੇ । ਇਸ ਲਿਹਾਜ਼ ਨਾਲ ਪੁਆਧ ਦੇ ਇਲਾਕੇ ਦਾ ਦਰਜਾ ਹੋਰ ਵੀ ਘਟ ਪ੍ਰਤੀਤ ਹੁੰਦਾ ਸੀ ।

ਪਰ ਅਜੋਕਾ ਪੁਆਧ ਪਹਿਲੇ ਪੁਆਧ ਨਾਲੋਂ ਵੱਖਰੇ ਮੁਹਾਂਦਰੇ ਵਾਲਾ ਹੋ ਗਿਆ ਹੈ । ਪੰਜਾਬ ਅਤੇ ਹਰਿਆਣਾ ਦੇ ਰਾਜਾਂ ਅਤੇ ਕੇਂਦਰ-ਪ੍ਰਸ਼ਾਸਿਤ ਇਲਾਕੇ ਚੰਡੀਗੜ੍ਹ ਦੀ ਰਾਜਧਾਨੀ ਬਣੇ ਚੰਡੀਗੜ੍ਹ ਦਾ ਇਸ ਇਲਾਕੇ ਵਿਚ ਹੋਣਾ ਸਭ ਤੋਂ ਵੱਡਾ ਪ੍ਰਭਾਵਪਾਊ ਸਾਬਤ ਹੋਇਆ । ਸਾਹਿਬਜ਼ਾਦਾ ਅਜੀਤ ਸਿੰਘ ਨਾਉਂ ਦੇ ਆਧੁਨਿਕ ਨਗਰ ਦੇ ਹੋਂਦ ਵਿਚ ਆਉਣ ਨਾਲ ਇਥੇ ਜੰਗਲ ਵਿਚ ਮੰਗਲ ਵਾਲੀ ਗੱਲ ਹੋ ਗਈ। ਇਨ੍ਹਾਂ ਵੱਡੇ ਨਗਰਾਂ ਲਈ ਸਬਜ਼ੀ, ਦੁੱਧ, ਸਸਤੀ ਮਜ਼ਦੂਰ ਸ਼ਕਤੀ ਆਦਿ ਮਹੱਈਆ ਕਰਨ ਲਈ ਇਹ ਇਲਾਕਾ ਵੀ ਪੱਕੀਆਂ ਸੜਕਾਂ ਵਾਲਾ ਬਣ ਗਿਆ । ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ ਪੰਜਾਬ ਵਿਚ ਪ੍ਰਵੇਸ਼ ਕਰਨ ਲਈ ਪੁਆਧ ਵਿਚੋਂ ਲੰਘਣਾ ਪੈਂਦਾ ਹੈ । ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਨਵੇਂ ਬਣੇ ਅਤੇ ਬਣ ਰਹੇ ਸੈਕਟਰ ਕਦੇ ਬੇਕਾਰ ਸਮਝੀ ਜਾਂਦੀ ਇਸ ਧਰਤੀ ਨੂੰ ਬੇਹੱਦ ਕੀਮਤੀ ਬਣਾ ਰਹੇ ਹਨ ।

ਪੁਆਧ ਦੇ ਇਲਾਕੇ ਦੇ ਪੁਰਾਣੇ ਮੁੱਖ ਨਗਰ ਜਿਵੇਂ ਆਨੰਦਪੁਰ ਸਾਹਿਬ, ਰੋਪੜ, ਪਟਿਆਲਾ ਅਤੇ ਸੰਗਰੂਰ ਵੀ ਅਜੋਕੇ ਸਮੇਂ ਵਿਚ ਨਿਖਾਰ ਵਿਚ ਆ ਗਏ। ਅਨੇਕਾਂ ਨਾਮੀ ਵਿਦਿਅਕ ਸੰਸਥਾਵਾਂ ਖੁੱਲ੍ਹੀਆਂ, ਉਦਯੋਗਿਕ ਇਕਾਈਆਂ ਸਥਾਪਿਤ ਹੋਈਆਂ । ਸੰਜਾਈ ਦੇ ਾਧਨ ਵੀ ਵਿਕਸਤ ਹੋ ਗਏ । ਖੇਤੀ ਬਾੜੀ ਵਿਚ ਇਹ ਇਲਾਕਾ ਪੰਜਾਬ ਦੇ ਹੋਰ ਇਲਾਕਿਆਂ ਨਾਲ ਬਰਾਬਰੀ ਕਰਨ ਲੱਗ ਪਿਆ । ਇਸ ਨਾਲ ਗੱਡਿਆਂ ਅਤੇ ਊਠਾਂ ਉੱਤੇ ਭਾੜਾ ਢੋਣ ਵਾਲੇ ਲੋਕ ਨਵੇਂ ਰੰਗ ਵਿਚ ਰੰਗੇ ਗਏ।

ਅਜੋਕੇ ਸਮੇਂ ਵਿਚ ਹਰ ਉਪ-ਭਾਸ਼ਾ ਦੇ ਸੱਭਿਆਚਾਰ ਦਾ ਮੁੱਲ ਪੈਣ ਲੱਗ ਪਿਆ । ਇਹ ਧਾਰਨਾ ਵੀ ਪੱਕੀ ਹੋ ਗਈ ਕਿ ਹਰ ਉਪ-ਭਾਸ਼ਾ ਦੇ ਇਲਾਕੇ ਦਾ ਆਪਣਾ ਵਿਸ਼ੇਸ਼, ਮੁੱਲਵਾਨ ਸੱਭਿਆਚਾਰ ਹੁੰਦਾ ਹੈ । ਅਜਿਹੀਆਂ ਨਿੱਗਰ ਮਾਨਤਾਵਾਂ ਸਦਕੇ ਪੁਆਧੀ ਦੇ ਲੇਖਕਾਂ, ਕਲਾਕਾਰਾਂ, ਵਿਦਵਾਨਾਂ ਦੇ ਯੋਗਦਾਨ ਨੂੰ ਪਛਾਣਿਆ ਜਾਣ ਲੱਗ ਪਿਆ । ਹੁਣ ਸਹੀ ਸਮਾਂ ਹੈ ਕਿ ਪੁਰਾਣੇ ਅਧਾਰ ਰਹਿਤ ਦੁਸ਼-ਧਾਰਨਾਵਾਂ ਤੋਂ ਮੁਕਤ ਹੋ ਕੇ ਇਸ ਇਲਾਕੇ ਦੀ ਵਡਿਆਈ ਨੂੰ ਪਛਾਣਿਆ ਜਾਵੇ । ਪੁਆਧੀ ਪੰਜਾਬੀ ਸੱਥ ਦੀ ਸਥਾਪਨਾ ਇਸੇ ਦਿਸ਼ਾ ਵਿਚ ਇਕ ਮਾਣ ਕਰਨ ਯੋਗ ਵਾਧਾ ਹੈ ।

# ਪੁਆਧ ਦੀ ਭਾਸ਼ਾ ਵੰਨਗੀ

*ਡਾ. ਜਸਵਿੰਦਰ ਸਿੰਘ ਧਾਲੀਵਾਲ*

ਭਾਸ਼ਾ, ਇਕ ਭਾਸ਼ਾਈ ਖੇਤਰ ਵਿਚ ਬੋਲੀ ਜਾਣ ਵਾਲੀ ਟਕਸਾਲੀ/ ਮਿਆਰੀ ਭਾਸ਼ਾ ਨੂੰ ਕਿਹਾ ਜਾਂਦਾ ਹੈ, ਜਦੋਂ ਕਿ ਉਪ-ਭਾਸ਼ਾ ਮਿਆਰੀ ਭਾਸ਼ਾ ਦੇ ਕਿਸੇ ਵਿਸ਼ੇਸ਼ ਜਾਂ ਸੀਮਤ ਹਿੱਸੇ ਵਿਚ ਬੋਲੀ ਜਾਣ ਵਾਲੀ ਲੋਕ-ਬੋਲੀ ਨੂੰ ਕਿਹਾ ਜਾਂਦਾ ਹੈ । ਇਹ ਮਿਆਰੀ ਭਾਸ਼ਾ ਨਾਲੋਂ ਉਚਾਰਨ, ਵਿਆਕਰਨ, ਸ਼ਬਦਾਵਲੀ ਅਤੇ ਮੁਹਾਵਰੇ ਦੇ ਪੱਖ ਤੋਂ ਕੁਝ ਵੱਖਰੇਵਾਂ ਰਖਦੀ ਹੈ । ਇਹ ਵੱਖਰੇਵਾਂ ਇੰਨਾ ਜ਼ਿਆਦਾ ਨਹੀਂ ਹੁੰਦਾ ਕਿ ਇਹਨਾਂ ਨੂੰ ਵੱਖਰਾ-ਵੱਖਰਾ ਕੀਤਾ ਜਾ ਸਕੇ । ਉਪ-ਭਾਸ਼ਾ ਵਿਚ ਮਿਆਰੀ ਭਾਸ਼ਾ ਵਾਲੇ ਸਾਰੇ ਹੀ ਗੁਣ ਮੌਜੂਦ ਹੁੰਦੇ ਹਨ ਤੇ ਉਹ ਸਮਾਂ ਪਾ ਕੇ ਕਈ ਵਾਰ ਖੁਦ ਵੀ ਭਾਸ਼ਾ ਦਾ ਰੂਪ ਧਾਰਨ ਕਰ ਸਕਦੀ ਹੈ ।

ਜੇਕਰ ਅਸੀਂ ਉਪ-ਭਾਸ਼ਾਵਾਂ ਦਾ ਅਧਿਐਨ ਕਰੀਏ ਤਾਂ ਇਹ ਗੱਲ ਸਿੱਧ ਹੁੰਦੀ ਹੈ ਕਿ ਇਕ ਖੇਤਰ ਵਿਚ ਬੋਲੀ ਜਾਣ ਵਾਲੀ ਉਪ-ਭਾਸ਼ਾ ਦਾ ਦੂਜੇ ਖੇਤਰ ਵਿਚ ਬੋਲੀ ਜਾਂਦੀ ਉਪ-ਭਾਸ਼ਾ ਨਾਲੋਂ ਵੱਖਰਾਪਣ ਜ਼ਰੂਰ ਹੁੰਦਾ ਹੈ । ਇਹ ਗੱਲ ਵੀ ਪ੍ਰਮਾਣਿਤ ਹੋ ਚੁੱਕੀ ਹੈ ਕਿ ਇਕੋ ਭਾਸ਼ਾ ਨੂੰ ਬੋਲਣ ਵਾਲੇ ਦੋ ਬੁਲਾਰਿਆਂ ਦਾ ਉਚਾਰਨ ਪੱਖ ਤੋਂ ਕੁਝ ਵੱਖਰੇਵਾਂ ਹੁੰਦਾ ਹੈ । ਇਹ ਵੱਖਰੇਵਾਂ ਹੀ ਉਪ-ਭਾਸ਼ਾਵਾਂ ਨੂੰ ਜਨਮ ਦਿੰਦਾ ਹੈ । ਇਕ ਉਪ-ਭਾਸ਼ਾ ਦੇ ਦੂਜੀ ਉਪ-ਭਾਸ਼ਾ ਨਾਲ ਵਖਰੇਵੇਂ ਦਾ ਕਾਰਨ ਸਮੇਂ ਤੇ ਸਥਾਨ ਦੀ ਦੂਰੀ ਹੈ । ਪਹਿਲਾਂ ਪਹਿਲ ਸਮੇਂ ਤੇ ਸਥਾਨ ਦੀ ਦੂਰੀ ਬਹੁਤ ਹੁੰਦੀ ਸੀ । ਇਸ ਦਾ ਕਾਰਨ ਸੀ ਕਿ ਪਹਿਲਾਂ ਵਿਗਿਆਨ ਨੇ ਤੱਰਕੀ ਨਹੀਂ ਕੀਤੀ ਸੀ ਤੇ ਸਾਡੇ ਕੋਲ ਸੰਚਾਰ ਦੇ ਸਾਧਨ ਵੀ ਘੱਟ ਸਨ, ਜਿਸ ਕਰਕੇ ਇਕ ਖਿੱਤੇ ਦੇ ਲੋਕ ਦੂਜੇ ਖਿੱਤੇ ਦੇ ਲੋਕਾਂ ਨਾਲ ਤਾਲ ਮੇਲ ਪੈਦਾ ਨਹੀਂ ਕਰ ਸਕਦੇ ਸਨ । ਇਹ ਤਾਲਮੇਲ ਕਈ ਵਾਰ ਦਰਿਆਵਾਂ ਵਿਚ ਹੜ੍ਹ ਆ ਜਾਣ ਕਾਰਨ ਹੋਰ ਵੀ ਲੰਮੇਰਾ ਹੋ ਜਾਂਦਾ ਸੀ, ਜਿਸ ਕਾਰਨ ਕਈ ਉਪ-ਭਾਸ਼ਾਵਾਂ ਸੁਤੰਤਰ ਭਾਸ਼ਾਵਾਂ ਦਾ ਰੂਪ ਵੀ ਧਾਰਨ ਕਰ ਜਾਂਦੀਆਂ ਸਨ । ਅੱਜ ਵਿਗਿਆਨ ਨੇ ਤਰੱਕੀ ਕਰ ਲਈ ਹੈ ਤੇ ਸਾਡੇ ਕੋਲ ਸੰਚਾਰ ਸਾਧਨ ਤੇ ਮਾਧਿਅਮ ਬਹੁਤ ਹਨ, ਜਿਨ੍ਹਾਂ ਕਾਰਨ ਸਮੇਂ ਤੇ ਸਥਾਨ ਦੀ ਦੂਰੀ ਘਟ ਗਈ ਹੈ । ਇਕ ਵਿਅਕਤੀ ਇਕ ਤੋਂ ਦੂਜੀ ਜਗ੍ਹਾ ਆਸਾਨੀ ਨਾਲ ਤੇ ਘਟ ਸਮੇਂ ਵਿਚ ਜਾ ਸਕਦਾ ਹੈ। ਦੂਜੇ ਸਥਾਨ ਦੇ ਲੋਕਾਂ ਨਾਲ ਤਾਲਮੇਲ ਕਰ ਸਕਦਾ ਹੈ । ਇਹੀ ਕਾਰਨ ਹੈ ਕਿ ਇਹਨਾਂ ਉਪ-ਭਾਸ਼ਾਵਾਂ ਦਾ ਵੱਖਰੀਆਂ ਭਾਸ਼ਾਵਾਂ ਬਣਨ ਦਾ ਖਦਸਾ ਘਟ ਗਿਆ ਹੈ ।

ਇਹ ਅਖਾਣ ਕਿ "ਬੋਲੀ ਬਾਰਾਂ ਕੋਹ ਤੇ ਬਦਲ ਜਾਂਦੀ ਹੈ", ਬੜਾ ਯਥਾਰਥਿਕ ਹੈ ਪਰ ਬੋਲੀ ਬਿਲਕੁਲ ਨਹੀਂ ਬਦਲ ਜਾਂਦੀ ਸਗੋਂ ਥੋੜ੍ਹੇ ਬਹੁਤ ਫਰਕ ਵਾਲੀ ਹੀ ਹੁੰਦੀ ਹੈ । ਦੋ ਬੁਲਾਰਿਆਂ ਦੀ ਬੋਲੀ ਨੂੰ ਪਰਖਣ ਲਈ ਕਿ ਕੀ ਇਹ ਇਕੋ ਹੀ ਭਾਸ਼ਾ ਦੀਆਂ ਉਪ-ਭਾਸ਼ਾਵਾਂ ਬੋਲ ਰਹੇ ਹਨ ਤਾਂ ਵੱਖਰੀਆਂ-ਵੱਖਰੀਆਂ ਵਿਧੀਆਂ ਵਰਤੀਆਂ ਜਾਂਦੀਆਂ ਹਨ । ਇਹਨਾਂ ਵਿਧੀਆਂ ਵਿਚੋਂ ਪ੍ਰਮੁੱਖ ਵਿਧੀ ਹੈ, ਪਰਸਪਰ ਸੁਬੋਧ । ਜੇਕਰ ਦੋ ਬੋਲੀਆਂ ਬੋਲਣ ਵਾਲੇ ਵਕਤੇ ਇਕ ਦੂਜੇ ਨੂੰ, ਬਗੈਰ ਕਿਸੇ ਵਿਸ਼ੇਸ਼ ਸਿਖਲਾਈ ਤੋਂ ਅਸਾਨੀ ਨਾਲ ਆਪਣੇ ਵਿਚਾਰ ਬੋਲ ਕੇ ਜਾਂ ਲਿਖ ਕੇ ਸਮਝ ਜਾਂ ਸਮਝਾ ਸਕਦੇ ਹਨ ਤਾਂ ਉਹ ਇੱਕ ਹੀ ਬੋਲੀ ਦੀਆਂ ਦੋ ਉਪ-ਭਾਸ਼ਾਵਾਂ ਬੋਲਣ ਵਾਲੇ ਵਕਤੇ ਹਨ । ਜੇਕਰ ਉਹ ਅਜਿਹਾ ਕਰਨ ਤੋਂ ਅਸਮਰਥ ਹਨ ਤਾਂ ਉਹ ਦੋ ਵੱਖਰੀਆਂ-ਵੱਖਰੀਆਂ ਭਾਸ਼ਾਵਾਂ ਬੋਲਣ ਵਾਲੇ ਹਨ । ਇਥੇ ਇਹ ਗੱਲ ਵੀ ਦੱਸਣਯੋਗ ਹੈ ਕਿ ਕੋਈ ਵੀ ਵਿਅਕਤੀ ਉਪ-ਭਾਸਾ ਨੂੰ ਆਪਣੇ ਸਮਾਜ ਵਿਚੋਂ ਗ੍ਰਹਿਣ ਕਰਦਾ ਹੈ ਜਦੋਂ ਕਿ ਮਿਆਰੀ ਭਾਸ਼ਾ ਨੂੰ ਵਿਸ਼ੇਸ਼ ਸਿਖਲਾਈ ਅਧੀਨ ਹੀ ਸਿਖਿਆ ਜਾ ਸਕਦਾ ਹੈ ।

ਹਰ ਭਾਸ਼ਾ ਦੀਆਂ ਕਈ ਉਪ-ਭਾਸ਼ਾਵਾਂ ਹੁੰਦੀਆਂ ਹਨ । ਕਿਸੇ ਭਾਸ਼ਾ ਦਾ ਜਿੰਨਾ ਵੱਡਾ ਭਾਸ਼ਾਈ ਖੇਤਰ ਹੋਵੇਗਾ, ਉਨੀਆਂ ਹੀ ਜ਼ਿਆਦਾ ਉਸ ਭਾਸ਼ਾ ਦੀਆਂ ਉਪ-ਭਾਸ਼ਾਵਾਂ ਹੁੰਦੀਆਂ ਹਨ । ਇਥੇ ਅਸੀਂ ਪਾਕਿਸਤਾਨੀ ਪੰਜਾਬ ਤੇ ਭਾਰਤੀ ਪੰਜਾਬ ਦੀ ਪੰਜਾਬੀ ਭਾਸ਼ਾ ਦੀ ਗੱਲ ਕਰਦੇ ਹੋਏ ਹੀ ਇਨ੍ਹਾਂ ਦੀ ਵੰਡ ਦੀ ਗੱਲ ਕਰਾਂਗੇ । ਪੰਜਾਬੀ ਦੀਆਂ ਉਪ-ਭਾਸ਼ਾਵਾਂ ਨੂੰ ਅਸੀਂ ਮੋਟੇ ਤੌਰ ਤੇ ਤਿੰਨ ਭਾਗਾਂ ਵਿਚ ਵੰਡ ਸਕਦੇ ਹਾਂ :-

1. ਲਹਿੰਦੀ : ਪੋਠੋਹਾਰੀ, ਝਾਂਗੀ, ਮੁਲਤਾਨੀ ਆਦਿ ।
2. ਪਹਾੜੀ : ਪੁਣਛੀ ਤੇ ਕਾਂਗੜੀ ਆਦਿ ।
3. ਪੂਰਬੀ : ਮਾਝੀ, ਮਲਵਈ, ਦੁਆਬੀ, ਪੁਆਧੀ ਤੇ ਭਟਿਆਣੀ ਆਦਿ ।

ਹੁਣ ਅਸੀਂ ਉਪਰੋਕਤ ਉਪ-ਭਾਸ਼ਾਵਾਂ ਵਿਚੋਂ ਕੇਵਲ ਪੁਆਧੀ ਬਾਰੇ ਹੀ ਗੱਲ ਕਰਾਂਗੇ :-

ਉਪ-ਭਾਸ਼ਾਵਾਂ ਦੇ ਫ਼ਰਕ ਨੂੰ ਪਹਿਚਾਣਨ ਲਈ ਉਚਾਰਨ, ਸ਼ਬਦਾਵਲੀ ਅਤੇ ਵਿਆਕਰਨਿਕ ਵਿਸ਼ੇਸ਼ਤਾਵਾਂ ਨੂੰ ਸਾਧਨ ਮੰਨਿਆ ਜਾਂਦਾ ਹੈ । ਉਪਰੋਕਤ ਤਿੰਨਾਂ ਫਰਕਾਂ ਕਾਰਨ ਹੀ 'ਪੁਆਧੀ' ਦਾ ਪੰਜਬੀ ਦੀਆਂ ਦੂਜੀਆਂ ਉਪ-ਭਾਸ਼ਾਵਾਂ ਨਾਲੋਂ ਵਖਰੇਵਾਂ ਹੈ । ਉਪ-ਭਾਸ਼ਾਵਾਂ ਵਿਚ ਸਭ ਤੋਂ ਪਹਿਲਾਂ ਉਚਾਰਨ ਦੇ ਪੱਖ ਤੋਂ ਵਖਰੇਵਾਂ ਪਤਾ ਚਲਦਾ ਹੈ, ਫਿਰ ਦੂਜੇ ਨੰਬਰ ਤੇ ਸ਼ਬਦਾਵਲੀ ਆਉਂਦੀ ਹੈ । ਉਚਾਰਨ ਪੱਖ ਤੋਂ ਮਾਲਵੇ ਦੀ ਉਪ-ਭਾਸ਼ਾ ਵਾਲਾ ਫ਼ਰਕ 'ਵ' ਦੀ ਥਾਂ 'ਬ' ਪੁਆਧ ਵਿਚ ਵੀ ਉਚਾਰਿਆ ਜਾਂਦਾ ਹੈ । ਜਿਵੇਂ :- 'ਵਿਆਹ' ਦੀ ਥਾਂ 'ਬਿਆਹ', 'ਵੀਰ' ਦੀ ਥਾਂ 'ਬੀਰ', 'ਵਗੈਰਾ' ਦੀ ਥਾਂ 'ਬਗੈਰਾ', 'ਵਣਜ਼' ਦੀ ਥਾਂ 'ਬਣਜ', 'ਵਰਦੀ' ਦੀ ਥਾਂ 'ਬਰਦੀ', 'ਵਹਿਮ' ਦੀ ਥਾਂ 'ਬਹਿਮ', 'ਵਲੇਵਾਂ' ਦੀ ਥਾਂ 'ਬਲੇਮਾਂ', 'ਵਾਹਿਗੁਰੂ' ਦੀ ਥਾਂ 'ਬਾਹਿਗੁਰੂ' ਆਦਿ ।

ਪੰਜਾਬੀ ਭਾਸ਼ਾ ਦੇ ਮਿਆਰੀ ਰੂਪ ਵਿਚਲੇ 'ਵ' ਦੀ ਥਾਂ ਪੁਆਧੀ ਵਿਚ 'ਮ' ਦੀ ਵੀ ਆਮ ਵਰਤੋਂ ਕੀਤੀ ਮਿਲਦੀ ਹੈ । ਜਿਵੇਂ :- 'ਖਾਵਾਂਗਾ' ਦੀ ਥਾਂ 'ਖਾਮਾਂਗਾ', 'ਜਾਵਾਂਗਾ' ਦੀ ਥਾਂ 'ਜਾਮਾਂਗਾ', 'ਪੀਵਾਂਗਾ' ਦੀ ਥਾਂ 'ਪੀਮਾਂਗਾ', 'ਮਾਵਾਂ' ਦੀ ਥਾਂ'ਮਾਮਾਂ' ਆਦਿ ਵਰਤਿਆ ਜਾਂਦਾ ਹੈ ।

ਪੰਜਾਬੀ ਵਿਚ 'ਵ' ਦੀ ਥਾਂ 'ਬ' ਦੀ ਵਰਤੋਂ ਦੀ ਇਕ ਉਦਾਹਰਣ ਵਾਕ ਰਾਹੀਂ ਇਸਤਰ੍ਹਾਂ ਦਿੱਤੀ ਜਾ ਸਕਦੀ ਹੈ :-

ਟਕਸਾਲੀ ਰੂਪ : ਗੁਲਜਾਰ ਨੇ ਵਹਿੜਕੇ ਦੀ ਵੱਖੀ ਵਿਚ ਵੱਟਾ ਮਾਰਿਆ।
ਪੁਆਧੀ ਰੂਪ : ਗੁਲਜਾਰ ਨੇ ਬਹਿੜਕੇ ਕੀ ਬੱਖੀ ਬਿਚ ਬੱਟਾ ਮਾਰਿਆ।

ਇਸੇ ਤਰ੍ਹਾਂ 'ਵ' ਦੀ ਥਾਂ 'ਮ' ਦੀ ਵਰਤੋਂ :-

ਟਕਸਾਲੀ ਰੂਪ : ਜਵਾਈ ਕਦੋਂ ਆਇਆ ।
ਪੁਆਧੀ ਰੂਪ : ਜਮਾਈ ਕਦ ਆਇਆ ।

ਇਸ ਤਰ੍ਹਾਂ 'ਸਾਨੂੰ' ਦੀ ਥਾਂ 'ਹਮਾਨੂੰ', 'ਵਿਚ' ਦੀ ਥਾਂ ਬਿਚਮਾਂ', 'ਹੁਣ' ਦੀ ਥਾਂ 'ਇਬ', 'ਸੀ' ਦੀ ਥਾਂ 'ਥਾ' ਅਤੇ 'ਤੀ', 'ਤੋਂ' ਦੀ ਥਾਂ 'ਤੇ', 'ਕੀ' ਦੀ ਥਾਂ ਕਿਆ' ਬੋਲਦੇ ਹਨ । 'ਆਇਆ ਸੀ' ਦੀ ਥਾਂ 'ਆਇਆ ਤੀ', 'ਗਿਆ ਸੀ' ਦੀ ਥਾਂ 'ਗਿਆ ਥਾ', 'ਕੀ ਕਰਦਾ' ਦੀ ਥਾਂ 'ਕਿਆ ਕਰਦੈਂ', 'ਖੇਤ ਵਿਚ ਦੀ ਥਾਂ 'ਖੇਤ ਮਾਂ' ਆਦਿ ਬੋਲਦੇ ਹਨ । ਇਸ ਤਰ੍ਹਾਂ ਲੁਧਿਆਣੇ ਕੋਲ 'ਥਾ' 'ਤੀ' ਵਿਚ ਬਦਲ ਜਾਂਦਾ ਹੈ।

ਪੁਆਧੀ ਵਿਚ 'ਣ' ਅਤੇ 'ਸ' ਵਿਅੰਜਨਾਂ ਨੂੰ ਉਚਾਰਿਆ ਹੀ ਨਹੀਂ ਜਾਂਦਾ।

ਮਾਝੀ ਦੀਆਂ ਤਿੰਨ ਸੁਰਾਂ ਪੁਆਧੀ ਵਿਚ ਵੀ ਮਿਲਦੀਆਂ ਹਨ ।

ਇਸ ਤਰ੍ਹਾਂ ਪੁਆਧੀ ਵਿਚਲੇ ਕੁਝ ਵਾਕਾਂ ਤੇ ਸ਼ਬਦਾਂ ਦੀ ਵੀ ਉਦਾਹਰਨ ਦਿੱਤੀ ਜਾ ਸਕਦੀ ਹੈ :-

ਵਾਕ :-

1. "ਤੌਂਹ ਸਹਿਰ ਗਿਆ ਤਾ।"
2. "ਪਾਠ ਮਾਸਟਰ ਜੀ ਪੜ੍ਹਾਮਾ ।"
3. "ਤੌਂਹ ਲੁਧਿਆਣੇ ਤੇ ਆਇਆ ।"
4. "ਬਲਦੇਵ ਸਹਿਰ ਗਿਆ ਥਾ ।"
5. "ਪੈਨ ਲਿਆ ਦੇ ।"

ਸ਼ਬਦ :-

ਮਿਆਰੀ ਸ਼ਬਦ ਤੋਂ ਪੁਆਧੀ ਸ਼ਬਦ

| | |
|---|---|
| ਬੇਰ | ਬੈਰ (ਆਨੰਦਪੁਰ ਤਹਿਸੀਲ) |
| ਇਕ ਵਾਰੀ | ਇਕ ਬੇਰੀ |
| ਜੁਆਰ | ਜਮਾਰ |

| | |
|---|---|
| ਜਿਵੇਂ | ਜਿੱਕਣ |
| ਕਿਵੇਂ | ਕਿੱਕਣ |
| ਇਵੇਂ | ਏਕਣ |
| ਉਵੇਂ | ਓਕਣ |
| ਕਿੱਲੀ | ਕੀਲੀ |
| ਬੰਜਰ | ਉਸਰ |
| ਟੂੲੇ | ਥੌਲਾ |
| ਮੁੱਕੇ | ਗੱਦਾ |
| ਉੱਤੇ | ਪਰ |
| ਭੂਆ | ਬੂਆ |
| ਛੇਵਾਂ | ਛੇ ਮਾਂ |
| ਦਾੜ | ਜਾੜ੍ਹ |
| ਗੁਆਂਢ | ਗਮਾਂਡ |
| ਇਥੇ | ਇਥੈ |

ਇਸ ਤਰ੍ਹਾਂ ਪੁਆਧੀ ਉਪ-ਭਾਸ਼ਾ ਵਿਚ ਹਿੰਦੀ ਦਾ ਰਲਾ ਜ਼ਿਆਦਾ ਹੈ। ਕਿਉਂਕਿ ਇਸਦੇ ਇਕ ਪਾਸੇ ਹੀ ਮਾਲਵਾ ਲਗਦਾ ਹੈ ਤੇ ਬਾਕੀ ਸਾਰੇ ਪਾਸੇ ਹਿਮਾਚਲ ਤੇ ਹਰਿਆਨਾ ਲਗਦਾ ਹੈ। ਹਰਿਆਣੇ ਤੇ ਹਿਮਾਚਲ ਵਿਚ ਹਿੰਦੀ ਜ਼ਿਆਦਾ ਬੋਲੀ ਜਾਣ ਕਾਰਨ ਇਸ ਇਲਾਕੇ ਦੀ ਪੰਜਾਬੀ ਉੱਤੇ ਹਿੰਦੀ ਦੀਆਂ ਉਪ-ਭਾਸ਼ਾਵਾਂ ਦਾ ਪ੍ਰਭਾਵ ਪੈਣਾ ਅਵਸ਼ਕ ਹੀ ਸੀ । ਇਸ ਤਰ੍ਹਾਂ ਇਸ ਇਲਾਕੇ ਦੀ ਆਪਣੀ ਨਿਵੇਕਲੀ ਹੀ ਪਹਿਚਾਣ ਹੈ ਤੇ ਇਥੇ ਪੁਆਧੀ ਬੋਲੀ ਬੋਲੀ ਜਾਂਦੀ ਹੈ ।

# ਪੁਆਧ ਖੇਤਰ ਦੀ ਕਿਸਾਨੀ ਸ਼ਬਦਾਵਲੀ

*ਮਨਦੀਪ ਸਿੰਘ*

ਪੰਜਾਬੀ ਭਾਸ਼ਾ ਦੀਆਂ ਭਾਸ਼ਾਈ ਵੰਨਗੀਆਂ ਦੇ ਆਧਾਰ ਤੇ ਮਾਝੀ, ਮਲਵਈ, ਦੁਆਬੀ ਅਤੇ ਪੁਆਧੀ ਉਪ ਭਾਸ਼ਾਵਾਂ ਨਿਰਧਾਰਿਤ ਕੀਤੀਆਂ ਗਈਆਂ ਹਨ । ਮਾਝੀ ਉਪ-ਭਾਸ਼ਾ ਨੂੰ ਟਕਸਾਲੀ ਭਾਸ਼ਾ ਦਾ ਦਰਜਾ ਪ੍ਰਾਪਤ ਹੈ ਪਰ ਸਮੇਂ ਦੇ ਨਾਲ ਨਾਲ ਹੁਣ ਮਲਵਈ ਉਪ-ਭਾਸ਼ਾ ਟਕਸਾਲੀ ਰੂਪ ਗ੍ਰਹਿਣ ਕਰਦੀ ਜਾ ਰਹੀ ਹੈ ਜੇਕਰ ਦੇਖਿਆ ਜਾਵੇ ਤਾਂ ਮਾਝੀ, ਮਲਵਈ ਅਤੇ ਦੁਆਬੀ ਉਪ-ਭਾਸ਼ਾਵਾਂ ਨੂੰ ਹੀ ਮੁੱਖ ਰੂਪ ਵਿਚ ਵਿਚਾਰਿਆ ਜਾਂਦਾ ਹੈ । ਸਾਹਿਤ ਵੀ ਜਿਆਦਾਤਰ ਇਹਨਾਂ ਉਪਭਾਸ਼ਾਵਾਂ ਵਿਚ ਹੀ ਲਿਖਿਆ ਜਾਂਦਾ ਹੈ । ਪੁਆਧੀ ਉਪ-ਭਾਸ਼ਾ ਵਲ ਬਹੁਤ ਧਿਆਨ ਨਹੀਂ ਦਿੱਤਾ ਜਾਂਦਾ ਜਦ ਕਿ ਪੁਆਧੀ ਉਪ-ਭਾਸ਼ਾ ਦੀਆਂ ਆਪਣੀਆਂ ਭਾਸ਼ਾਈ ਵਿਸ਼ੇਸ਼ਤਾਵਾਂ, ਆਪਣੇ ਰਸਮਾਂ-ਰਿਵਾਜ, ਆਪਣੀ ਸ਼ਬਦਾਵਲੀ ਅਤੇ ਆਪਣਾ ਭੂਗੋਲਕ ਖੇਤਰ ਹੈ ਜੋ ਆਪਣਾ ਵਿਸ਼ੇਸ਼ ਅਤੇ ਮੌਲਿਕ ਸਥਾਨ ਰੱਖਦਾ ਹੈ ।

ਇਸੇ ਸੰਦਰਭ ਵਿਚ ਜੇਕਰ ਪੁਆਧੀ ਦੀਆਂ ਭਾਸ਼ਾਈ ਵਿਸ਼ੇਸ਼ਤਾਵਾਂ ਵੱਲ ਧਿਆਨ ਦਿਤਾ ਜਾਵੇ ਤਾਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਪੁਆਧੀ ਦੀਆਂ ਆਪਣੀਆਂ ਭਾਸ਼ਾਈ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਕਰਕੇ ਪੁਆਧੀ ਦੀ ਆਪਣੀ ਪਹਿਚਾਣ ਹੈ । ਹੇਠਾਂ ਅਸੀਂ ਪੁਆਧੀ ਦਾ ਟਕਸਾਲੀ ਭਾਸ਼ਾ ਨਾਲੋਂ ਭਾਸ਼ਾਈ ਵਖਰਤਾ ਬਾਰੇ ਦੇਖਾਂਗੇ ।

| ਪੁਆਧੀ ਰੂਪ | ਟਕਸਾਲੀ ਰੂਪ |
|---|---|
| ਇਕਣ, ਈਕਣ, ਜਿਕਣ<br>ਜੀਕਣ, ਕੀਕਣ | ਇਵੇਂ, ਜਿਵੇਂ, ਕਿਵੇਂ |
| ਓਗਲ | ਉਦੋਂ |
| ਜੌਗਲ | ਜਦੋਂ |
| ਕੌਗਲ | ਕਦੋਂ |
| ਖਾਹਾ | ਖਾਂਦਾ ਹੈ |
| ਜਾਹਾ | ਜਾਂਦਾ ਹੈ |
| ਦੇਹਾ | ਦਿੰਦਾ ਹੈ |
| ਬੀਹ | ਵੀਹ |

| | |
|---|---|
| ਤੀਮੀ | ਤੀਵੀਂ |
| ਜਮਾਈ | ਜਵਾਈ |

ਉਪਰੋਕਤ ਸ਼ਬਦਾਵਲੀ ਦੇ ਆਧਾਰ ਤੇ ਵੀ ਦੇਖਿਆ ਜਾ ਸਕਦਾ ਹੈ ਕਿ ਪੁਆਧੀ ਦੀ ਆਪਣੀ ਵਿਸ਼ੇਸ਼ ਸ਼ਬਦਾਵਲੀ ਹੈ ਜੋ ਇਸ ਦੀ ਆਪਣੀ ਪਹਿਚਾਣ ਹੈ । ਇਸ ਤਰ੍ਹਾਂ ਸ਼ਬਦਾਵਲੀ ਦੇ ਆਧਾਰ ਤੇ ਵੀ ਕਾਫ਼ੀ ਵਖਰੇਵੇਂ ਹੁੰਦੇ ਹਨ ਜਿਵੇਂ ਕਿੱਤਿਆਂ ਦੀ ਸ਼ਬਦਾਵਲੀ, ਆਮ ਬੋਲ-ਚਾਲ ਦੀ ਸ਼ਬਦਾਵਲੀ, ਸਾਹਿਤਕ ਸ਼ਬਦਾਵਲੀ ਅਤੇ ਤਕਨੀਕੀ ਸ਼ਬਦਾਵਲੀ । ਹਰ ਸਮਾਜ ਵਿਚ ਵਖੋ-ਵਖਰੇ ਕਿੱਤੇ ਹੁੰਦੇ ਹਨ ਜਿਨ੍ਹਾਂ ਅਨੁਸਾਰ ਉਹਨਾਂ ਦੀ ਸ਼ਬਦਾਵਲੀ ਵੀ ਵੱਖਰੀ ਵੱਖਰੀ ਹੁੰਦੀ ਹੈ ਜਿਵੇਂ ਕਿਸਾਨੀ ਕਿੱਤੇ ਨਾਲ ਸਬੰਧਿਤ, ਮੋਚੀ ਕਿੱਤੇ ਨਾਲ ਸਬੰਧਿਤ ਸ਼ਬਦਾਵਲੀ ਆਦਿ । ਇਸ ਸਬੰਧ ਵਿਚ ਪੁਆਧ ਖੇਤਰ ਦੇ ਜ਼ਿਲ੍ਹਾ ਰੋਪੜ ਨਾਲ ਸਬੰਧਿਤ ਪਿੰਡਾਂ ਨੂੰ ਆਧਾਰ ਬਣਾ ਕੇ ਕਿਸਾਨੀ ਕਿੱਤੇ ਨਾਲ ਸਬੰਧਿਤ ਸ਼ਬਦਾਵਲੀ ਇੱਕਤਰ ਕੀਤੀ ਗਈ ਹੈ ਜੋ ਪੁਆਧ ਖੇਤਰ ਦੀ ਵਿਸ਼ੇਸ਼ ਕਿਸਾਨੀ ਸ਼ਬਦਾਵਲੀ ਨੂੰ ਦਰਸਾਉਂਦੀ ਹੈ । ਹੇਠਾਂ ਅਸੀਂ ਪੁਆਧੀ ਕਿਸਾਨੀ ਕਿੱਤਾ ਸ਼ਬਦਾਵਲੀ ਬਾਰੇ ਵੇਰਵਾ ਦੇਵਾਂਗੇ ।

## ਖੇਤੀ ਨਾਲ ਸਬੰਧਿਤ ਸ਼ਬਦਾਵਲੀ

ਆਵ੍ਹਤ (ਨਾਂਇ) - ਵਢਾਈ ਜਾਂ ਬਿਜਾਈ ਆਦਿ ਲਈ ਭਾਈਚਾਰੇ ਵਿਚੋਂ ਵਿਅਕਤੀਆਂ ਨੂੰ ਇਕੱਠਾ ਬੁਲਾ ਕੇ ਕੰਮ ਕਰਾਉਣ ਦਾ ਭਾਵ ।

ਸਾਮੇਖੁਡ (ਨਾਂਪੁ) - ਛਿਦੇ - ਛਿਦੇ ਸਿਆੜ ।

ਸੰਨਮੀ (ਵਿਸ਼ੇ) - ਉਹ ਖੇਤ ਜਿਸ ਵਿਚ ਪਿਛਲੀ ਫ਼ਸਲ ਨਾ ਹੋਵੇ ਅਤੇ ਉਸ ਨੂੰ ਕਈ ਵਾਰ ਵਾਹੁਣ ਤੋਂ ਬਾਅਦ ਫ਼ਸਲ ਬੀਜੀ ਜਾਵੇ ।

ਸਿੱਟਾ ਡੁੰਗਣਾ (ਸੰਕਿ) - ਟਾਂਡੇ ਨਾਲੋਂ ਸਿੱਟੇ ਤੋੜਨਾ ।

ਸੂੜ ਮਾਰਨਾ (ਸੰਕਿ) - ਖੇਤਾਂ ਵਿਚ ਵਾਧੂ ਝਾੜ ਝੁੰਖਾੜ ਪੁਟਣਾ ।

ਸੈਂਡ (ਨਾਂਇ) - ਘੁੰਡੀਆਂ ਅਤੇ ਦਾਣਿਆਂ ਦਾ ਰਲਗਡ ।

ਖੁਰਗੋ (ਨਾਂਇ) - ਜੰਮੀ ਹੋਈ ਪੈਲ਼ੀ।

ਖੂੰਜਾ (ਨਾਂਪੁ) - ਬੀ ਕੇਰਨ ਸਮੇਂ ਪੈਲ਼ੀ ਦੀਆਂ ਗੁੱਠਾਂ ਵਿਚ ਬਚੀ ਥਾਂ ।

ਖੇਤੀ ਪਤੀ (ਨਾਂਇ) - ਖੇਤੀ - ਬਾੜੀ ਦਾ ਸਮੁੱਚਾ ਕੰਮ ।

ਗੁਡ ਚਾੜਨੀ (ਸੰਕਿ) - ਫ਼ਸਲ ਵਿਚ ਵਾਧੂ ਉਗੇ ਘਾਹ ਬੂਟੇ ਪੁੱਟ ਕੇ ਪੈਲ਼ੀ ਪੋਲੀ ਕਰਨੀ ।

ਗੂਣਾ (ਨਾਂਪੁ) - ਫ਼ਸਲ ਵਿਚੋਂ ਦਾਣੇ ਤੇ ਪਤਰੇ ਵਖ ਕਰਨ ਉਪਰੰਤ ਬਚਿਆ ਨੀਰਾ ।

ਚਾਹੀ (ਨਾਂਇੰ) - ਖੂਹ ਨਾਲ ਸਿੰਜੀ ਗਈ ਜ਼ਮੀਨ ।
ਚੇਟਣਾ (ਕਿਸ) - ਖਾਲ਼ ਵਿਚਾਲੇ ਦੀ ਮਿਟੀ ਪੁੱਟ ਕੇ ਵੱਟਾਂ ਨਾਲ ਲਾਉਣਾ।
ਜਿਰਾਹਿਸ (ਨਾਂਪੁ) - ਕਾਮੇ ਦਾ ਮਾਲਕ ਨਾਲ ਦਾਣਿਆ ਦੇ ਹਿੱਸੇ ਤੇ ਕੰਮ ਕਰਨ ਦਾ ਭਾਵ ।
ਜੀਂਗੜ (ਨਾਂਪੁ) - ਮੋਠ, ਮਾਂਹ, ਮੂੰਗਫਲੀ ਆਦਿ ਫ਼ਸਲ ਝੜਨ ਤੋਂ ਬਾਅਦ ਬਚਿਆ ਲਾਗਾ ।
ਤਿਹਾਈਆ (ਨਾਂਪੁ) - ਜ਼ਮੀਨ ਦੀ ਤੀਜੇ ਹਿੱਸੇ ਦੀ ਫ਼ਸਲ ਤੇ ਰਲਿਆ ਕਾਮਾ ।
ਦਲੇ ਮਲੇ ਲਾਹੁਣਾ (ਸੰਕਿ) - ਵਾਹੁਣ ਪਿਛੋਂ ਖੇਤ ਦੇ ਆਹਮੋ ਸਾਹਮਣੇ ਵਾਲੀਆਂ ਨੁਕਰਾਂ ਨੂੰ ਵਾਹ ਕੇ ਮੇਲਣਾ ।
ਧਲੀ (ਨਾਂਇੰ) - ਖੇਤ ਦੇ ਕਿਆਰੇ ਦੀ ਉਚੀ ਥਾਂ ਜਿਥੇ ਪਾਣੀ ਨਾ ਚੜ੍ਹੇ।
ਪੰਜ ਦੂਵੰਜੀ (ਨਾਇੰ) - ਫ਼ਸਲ ਆਦਿ ਵਿਚੋਂ ਪੰਜ ਹਿੱਸੇ ਬੀਜਣ ਵਾਲੇ ਦੇ ਅਤੇ ਦੋ ਹਿੱਸੇ ਜ਼ਮੀਨ ਦੇ ਮਾਲਕ ਦੇ ਅਨੁਸਾਰ ਕੀਤੀ ਵੰਡ ।
ਬੀਤ (ਨਾਂਪੁ) - ਜ਼ਿਮੀਂਦਾਰ ਦੇ ਕਾਮੇ ਨੂੰ ਖੇਤੀ ਲਈ ਦਿੱਤੇ ਦਾਣੇ ।
ਰਹਿਲ (ਨਾਇੰ) - ਹਲ ਵਾਹੁੰਦਿਆਂ ਮਲਿਆ ਗਿਆ ਘੇਰਾ ।
ਲਿਸਾਕਾ (ਨਾਪੂ) - ਅਸਮਾਨੀ ਬਿਜਲੀ ਦੀ ਚਮਕ ਨਾਲ ਮੁਰਝਾਏ ਛੋਲਿਆਂ ਦੇ ਮੁੱਢ/ਫੁੱਲ ।
ਲੂੰਡੀ (ਨਾਂਇੰ) - ਕੱਢੀ ਹੋਈ ਸਣ ਦੀ ਇਕ ਗੁੱਛੀ ।

## ਖੇਤੀ ਦੇ ਸੰਦਾਂ ਨਾਲ ਸਬੰਧਿਤ ਸ਼ਬਦਾਵਲੀ

ਅਣਦਾ (ਨਾਂਪੁ) - ਗੱਡੇ ਦੇ ਪਹੀਏ ਦੀ ਮਜਬੂਤੀ ਲਈ ਲਾਇਆ ਲੋਹੇ ਦਾ ਕੜਾ ।
ਸੜਾਈ ਹਲ (ਨਾਂਪੁ) - ਮਿੱਟੀ ਨੂੰ ਸੱਜੇ ਪਾਸੇ ਉਲਟਾ ਕੇ ਸੁਟਣ ਵਾਲਾ ਲੋਹੇ ਦਾ ਇਕ ਪੱਖੇ ਵਾਲਾ ਸੰਦ ।
ਸੱਬਰਕਤਾ (ਨਾਂਪੁ) - ਪਿੜ ਵਿਚੋਂ ਦਾਣੇ ਆਦਿ ਇਕੱਠੇ ਕਰਨ ਲਈ ਲਕੜੀ ਦੇ ਦਸਤੇ ਅਤੇ ਲਕੜੀ ਦੇ ਫਲੇ ਦੇ ਅੱਗੇ ਲੋਹੇ ਦੀ ਪੱਤੀ ਜੜਿਆ ਸੰਦ ।
ਹਲਸ (ਨਾਂਇੰ) - ਪਸ਼ੂਆਂ ਦੁਆਰਾ ਖਿੱਚੀ ਜਾਣ ਵਾਲੀ ਹਲ਼ ਦੀ ਅਗਲੀ ਲੰਮੀ ਲੱਕੜ ।
ਹਲੋਡਣਾ (ਕਿਸ) - ਉੱਗੀ ਫ਼ਸਲ ਵਿਚ ਹਲ ਜੋੜਨਾ ਜਾਂ ਸੀੜਨਾ ।
ਕੀਹੜ (ਨਾਂਪੁ) - ਹੱਥ ਨਾਲ ਪਾਣੀ ਕੱਢਣ ਵਾਲਾ ਹਲਟ ਦਾ ਛੋਟਾ ਰੂਪ ।
ਕੰਘੀ (ਨਾਇੰ) - ਮਾਲ੍ਹ ਨੂੰ ਤਿਲਕਣ ਤੋਂ ਰੋਕ ਕੇ ਰੱਖਣ ਲਈ ਬੈੜ ਦੀਆਂ ਕਿੱਲੀਆਂ ਉਤੇ ਲਗੀ ਲੋਹੇ ਦੀ ਪੱਤੀ ।

ਕੱਥ (ਨਾਇੰ) - ਗੱਡੇ ਦੇ ਧੁਰੇ ਵਿਚ ਚਾੜ੍ਹਿਆ ਹੋਇਆ ਚਮੜੇ ਦਾ ਛੱਲਾ।

ਕੁਆੜੀ (ਨਾਇੰ) - ਲੱਕੜ ਕੱਟਣ, ਛਾਂਗਣ ਲਈ ਲਕੜ ਦੇ ਦਸਤੇ ਤੇ ਲੋਹੇ ਦੇ ਤੇਜ਼ਧਾਰ ਫਲ਼ੇ ਵਾਲਾ ਸੰਦ ।

ਕੁੰਢੜੀ (ਨਾਇੰ) - ਗੱਡੇ ਦੇ ਜੂਲੇ ਨੂੰ ਕਸ ਪਾਉਣ ਲਈ ਦੋਹਾਂ ਪਾਸੇ ਬੱਝੀ ਰੱਸੀ ।

ਖਾਰੀ ਉਤਰਨੀ (ਸੰਕਿ) - ਖੂਹ ਦਾ ਪਾਣੀ ਲੱਥ ਜਾਣ ਦਾ ਭਾਵ ।

ਖੂਹ ਜੀਂਦਣਾ (ਸੰਕਿ) - ਖੂਹ ਵਿਚ ਪਈ ਗਾਰ ਬਾਹਰ ਕੱਢਣਾ ।

ਗਡਮਾਣਾ (ਨਾਂਪੁ) - ਗੱਡਾ ਹਿਕਣ ਵਾਲਾ ਵਿਅਕਤੀ ।

ਗੋਡੂਆ (ਨਾਂਪੁ) - ਗੱਡੇ ਉਪਰ ਪੈਰ ਰਖ ਕੇ ਚੜ੍ਹਨ ਲਈ ਗੱਡੇ ਅਗੇ ਲੱਗਾ ਡੰਡਾ ।

ਗੋਫੂ (ਨਾਂਪੁ) - ਗਾਹੀ ਕਣਕ ਉਡਾਉਣ ਵਾਲਾ ਛੱਜ ਵਰਗਾ ਸੰਦ ।

ਗੋਲਣਾ (ਨਾਂਪੁ) - ਗੰਨੇ ਘੜਨ ਲਈ ਆਗ ਆਦਿ ਵੱਢਣ ਦਾ ਭਾਵ ।

ਚਣ (ਨਾਇੰ) - ਦੇਸੀ ਗੰਨੇ ਦੀ ਇਕ ਕਿਸਮ ।

ਚੰਡਣੀ (ਨਾਂਇੰ) - ਗੁੜ ਠੰਡਾ ਤੇ ਚਿੱਟਾ ਕਰਨ ਵਾਲੀ ਖੁਰਚਣੀ ।

ਚੁਬੱਚਾ (ਨਾਪੁ) - ਖੂਹ ਵਿਚੋਂ ਨਿਕਲੇ ਪਾਣੀ ਦੇ ਡਿੱਗਣ ਲਈ ਬਣਾਇਆ ਟੋਆ ।

ਚੁੰਭਾ (ਨਾਂਪੁ) - ਰੌਹ ਕਾੜ੍ਹਨ ਲਈ ਧਰਤੀ ਵਿਚ ਟੋਆ ਪੁਟ ਕੇ ਬਣਾਈ ਚੁਰ੍ਹ ।

ਚੁਰਾਂਦਾ (ਵਿਸ਼ੇ) - ਚਾਰ ਸਿੰਗੜਾ ਵਾਲਾ ਸਲੰਘਾ ।

ਚਿਚੜੀ (ਨਾਇੰ) - ਹਲ ਦੇ ਮੁੰਨੇ ਦੇ ਸਿਰ ਵਿਚਲੀ ਮੇਖ ।

ਟਕਾਣੀ (ਨਾਂਇੰ) - ਗੱਡੇ ਦੀ ਵਿਚਕਾਰਲੀ ਫੱਟੀ ।

ਟੂਨਣਾ (ਨਾਂਪੁ) - ਪੰਜਾਲੀ ਨੂੰ ਦੋਹਾਂ ਪਾਸਿਆਂ ਤੋਂ ਇਕੋ ਜਿਹਾ ਵੰਡਣ ਵਾਲਾ ਜੂਲੇ ਦੇ ਅੱਧ ਵਿਚਕਾਰ ਉਭਰਿਆ ਹਿੱਸਾ ।

ਡਹੀ (ਨਾਂਇੰ) - ਗੱਡੇ ਨੂੰ ਖੜਾ ਕਰਨ ਲਈ ਗੱਡੇ ਥੱਲੇ ਦਿਤੀ ਸੋਟੀ ।

ਢੇਗਲੀ (ਨਾਪੁ) (ਢੀਂਗਲੀ) - ਲਕੜ ਦੇ ਇਕ ਪਾਸੇ ਡੋਲ ਦੂਜੇ ਪਾਸੇ ਭਾਰ ਬੰਨ ਕੇ ਖੂਹ ਵਿਚੋਂ ਪਾਣੀ ਕੱਢਣ ਵਾਲਾ ਯੰਤਰ ।

ਤਲਵਟੀ (ਨਾਇੰ) - ਪੰਜਾਲੀ ਦੇ ਥਲੇ ਵਾਲੇ ਪਾਸੇ ਲੱਗੀ ਲੰਮੀ ਲੱਕੜ ।

ਦਾਂਤ (ਨਾਇੰ) - ਬਰਸੀਮ ਜਾਂ ਪੱਠੇ ਆਦਿ ਵੱਢਣ ਲਈ ਲੰਮੇ ਬਾਂਸ ਨੂੰ ਲਗੀ ਦਾਤਰੀ ।

ਦੁਵਿੱਢਾ (ਨਾਂਪ) - ਉਹ ਖੂਹ ਜਿਸ ਉਤੇ ਦੋ ਹਲਟ ਚਲਦੇ ਹੋਣ ।

ਪਟ ਹਕਣਾ (ਸੰਕਿ) - ਗੱਡਾ ਚਲਾਉਣ ਦਾ ਭਾਵ ।

ਪਾਥ ਪੈਣਾ (ਸੰਕਿ) - ਗੱਡੇ ਦਾ ਇਕ ਪਾਸੇ ਨੂੰ ਡਿਗ ਪੈਣਾ ਜਾਂ ਟੇਡਾ ਹੋ ਜਾਣਾ।

ਬੋਕਾ (ਨਾਪੁ) - ਖੂਹ ਵਿਚੋਂ ਪਾਣੀ ਕੱਢਣ ਲਈ ਚਮੜੇ ਆਦਿ ਦਾ ਡੋਲ।
ਭੰਡਾਰੀ (ਨਾਂਪੁ) - ਗੱਡੇ ਦੇ ਹੇਠਲੇ ਪਾਸੇ ਸੰਦ ਆਦਿ ਰੱਖਣ ਲਈ ਬਣਾਇਆ ਖਾਨਾ ।
ਮਕੜੇ (ਨਾਪੁ) - ਸਲੰਘੇ ਉਤੇ ਲਗੀਆਂ ਲੋਹੇ ਦੀਆਂ ਪੱਤੀਆਂ ।
ਰਾਜ ਹਲ (ਵਿਸ਼ੇ) - ਦੋਵੇਂ ਪਾਸੇ ਬਰਾਬਰ ਮਿਟੀ ਸੁਟਣ ਲਈ ਬਣਾਇਆ ਚੌੜੇ ਪੱਖਿਆਂ ਵਾਲਾ ਹਲ਼ ।

## ਪਸ਼ੂਆਂ ਨਾਲ ਸਬੰਧਿਤ ਸ਼ਬਦਾਵਲੀ

ਅਲੇਲ - ਖੇਤੀ ਦੇ ਕੰਮ ਜਾਂ ਹੋਰ ਭਾਰ ਢੋਣ ਲਈ ਕੰਮ ਤੇ ਨਾ ਜੋੜਿਆ ਵਹਿੜਾ ਜਾਂ ਵਛੇਗਾ ।
ਐਰ-ਐਰ (ਸੰਬੋ) - ਹਲ਼ ਵਿਚ ਚਲਦੇ ਉਤਲੇ ਜੋੜੇ ਹੋਏ ਬਲਦ ਨੂੰ ਮੋੜਨ ਲਈ ਮੂੰਹ ਵਿਚੋਂ ਕੱਢੀ ਜਾਂਦੀ ਆਵਾਜ਼ ।
ਏਰਨਾ ਗੋਟਾ (ਨਾਂਪੁ) - ਪਸ਼ੂ ਦੇ ਗੋਹੇ ਦਾ ਚਰਾਂਦ ਵਿਚ ਪਿਆ ਸੋਕਾ ਫੋਸ ।
ਸਪਲ (ਵਿਸ਼ੇ) - ਜੀਭ ਬਾਹਰ ਕੱਢਣ ਵਾਲੀ ਗਾਂ ਜਾਂ ਮੱਝ ।
ਸੰਢੂ (ਨਾਂਪੁ) - ਦੁੱਧ ਬਾਹਰ ਆਉਣ ਲਈ ਪਸ਼ੂਆਂ ਦੇ ਥਣਾਂ ਵਿਚਲੇ ਸੁਰਾਖ਼ ।
ਸੀੜ੍ਹ (ਨਾਂਪੁ) - ਤਾਜ਼ੀ ਸੂਈ ਗਾਂ, ਮੱਝ ਦੇ ਨਜਰ ਲਗਣ ਦੇ ਡਰ ਵਜੋਂ ਪਾਇਆ ਤਵੀਜ਼ ।
ਸੁਨੇਰ/ਸੁਮੇਰ (ਨਾਂਪੁ) - ਸੁੱਕੇ ਗੋਹੇ ਦਾ ਢੇਰ ।
ਸੇਰ ਚਾਰਨਾ (ਸੰਕਿ) - ਦਿਨ ਢਲਣ ਤੋਂ ਪਹਿਲਾਂ ਡੰਗਰ ਪਸ਼ੂ ਚਾਰ ਕੇ ਘਰ ਲੈ ਆਉਣਾ ।
ਸੇਰ ਚਰੌਣਾ (ਸੰਕਿ) - ਰਾਤ ਵੇਲੇ ਡੰਗਰ ਚਾਰਨਾ ।
ਹਰਾਊ (ਵਿਸ਼ੇ) - ਉਹ ਪਸ਼ੂ ਜੋ ਹਰੇ ਚਾਰੇ ਬਿਨਾਂ ਕੁਝ ਹੋਰ ਨਾ ਖਾਵੇ ।
ਹੂਸਲੀ (ਨਾਇੰ) - ਦੁੱਧ ਚੁੰਘਦੇ ਸਮੇਂ ਕਟਰੂ-ਬਛਰੂ ਦਾ ਮੱਝ ਦੀ ਲਿਉਟੀ ਵਿਚ ਮਾਰਿਆ ਮੂੰਹ ।
ਹੂੰਗਰ (ਨਾਇੰ) - ਪਸ਼ੂਆਂ ਹਿੱਕਦੇ ਦੇ ਸਮੇਂ ਮੂੰਹ ਵਿਚੋਂ ਕੱਢੀ ਜਾਂਦੀ ਆਵਾਜ਼।
ਕੰਨ੍ਹਾ ਪੈਣਾ (ਸੰਕਿ) - ਬਲ਼ਦ ਦੇ ਕੰਨੇ ਤੇ ਜਿਥੇ ਜੂਲਾ ਟਿਕਦਾ ਹੈ, ਉਸ ਥਾਂ ਦਾ ਸਖਤ ਹੋਣਾ ਜਾਂ ਰਗੜ ਦਾ ਨਿਸ਼ਾਨ ਪੈਣਾ ।
ਖਲ਼ ਬੁੱਤ (ਨਾਂਪੁ) - ਮੱਝ ਦੇ ਮਰੇ ਹੋਏ ਕਟਰੂ ਦੀ ਖਲ਼ ਵਿਚ ਤੂੜੀ ਭਰ ਕੇ ਬਣਾਇਆ ਨਕਲੀ ਕਟਰੂ ।
ਖੂਰਗਾਹ (ਨਾਇੰ) - ਬਲਦਾਂ ਨਾਲ ਘੁੰਡੀਆਂ ਆਦਿ ਨੂੰ ਵਾਹੁਣ ਦਾ ਭਾਵ ।
ਖੁਰਬੱਢੀ (ਵਿਸ਼ੇ) - ਪਸ਼ੂਆਂ ਦੇ ਪੈਰਾਂ ਨਾਲ ਲਤਾੜੀ ਜਾਂ ਮਿਧੀ ਜ਼ਮੀਨ ।

ਖੁਰਚੀ (ਨਾਇਿ) - ਪਸ਼ੂ ਦੇ ਖੁਰ ਦੀ ਤਿੱਖੀ ਨੋਕ ।
ਖੁੜਦੂ ਪੁੱਟਣਾ (ਸੰਕਿ) - ਪਸ਼ੂਆਂ ਦੁਆਰਾ ਪੈਰਾਂ ਜਾਂ ਸਿੰਗਾਂ ਨਾਲ ਮਿੱਟੀ ਪੁੱਟਣਾ ।
ਖੁੰਡਰੂ (ਨਾਪੁ) - ਪਸ਼ੂ ਦੇ ਬੱਚੇ ਦੇ ਖੁਰ ।
ਗਰਦਣੀ (ਨਾਇਿ) - ਬਲਦ ਜਾਂ ਘੋੜੇ ਤੇ ਪਾਉਣ ਵਾਲਾ ਕਪੜਾ ।
ਗਦਰਾ (ਵਿਸ਼ੇ) - ਕਾਲੇ ਚਿੱਟੇ ਰੰਗ ਦਾ ਰਲਵਾਂ ਮਿਲਵਾਂ ਬਲਦ ।
ਗਲਜੋਟ (ਨਾਂਪੁ) - ਇਕ ਤੋਂ ਵੱਧ ਪਸ਼ੂਆਂ ਦਾ ਆਪਸ ਵਿਚ ਨਰੜਿਆ ਸਮੂਹ ।
ਗੋਲੀਆਂ (ਨਾਂਇ, ਬਹੁ) - ਡੰਗਰਾਂ ਦੇ ਵਾਲਾਂ ਵਿਚ ਖ਼ੂਨ ਚੂਸਣ ਵਾਲੇ ਪਏ ਨਿੱਕੇ ਨਿੱਕੇ ਜੀਵ ।
ਘੀੜੀ (ਵਿਸ਼ੇ) - ਵੱਧ ਦੁਧ ਦੇਣ ਵਾਲੀ ਮੱਝ ।
ਘੁਗਰਾਲ (ਨਾਇਿ) - ਬਲਦਾਂ ਦੇ ਗਲ ਪਾਉਣ ਵਾਲੀ ਘੁੰਗਰੂਆਂ ਦੀ ਮਾਲਾ ।
ਚੱਪੀ (ਵਿਸ਼ੇ) - ਥੱਲੇ ਨੂੰ ਮੁੜੇ ਸਿੰਗਾਂ ਵਾਲੀ ਮੱਝ ।
ਛੇਗੜਲਾ (ਵਿਸ਼ੇ) - ਪਹਿਲੀ ਵਾਰ ਸੱਜਰ ਸੂਈ ਮੱਝ ਦਾ ਦੁੱਧ ।
ਡਹੀਂਡੀ ਦੇਣੀ (ਸੰਕਿ) - ਪਹਿਲੀ ਸੂਈ ਗਾਂ/ਮੱਝ ਦੇ ਦੁੱਧ ਦਾ ਦਹੀਂ ਕਿਸੇ ਧਰਮ ਅਸਥਾਨ ਤੇ ਚੜ੍ਹਾਉਣਾ ।
ਡਾਸਾ (ਨਾਂਪੁ) - ਛੋਟੇ ਕਟਰੂ ਬਛਰੂ ਦਾ ਗੋਹਾ ।
ਢਾਲ ਫੰਕਾਰ (ਨਾਇਿ) - ਇਕ ਸਿੰਗ ਉਪਰ ਦੂਸਰਾ ਥੱਲੇ, ਵਾਲੀ ਗਾਂ, ਮੱਝ ।
ਤੋਨੀ (ਨਾਂਪੁ) - ਹੇਠਲੇ ਪਾਸੇ ਜੋੜਿਆ ਹੋਇਆ ਬਲਦ ।
ਤੌਲ ਹੋਣਾ (ਸੰਕਿ) - ਡੰਗਰ ਪਸ਼ੂ ਦਾ ਮਚਲ ਕੇ ਪਾਣੀ ਵਿਚ ਬੈਠਣਾ ।
ਦੰਦੀ (ਨਾਇਿ) - ਮੱਝ ਦਾ ਪਿੱਛਾ ਬਾਹਰ ਨੂੰ ਆਉਣਾ ਜਾਂ ਪਿੱਛਾ ਕਢਣਾ ।
ਨਾਰਾ (ਨਾਂਪੁ) - ਖੜਵੇਂ ਤੇ ਇਕੋ ਸ਼ਕਲ ਦੇ ਥੋੜੇ ਮੁੜਵੇਂ ਸਿੰਗਾਂ ਵਾਲਾ ਬਲਦ ।
ਪੱਤ (ਨਾਇਿ) - ਬਲਦ ਨੂੰ ਗਰਮ ਸਰਦ ਹੋਣ ਤੇ ਲਗਣ ਵਾਲੀ ਬਿਮਾਰੀ।
ਫਾਲਨਾ (ਕਿਸ) - ਬਲਦ ਆਦਿ ਦੇ ਪੈਰ ਵਿਚ ਹਲ ਦਾ ਫਾਲ਼ਾ ਮਾਰ ਕੇ ਜ਼ਖ਼ਮੀ ਕਰਨਾ ।
ਬਛਰੂ (ਨਾਂਪੁ) - ਗਾਂ ਦਾ ਨਵ ਜੰਮਿਆ ਬੱਚਾ ।
ਬਘਿਆੜੀ (ਨਾਇਿ) - ਪਸ਼ੂ ਦੇ ਜ਼ਖ਼ਮ ਹੋਣ ਤੇ ਉਸ ਦੇ ਆਪਣੇ ਜ਼ਖ਼ਮ ਨੂੰ ਮੂੰਹ ਲਾਉਣ ਤੋਂ ਰੋਕਣ ਲਈ ਮੂੰਹ ਤੇ ਮਧਾਣੀ ਜੁੱਟ ਲਾਈਆਂ ਲਕੜ ਦੀਆਂ ਕਿੱਲੀਆਂ ।
ਬਲੇਦ (ਨਾਂਪੁ) - ਬਲਦਾਂ ਦਾ ਵੱਗ ।
ਬਾਮਣੀ ਲਗਣੀ (ਸੰਕਿ)- ਡੰਗਰ ਦੀ ਪੂਛ ਨੂੰ ਲੜਨ ਦੀ ਬਿਮਾਰੀ ਲਗਣੀ ।
ਬੀਂਡੀ (ਨਾਇਿ) - ਜੋਗ ਅਗੇ ਬਲਦ ਜੋੜਨ ਦਾ ਭਾਵ ।

ਬੇਲ (ਨਾਇੰ) - ਗਾਂ, ਮੱਝ ਦੀ ਧੌਣ ਤੋਂ ਲੈ ਕੇ ਪਿੱਠ ਤਕ ਦੀ ਲੰਬਾਈ ।
ਬੋਹੜ (ਨਾਂਇੰ) - ਸਾਨ੍ਹ ਦੁਆਰਾ ਜ਼ੋਰ ਲਾ ਕੇ ਕੱਢੀ ਆਵਾਜ਼ ।
ਭਲੇਟ (ਨਾਂਇੰ) - ਚਿਰ ਦੀ ਸੂਈ ਮੱਝ ।
ਮੂਰਕੀ (ਨਾਂਇੰ) - ਜੂਲੇ ਨਾਲ ਪਾਈ ਪਸ਼ੂ ਦੇ ਕੰਨਾ ਨੂੰ ਖਿੱਚ ।
ਮੈਂਸ੍ਹ (ਨਾਂਇੰ) - ਮੱਝ ।
ਲਗੜ (ਨਾਂਪੁ) - ਵਡੇਰੀ ਉਮਰ ਦਾ ਬਲ਼ਦ ।

## ਹੋਰ ਸਬੰਧਿਤ ਸ਼ਬਦਾਵਲੀ

ਊਸਰ (ਨਾਇੰ) - ਉਹ ਜ਼ਮੀਨ ਜਿਸ ਵਿਚ ਕੋਈ ਫ਼ਸਲ ਪੈਦਾ ਨਾ ਹੁੰਦੀ ਹੋਵੇ।
ਸਲੂਣਕ (ਨਾਂਪੁ) - ਲੂਣੇ ਸਵਾਦ ਵਾਲਾ ਜ਼ਮੀਨ ਤੇ ਵਿਛਿਆ ਘਾਹ ।
ਹਲ਼ਾਈ (ਨਾਂਇੰ) - ਹਲ਼ ਵਾਹੁਣ ਲਈ ਹਿੱਸੇ ਆਈ ਜ਼ਮੀਨ ।
ਹੀਂਸ (ਨਾਂਪੁ) - ਊਠਾਂ ਦੇ ਖਾਣ ਲਈ ਵਰਤਿਆ ਜਾਂਦਾ ਚਾਰਾ ।
ਹੇਲੜਾ (ਨਾਂਪੁ) - ਪਸ਼ੂਆਂ ਦੁਆਰਾ ਨਾ ਖਾਦੀ ਜਾਣ ਵਾਲੀ ਪਤੇਦਾਰ ਵੇਲਨੁਮਾ ਬੂਟੀ ।
ਕਸੀਰ (ਨਾਪੁ) - ਕਣਕ ਦੀ ਬੱਲੀ ਦੀਆਂ ਮੱਖੀਆਂ ਨਾਲ ਲਗੇ ਤਿੱਖੇ ਕੰਡੇ।
ਕੁਕੜੀ (ਨਾਇੰ) - ਮੱਕੀ ਦੇ ਟਾਂਡੇ ਨੂੰ ਲਗਣ ਵਾਲੀ ਦਾਣੇਦਾਰ ਛੱਲੀ ।
ਕੁਥੰਬੀ (ਨਾਇੰ) - ਕੰਡੇਦਾਰ ਝਾੜੀ । (ਜਿਸ ਬਾਰੇ ਲੋਕ ਧਾਰਨਾ ਹੈ ਕਿ ਇਸ ਨੂੰ ਬਾਲਣ ਨਾਲ ਘਰ ਵਿਚ ਕਲੇਸ ਪੈ ਜਾਂਦਾ ਹੈ)
ਕੈਲ (ਨਾਇੰ) - ਸਰ੍ਹੋਂ ਦੀ ਗੰਧਲ ।
ਕੌੜ ਤੁੰਮਾ (ਨਾਪੁ) - ਪਤਿਆਂ ਦੀ ਵੇਲ ਨੂੰ ਲਗਣ ਵਾਲਾ ਖਰਬੂਜੇ ਦੀ ਸ਼ਕਲ ਦਾ ਅਤਿ ਕੌੜਾ ਫਲ਼ ।
ਖੋਲ਼ੀ (ਨਾਂਇੰ) - ਵਢਾਈ ਉਪਰੰਤ ਕਣਕ ਦਾ ਲਾਇਆ ਢੇਰ ।
ਗਸਾਈ (ਨਾਪੁ) - ਮੱਕੀ ਦਾ ਸਿੱਟਾ ।
ਗਰਜਾਣਾ (ਕਿਅ) - ਦਾਣਿਆਂ ਦਾ ਗਰ ਜਾਣਾ ।
ਚਿੜੀ ਚੜੂੰਗਾ (ਨਾਂਪੁ) - ਫ਼ਸਲ ਵੱਢ ਕੇ ਸਿਲੇਹਾਰਾਂ ਦੇ ਚੁਗਣ ਲਈ ਰਖੀਆਂ ਕਣਕ ਦੀਆਂ ਬਲੀਆਂ ।
ਛਾਉਰ (ਨਾਂਪੁ) - ਚਰ੍ਹੀ ਜਾਂ ਮੱਕੀ ਦੇ ਟਾਂਡਿਆਂ ਦਾ ਮੁਨਾਰਾ ਭਾਵ ਇੱਕਠੇ ਕੀਤੇ ਟਾਂਡੇ ।
ਜੁਲਾਹਾ ਬੂਟੀ (ਨਾਇੰ) - ਊਠ ਦੇ ਚਾਰ੍ਹੇ ਵਜੋਂ ਵਰਤੀ ਜਾਣ ਵਾਲੀ ਕੰਡੇਦਾਰ ਡੋਡਿਆਂ ਵਾਲੀ ਬੂਟੀ ।

ਡੱਬੀ (ਨਾਇੰ) - ਉਹ ਜ਼ਮੀਨ ਜੋ ਕਿਤੇ ਕਿਤੇ ਕਲਰੀ ਹੋਵੇ ।
ਡਬਰੀ (ਨਾਇੰ) - ਚੀਕਨੀ ਮਿੱਟੀ ਵਾਲੀ ਵੱਧ ਉਪਜਾਊ ਜ਼ਮੀਨ ।
ਤੱਪੜ (ਵਿਸ਼ੇ) - ਅਣਵਾਹੀ ਜ਼ਮੀਨ ।
ਤਿਰਕ (ਨਾਇੰ) - ਤਿੰਨ ਖੂੰਜਿਆਂ ਦਾ ਖੇਤ ।
ਪਿਉਸੀ (ਨਾਇੰ) - ਗੁੜ ਦੀ ਲਗਭਗ ਇਕ ਪਾ ਦੀ ਰੋੜੀ ।
ਬਸੂਣੀ (ਨਾਇੰ) - ਵਾਧੂ ਉੱਗੀ ਘਾਹ ਬੂਟੀ ।
ਬਾਖੂ ਨਿਕਲਣੇ (ਸੰਕਿ) - ਮੱਕੀ ਦੇ ਟਾਂਡੇ ਨੂੰ ਸਿੱਟੇ ਲਗਣੇ ।
ਭੁਰਭਰੀ (ਵਿਸ਼ੇ) - ਵਾਹੁਣ ਤੋਂ ਬਾਅਦ ਭੁਰ ਕੇ ਬਰੀਕ ਹੋਈ ਜ਼ਮੀਨ ।
ਮਸਤਲ (ਵਿਸ਼ੇ) - ਉਹ ਜ਼ਮੀਨ ਜਿਸ ਦਾ ਕੁਝ ਹਿੱਸਾ ਉੱਚਾ ਨੀਵਾਂ ਹੋਵੇ ।
ਮੋਂਡਾ (ਵਿਸ਼ੇ) - ਵੱਡੇ ਹੋਏ ਕਮਾਦ ਦਾ ਜ਼ਮੀਨ ਵਿਚ ਦੁਬਾਰਾ ਫੁਟਣਾ ।
ਰਹਿਣ (ਨਾਂਪੁ) - ਜ਼ਮੀਨ ਗਹਿਣੇ ਪਾਉਣ ਦਾ ਭਾਵ ।
ਰਿੜੀ (ਨਾਇੰ) - ਕਣਕ ਦਾ ਬੋਹਲ ਚੁਕਣ ਉਪਰੰਤ ਕਾਮੀਆਂ ਅਤੇ ਲਾਗੀਆਂ ਨੂੰ ਦਿਤੇ ਦਾਣੇ ।
ਲਗਾਰਾਂ (ਨਾਂਪੁ) - ਬਾਜਰੇ ਵਰਗਾ ਘੱਟ ਉੱਚਾ ਬੂਟਾ ।
ਜ਼ਰੀਬ (ਨਾਇੰ) - ਜ਼ਮੀਨ ਦੀ ਮਿਣਤੀ ਕਰਨ ਲਈ ਬਣਾਈ ਲੋਹੇ ਦੀਆਂ ਕੜੀਆਂ ਵਾਲੀ ਜ਼ੰਜੀਰ ।

ਉਪਰੋਕਤ ਸ਼ਬਦਾਵਲੀ ਜੋ ਕਿ ਪੁਆਧ ਖੇਤਰ ਦੇ ਜ਼ਿਲ੍ਹਾ ਰੋਪੜ ਨੂੰ ਹੀ ਮੁੱਖ ਆਧਾਰ ਬਣਾ ਕੇ ਇੱਕਤਰ ਕੀਤੀ ਗਈ ਹੈ। ਇਹ ਸ਼ਬਦਾਵਲੀ ਪੁਆਧੀ ਕਿਸਾਨੀ ਸ਼ਬਦਾਵਲੀ ਨੂੰ ਹੀ ਮੁਖ ਰੂਪ ਵਿਚ ਪੇਸ਼ ਕਰਦੀ ਹੈ ।

# ਪੁਆਧ ਦੀਆਂ ਬੁਝਾਰਤਾਂ- ਭਾਸ਼ਾ ਫ਼ਰਕ

*ਡਾ. ਗੁਰਵਿੰਦਰ ਸਿੰਘ*

### ਇੱਕ ਉਦਾਹਰਣ

ਪੰਜਾਬ ਦਾ ਲੋਕ ਵਿਰਸਾ ਕਾਫ਼ੀ ਅਮੀਰ ਹੈ। ਇਸ ਦੀ ਅਮੀਰ ਪਰੰਪਰਾ ਵਿੱਚ ਲੋਕ ਸਾਹਿਤ ਦੀ ਅਹਿਮ ਭੂਮਿਕਾ ਹੈ। ਲੋਕ ਗੀਤ, ਲੋਕ ਕਹਾਣੀਆਂ, ਅਖਾਣਾਂ ਦੀ ਤਰ੍ਹਾਂ ਬੁਝਾਰਤਾਂ ਵੀ ਲੋਕ ਸਾਹਿਤ ਦਾ ਮਹੱਤਵਪੂਰਨ ਅੰਗ ਹਨ। ਇਸ ਅਮੀਰ ਵਿਰਸੇ ਦੀ ਹੋਂਦ ਇੱਥੋਂ ਦੀ ਭੂਗੋਲਿਕ ਸਥਿਤੀ, ਲੋਕਾਂ ਅਤੇ ਲੋਕ ਜੀਵਨ ਦੇ ਮੁੱਲਾਂ ਉਤੇ ਟਿਕੀ ਹੋਈ ਹੈ। ਲੋਕ ਸਾਹਿਤ ਦੇ ਸਾਰੇ ਰੂਪ ਵੱਖ-ਵੱਖ ਖੇਤਰਾਂ ਨਾਲ ਜੁੜੇ ਹੋਣ ਕਰਕੇ ਖੇਤਰੀ ਭਾਸ਼ਾ ਦਾ ਲਹਿਜ਼ਾ ਜ਼ਰੂਰ ਵੇਖਣ ਨੂੰ ਮਿਲਦਾ ਹੈ। ਭਾਵੇਂ ਪੱਛਮੀ ਤੇ ਭਾਰਤੀ ਪੰਜਾਬ ਦੀਆਂ ਬਹੁਤੀਆਂ ਬੁਝਾਰਤਾਂ ਮਿਲਦੀਆਂ ਜੁਲਦੀਆਂ ਹਨ ਪਰ ਬੁਝਾਰਤਾਂ ਦੀਆਂ ਕੁਝ ਵੰਨਗੀਆਂ ਅਜਿਹੀਆਂ ਹਨ ਜਿਨ੍ਹਾਂ ਵਿੱਚ ਸਥਾਨਕ ਰੰਗਣ ਮੌਜੂਦ ਹੈ। ਇਸ ਕਰਕੇ ਪੰਜਾਬੀ ਭਾਸ਼ਾ ਵਿੱਚ ਪੋਠੋਹਾਰੀ, ਮਾਝੀ, ਮਲਵਈ ਅਤੇ ਪੁਆਧੀ ਬੁਝਾਰਤਾਂ ਕਹਿਣ ਦਾ ਰਿਵਾਜ਼ ਹੈ। ਇਨ੍ਹਾਂ ਵਿੱਚ ਵੱਖਰਤਾ ਸਿਰਫ਼ ਗੱਲ ਕਹਿਣ ਦੇ ਢੰਗ ਅਤੇ ਉਪਭਾਸ਼ਾ ਪੱਖੋਂ ਹੋ ਸਕਦੀ ਹੈ ਪਰ ਸਭਿਆਚਾਰਕ ਅੰਸ਼ਾਂ ਪੱਖੋਂ ਨਹੀਂ। ਪੰਜਾਬੀ ਦੀਆਂ ਬਹੁਤ ਸਾਰੀਆਂ ਬੁਝਾਰਤਾਂ ਦੇ ਉੱਤਰ ਵੀ ਦੂਜੇ ਖੇਤਰ ਵਿੱਚ ਪ੍ਰਚੱਲਿਤ ਬੁਝਾਰਤਾਂ ਨਾਲ ਮਿਲਦੇ ਜੁਲਦੇ ਹਨ। ਬੁਝਾਰਤਾਂ ਵਿੱਚ ਸਥਾਨਕ ਭਾਸ਼ਾ ਦਾ ਗੂੜਾ ਰੰਗ ਹੋਣ ਦੇ ਬਾਵਜੂਦ ਵੀ ਪੂਰੇ ਪੰਜਾਬ ਦੇ ਸਭਿਆਚਾਰ ਨੂੰ ਵੇਖਿਆ ਜਾ ਸਕਦਾ ਹੈ। ਇਸ ਪੁਸਤਕ ਵਿੱਚ ਪੰਜਾਬ ਦੇ ਪੁਆਧ ਖੇਤਰ ਨਾਲ ਸੰਬੰਧਤ ਬੁਝਾਰਤਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਸ ਲਈ ਥੋੜ੍ਹਾ ਜਿਹਾ ਪੁਆਧ ਅਤੇ ਪੁਆਧੀ ਉਪਭਾਸ਼ਾ ਬਾਰੇ ਵੀ ਜਾਣ ਲਈਏ।

### ਪੁਆਧ ਅਤੇ ਪੁਆਧੀ ਬੁਝਾਰਤਾਂ :

ਪੁਆਧੀ ਖੇਤਰ ਵਿੱਚ ਪ੍ਰਚੱਲਿਤ ਬੁਝਾਰਤਾਂ ਦਾ ਪੰਜਾਬੀ ਦੀਆਂ ਬੁਝਾਰਤਾਂ ਨਾਲੋਂ ਭਾਸ਼ਾ ਪੱਖੋਂ ਫ਼ਰਕ ਜ਼ਰੂਰ ਹੈ ਪਰ ਸਭਿਆਚਾਰਕ ਪੱਖੋਂ ਨਹੀਂ। ਇਹ ਫ਼ਰਕ ਵਿਸ਼ੇਸ਼ ਕਰਕੇ ਪੜਨਾਵਾਂ, ਸਬੰਧਕਾਂ ਤੇ ਉਚਾਰਨ ਦੇ ਪੱਧਰ 'ਤੇ ਮਿਲਦਾ ਹੈ ਜਿਵੇਂ ਸਾਡਾ-ਤੁਹਾਡਾ ਲਈ ਮਾਰਾ-ਥਾਰਾ, ਅਸੀਂ-ਤੁਸੀਂ ਲਈ ਹਮੇਂ-ਤੁਮੇਂ ਤੇ ਸਾਨੂੰ-ਤੁਹਾਨੂੰ ਲਈ ਮਾਨੂੰ-ਤੁਹਾਨੂੰ ਆਦਿ। ਇਸ ਤਰ੍ਹਾਂ ਸੰਬਧਕ ਵੀ ਪੁਆਧੀ ਬੁਝਾਰਤਾਂ ਵਿੱਚ ਵੱਖਰੇ

ਰੂਪ ਵਾਲੇ ਹਨ। 'ਵ' ਅੱਖਰ ਦਾ ਰੂਪਾਂਤਰ ਪੁਆਧੀ ਬੁਝਾਰਤਾਂ ਵਿੱਚ 'ਬ' ਤੇ 'ਮ' ਵਿੱਚ ਮਿਲਦਾ ਹੈ। ਇਸ ਖੇਤਰ ਦੀਆਂ ਕੁਝ ਬੁਝਾਰਤਾਂ ਵਿੱਚ ਹਿੰਦੀ ਭਾਸ਼ਾ ਦਾ ਪ੍ਰਭਾਵ ਵੀ ਵੇਖਣ ਨੂੰ ਮਿਲਦਾ ਹੈ।

ਪੁਆਧੀ ਉਪਭਾਸ਼ਾ ਵਾਲੀਆਂ ਬੁਝਾਰਤਾਂ ਦੂਜੇ ਖੇਤਰਾਂ 'ਚ ਪ੍ਰਚੱਲਿਤ ਬੁਝਾਰਤਾਂ ਨਾਲੋਂ ਕੋਈ ਜ਼ਿਆਦਾ ਵੱਖਰੀਆਂ ਨਹੀਂ। ਕਈ ਬੁਝਾਰਤਾਂ ਦੇ ਉੱਤਰ ਵੀ ਮਿਲਦੇ ਜੁਲਦੇ ਹੀ ਹਨ ਤੇ ਸਭਿਆਚਾਰਕ ਸਾਂਝ ਵੀ ਹੈ। ਅਸੀਂ ਇੱਥੇ ਇੱਕ ਅਜਿਹੀ ਬੁਝਾਰਤ ਦੀ ਉਦਾਹਰਨ ਦੇ ਰਹੇ ਹਾਂ ਜਿਹੜੀ ਪੰਜਾਬ ਦੇ ਪੁਆਧ ਖੇਤਰ ਵਿੱਚ ਪ੍ਰਚੱਲਿਤ ਹੈ। ਇਸ ਬੁਝਾਰਤ ਨੂੰ ਸਿਰਜਣ ਪਿੱਛੇ ਲੋਕ ਕਹਾਣੀ ਕਾਰਜਸ਼ੀਲ ਹੈ। ਇਸ ਇਲਾਕੇ ਦੇ ਇੱਕ ਬੁਝਾਰਤਕਾਰ ਨੇ ਬੁਝਾਰਤ ਦੀ ਸਿਰਜਣਾ ਹੋਣ ਬਾਰੇ ਇੰਜ ਦੱਸਿਆ ਹੈ।

ਬੁਝਾਰਤ ਸਿਰਜਣ/ਬੁਣਨ ਪਿੱਛੇ ਕੋਈ ਇਤਿਹਾਸਕ ਜਾਂ ਮਿਥਿਹਾਸਕ ਕਥਾ-ਸਰੋਤ ਕਾਰਜਸ਼ੀਲ ਹੈ। ਜਿਵੇਂ ਇੱਕ ਵਾਰ ਦੀ ਗੱਲ ਹੈ ਕਿਸੇ ਰਾਜੇ ਦੀ ਲੜਕੀ ਨੇ ਇਹ ਐਲਾਨ ਕਰ ਦਿੱਤਾ ਕਿ ਉਹ ਉਸ ਵਿਅਕਤੀ ਨਾਲ ਹੀ ਵਿਆਹ ਕਰੇਗੀ ਜਿਹੜਾ ਉਸਦੀ ਪਾਈ ਬੁਝਾਰਤ ਨੂੰ ਪੂਰਾ ਕਰੇਗਾ। ਇਹ ਬੁਝਾਰਤ ਇਸ ਤਰ੍ਹਾਂ ਸੀ :

**ਪ੍ਰਸ਼ਨ :** ਕੋਈ ਵੀ ਵਿਅਕਤੀ ਉਸਨੂੰ ਵੀਹ ਤੱਕ ਸਹੀ ਗਿਣਤੀ ਅਜਿਹੇ ਤਰੀਕੇ ਨਾਲ ਗਿਣੇ ਜਿਸ ਨਾਲ ਪੂਰੀ ਬੁਝਾਰਤ ਬਣ ਜਾਏ।

ਰਾਜੇ ਦੀ ਲੜਕੀ ਦੁਆਰਾ ਪਾਇਆ ਇਹ ਪ੍ਰਸ਼ਨ ਜੋ ਸ਼ਰਤ ਦਾ ਹੀ ਰੂਪ ਸੀ ਨੂੰ ਬੁੱਝਣ/ਪੂਰਾ ਕਰਨ ਲਈ ਬਹੁਤ ਸਾਰੇ ਵਿਅਕਤੀ ਵਿਆਹ ਕਰਾਉਣ ਦੀ ਇੱਛਾ ਨੂੰ ਮੁੱਖ ਰੱਖ ਕੇ ਆਏ। ਪਰ ਉਹ ਲੜਕੀ ਸਹੀ ਉੱਤਰ ਨਾ ਦੇਣ ਵਾਲੇ ਦਾ ਕਤਲ ਕਰ ਦਿੰਦੀ ਸੀ। ਅਖੀਰ ਵਿੱਚ ਇੱਕ ਗਰੀਬ ਬੁੱਢੀ (ਵਿਧਵਾ) ਇਸਤਰੀ ਦਾ ਪੁੱਤਰ ਵੀ ਆਪਣੀ ਮਾਂ ਦੇ ਰੋਕਣ ਦੇ ਬਾਵਜੂਦ ਇਸ ਪਰੀਖਿਆ ਵਿੱਚ ਸ਼ਾਮਿਲ ਹੋ ਗਿਆ ਅਤੇ ਉਸਨੇ ਵੀਹ ਦੀ ਗਿਣਤੀ ਦੇ ਆਧਾਰ ਉਤੇ ਸਹੀ ਉੱਤਰ ਦਿੱਤੇ ਜੋ ਨਿਮਨਲਿਖਤ ਹਨ:

1. ਇੱਕ ਦਾ ਏਕਮ ਓਂਕਾਰ
2. ਦੋ ਚੰਦ ਅਤੇ ਸੂਰਜ
3. ਤਿੰਨ ਤ੍ਰਿਲੋਕੀ
4. ਚਾਰ ਵੇਦ (ਰਿਗਵੇਦ, ਸਾਮਵੇਦ, ਯਜੁਰਵੇਦ, ਅਥ੍ਰਵੇਦ)
5. ਪੰਜ-ਪਾਂਡਵ
6. ਛੇ-ਦੀਪ (ਪਾਣੀ ਵਾਲੇ ਟਾਪੂ)
7. ਸੱਤ ਰਿਸ਼ੀ
8. ਅੱਠ ਸ਼ਰਾਧ
9. ਨੌ-ਨੌਰਾਤੇ
10. ਦਸਵਾਂ-ਦੁਸਹਿਰਾ
11. ਗਿਆਰਵੀਂ-ਇਕਾਦਸੀ

12. ਬਾਰਾਂ (ਸਾਲ ਵਿੱਚ ਮਹੀਨੇ)

13. ਤੇਰਵਾਂ ਨੌਂਦਦਾ

14. ਚੌਧਾਂ ਰਤਨ

15. ਪੰਦਰਾਂ ਭਵਨ

16. ਸੋਲਾਂ-ਕਲਾ

17. 17, 18 ਦਾ ਇਸੇ ਪ੍ਰਕਾਰ ਉੱਤਰ ਦਿੱਤਾ।

19. ਉਨਵੀਂ ਤੂੰ

20. ਵੀਹਵਾਂ-ਮੈਂ।

ਇਸ ਪ੍ਰਕਾਰ ਸੂਝਵਾਨ ਲੜਕੇ ਨੇ ਰਾਜ ਕੁਮਾਰੀ ਵੱਲੋਂ ਪਾਈ ਬੁਝਾਰਤ ਨੂੰ ਪੂਰਾ ਕਰ ਦਿੱਤਾ ਅਤੇ ਲੜਕੇ ਨੇ ਰਾਜ ਕੁਮਾਰੀ ਨੂੰ ਆਪਣੇ ਵੱਲੋਂ ਬਣਾਈ ਬੁਝਾਰਤ ਪਾ ਦਿੱਤੀ ਜਿਹੜੀ ਕਿ ਉਸਨੇ ਰਸਤੇ ਵਿੱਚ ਆਉਂਦੇ ਸਮੇਂ ਕਿਸੇ ਦ੍ਰਿਸ਼ ਨੂੰ ਵੇਖ ਕੇ ਖੁਦ ਸਿਰਜੀ ਸੀ। ਇਹ ਬੁਝਾਰਤ ਉਸਦਾ ਨਿੱਜੀ ਤਜਰਬਾ ਸੀ।

ਚੌਕਟ 'ਤੇ (ਉਤੇ) ਦੋਕਟ ਬੈਠੀ
ਉਸਦੇ ਮੂੰਹ ਵਿੱਚ ਗੋਲੀ
ਯਾ ਤਾਂ ਦੋ ਦੇ ਤਿੰਨ ਹੋ ਗਏ
ਯਾ ਰਹਿਗੀ ਰੰਡ ਇਕੇਲੀ

ਭਾਵ ਉਸ ਲੜਕੇ ਨੇ ਆਉਂਦੇ ਸਮੇਂ ਰਸਤੇ ਵਿੱਚ ਇੱਕ ਮੱਝ ਜਿਸਦੇ ਚਾਰ ਪੈਰ ਹੁੰਦੇ ਹਨ ਵੇਖੀ, ਜਿਸ 'ਤੇ ਦੋ ਪੈਰਾਂ ਵਾਲਾ ਬਗਲਾ ਬੈਠਿਆ ਸੀ, ਉਸਦੇ ਮੂੰਹ ਵਿੱਚ ਡੱਡੀ ਪਕੜੀ ਹੋਈ ਸੀ। ਉਸ ਲੜਕੇ ਨੇ ਰਸਤੇ ਵਿੱਚ ਇਸ ਦ੍ਰਿਸ਼ ਨੂੰ ਵੇਖ ਕੇ ਆਪਣੀ ਤੀਖਣ ਬੁੱਧੀ ਨਾਲ ਇਹ ਬੁਝਾਰਤ ਘੜ ਲਈ ਸੀ। ਜੇਕਰ ਉਹ ਰਾਜ ਕੁਮਾਰੀ ਉਸਦੀ ਇਸ ਉਪਰੋਕਤ ਬੁਝਾਰਤ ਦਾ ਜਵਾਬ ਦੇ ਦਿੰਦੀ ਤਾਂ ਉਹ ਉਸਨੂੰ ਮਰਵਾ ਦਿੰਦੀ। ਇਸ ਤਰ੍ਹਾਂ ਲੜਕੇ ਦੇ ਘਰ ਵਿੱਚ ਵਿਧਵਾ ਮਾਂ ਹੀ ਇਕੱਲੀ ਰਹਿ ਜਾਂਦੀ। ਪਰ ਇਸਦਾ ਜਵਾਬ ਰਾਜ ਕੁਮਾਰੀ ਨਾ ਦੇ ਸਕੀ ਕਿਉਂਕਿ ਇਸਦਾ ਉੱਤਰ ਉਸ ਗਰੀਬ ਤੇ ਬੁੱਧੀਮਾਨ ਲੜਕੇ ਦੇ ਮਨ 'ਚ ਹੀ ਲੁਪਤ ਸੀ ਕਿਉਂਕਿ ਇਹ ਬੁਝਾਰਤ ਉਸਦੇ ਨਿੱਜੀ ਤਜਰਬੇ ਵਿੱਚੋਂ ਪੈਦਾ ਹੋਈ ਸੀ।

# II

# ਜੰਗਾਂ ਯੁੱਧਾਂ ਦੀ ਰਣ-ਭੂਮੀ- ਪੁਆਧ

ਮੈਂ ਚੜ੍ਹ ਕੇ ਕਿਲ੍ਹਾ ਕੰਧਾਰ ਦਾ,
ਸਣ ਬੁਰਜੀਆਂ ਢਾਹਾਂ ।

# ਸਿੱਖ ਗੁਰੂ ਸਾਹਿਬਾਨ ਦੀ ਕਰਮ-ਭੂਮੀ-ਪੁਆਧ

*ਡਾ. ਜਗਜੀਤ ਸਿੰਘ*

ਪੁਆਧ ਖੇਤਰ ਵਿੱਚ ਬਹੁਤ ਸਾਰੇ ਸਥਾਨ ਪੰਜ ਗੁਰੂ ਸਾਹਿਬਾਨ ਨਾਲ ਸਬੰਧਿਤ ਹਨ । ਗੁਰੂ ਹਰਿਗੋਬਿੰਦ ਸਾਹਿਬ ਆਪਣੀ ਆਯੂ ਦੇ ਪਿਛਲੇ ਵਰ੍ਹਿਆਂ ਵਿੱਚ ਕੀਰਤਪੁਰ ਸਾਹਿਬ ਆ ਟਿਕੇ ਸਨ । ਇਸ ਸਥਾਨ ਉੱਤੇ ਪੀਰ ਬੁਢਣ ਸ਼ਾਹ ਦੀ ਯਾਦਗਾਰ ਹੈ ਜਿਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਗੁਰੂ ਨਾਨਕ ਦੇਵ ਨੂੰ ਮਿਲੇ ਸਨ ਤੇ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਦੁੱਧ ਦਾ ਪਿਆਲਾ ਭੇਂਟ ਕੀਤਾ ਜਿਹੜਾ ਉਨ੍ਹਾਂ ਨੇ ਇਹ ਆਖ ਕੇ ਕਿ ਅਸੀਂ ਛੇਵੇਂ ਜਾਮੇ ਵਿੱਚ ਤੈਥੋਂ ਆ ਕੇ ਇਹ ਦੁੱਧ ਪੀਵਾਂਗੇ ਆਪਣੇ ਪਾਸ ਰੱਖਣ ਲਈ ਕਿਹਾ ਸੀ ਤੇ ਉਹੀ ਦੁੱਧ ਗੁਰੂ ਹਰਿਗੋਬਿੰਦ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਬਾਬਾ ਗੁਰ ਦਿਤਾ ਜੀ ਨੇ ਜਿਸ ਦਾ ਸਰੂਪ ਗੁਰੂ ਨਾਨਕ ਦੇਵ ਜੀ ਨਾਲ ਮਿਲਦਾ ਜੁਲਦਾ ਸੀ, ਪੀਰ ਜੀ ਤੋਂ ਲੈ ਕੇ ਸੇਵਨ ਕੀਤਾ । ਇਸੇ ਸਥਾਨ ਉੱਤੇ ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤ ਸਮਾਏ ਤੇ ਉਨ੍ਹਾਂ ਨੇ ਬਾਬਾ ਗੁਰਦਿਤਾ ਦੇ ਸਪੁੱਤਰ ਹਰਿਰਾਏ ਜੀ ਨੂੰ ਗੁਰ ਗੱਦੀ ਬਖਸ਼ੀ । ਗੁਰੂ ਹਰਿਰਾਏ ਸਾਹਿਬ ਲਗਭਗ 17 ਵਰ੍ਹੇ ਇਸ ਸਥਾਨ ਤੇ ਬਰਾਜੇ ਤੇ ਮਗਰੋਂ ਉਨ੍ਹਾਂ ਦੇ ਛੋਟੇ ਸਪੁੱਤਰ ਗੁਰੂ ਹਰਿ ਕ੍ਰਿਸ਼ਨ ਗੁਰ ਗਦੀ ਤੇ ਸ਼ਸੋਭਤ ਹੋਏ । ਗੁਰੂ ਹਰਿ ਕ੍ਰਿਸ਼ਨ ਦੇ ਜੋਤੀ ਜੋਤ ਸਮਾਉਣ ਉਪਰੰਤ ਜਦੋਂ ਗੁਰੂ ਬਾਬਾ ਬਕਾਲੇ ਦੇ ਮੁਖ ਵਾਕ ਨਾਲ ਗੁਰੂ ਤੇਗ਼ ਬਹਾਦਰ ਗੁਰੂ ਨਾਨਕ ਦੁਆਰਾ ਸਥਾਪਤ ਗੁਰਗੱਦੀ ਉਤੇ ਬ੍ਰਾਜਮਾਨ ਹੋਏ ਤਾਂ ਉਨ੍ਹਾਂ ਨੇ ਕੀਰਤਪੁਰ ਤੋਂ ਕੋਈ 10 ਕਿਲੋਮੀਟਰ ਦੀ ਵਿਥ ਤੇ ਮਾਖੋਵਾਲ ਨਗਰ ਵਸਾਇਆ ਜੋ ਅੱਜਕੱਲ ਆਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ । ਆਨੰਦਪੁਰ ਸਾਹਿਬ ਦੇ ਸਥਾਨ ਉੱਤੇ ਹੀ ਕਸ਼ਮੀਰੀ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਹਜ਼ੂਰੀ ਵਿੱਚ ਆ ਕੇ ਫਰਿਆਦੀ ਹੋਏ ਸਨ ਤੇ ਇਥੋਂ ਹੀ ਭਾਈ ਮਤੀਦਾਸ, ਸਤੀਦਾਸ ਤੇ ਭਾਈ ਦਿਆਲਾ, ਗੁਰੂ ਤੇਗ ਬਹਾਦਰ ਸਾਹਿਬ ਨਾਲ ਦਿੱਲੀ ਵੱਲ ਰਵਾਨਾ ਹੋਏ ਸਨ ਤੇ ਰੋਪੜ ਲਾਗੇ ਮਲਿਕਪੁਰ ਪਿੰਡ ਵਿੱਚ ਉਨ੍ਹਾਂ ਨੂੰ ਹਰਾਸਤ ਵਿਚ ਲੈ ਕੇ ਬੱਸੀ ਪਠਾਣਾ ਰਖਿਆ ਗਿਆ ਤੇ ਕੁਝ ਸਮਾਂ ਬਾਅਦ ਦਿੱਲੀ ਲੈ ਜਾ ਕੇ ਚਾਂਦਨੀ ਚੌਂਕ ਵਿੱਚ ਸ਼ਹੀਦ ਕੀਤਾ ਗਿਆ ਸੀ । ਇਹ ਘਟਨਾ ਨਵੰਬਰ 1675 ਈ. ਦੀ ਹੈ ।

ਆਨੰਦਪੁਰ ਸਾਹਿਬ ਤੋਂ ਹੀ ਗੁਰੂ ਗੋਬਿੰਦ ਸਿੰਘ ਨੂੰ ਬਿਲਾਸਪੁਰੀਏ ਰਾਜੇ ਭੀਮ ਚੰਦ ਨੇ ਉਨ੍ਹਾਂ ਦੀਆਂ ਫੌਜੀ ਮਸ਼ਕਾਂ ਵੇਖ ਕੇ ਰਿਆਸਤ ਵਿਚੋਂ ਚਲੇ ਜਾਣ ਲਈ

ਕਿਹਾ ਸੀ ਤੇ ਗੁਰੂ ਸਾਹਿਬ ਨਾਹਨ ਰਿਆਸਤ ਵਿੱਚ ਜਮਨਾ ਕਿਨਾਰੇ ਪਉਂਟਾ ਸਾਹਿਬ ਵਿੱਚ ਜਾ ਬਰਾਜੇ ਸਨ । ਉਸੇ ਸਥਾਨ ਉੱਤੇ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ ਹੋਇਆ ਸੀ । ਭੰਗਾਣੀ ਯੁੱਧ ਜੋ 1687 ਈ. ਵਿਚ ਪਹਾੜੀ ਰਾਜਿਆਂ ਅਤੇ ਗੁਰੂ ਗੋਬਿੰਦ ਸਿੰਘ ਵਿਚਕਾਰ ਹੋਇਆ, ਮਗਰੋਂ ਗੁਰੂ ਸਾਹਿਬ ਫੇਰ ਆਨੰਦਪੁਰ ਸਾਹਿਬ ਆ ਟਿਕੇ ਸਨ । 1687 ਤੋਂ 1699 ਈ. ਦੌਰਾਨ ਨਾ ਕੇਵਲ ਗੁਰੂ ਸਾਹਿਬ ਨੇ ਪਹਾੜੀ ਖੇਤਰ ਵਿੱਚ ਪਹਾੜੀ ਰਾਜਿਆਂ ਅਤੇ ਕੇਂਦਰੀ ਮੁਗ਼ਲ ਹਕੂਮਤ ਦੀਆਂ ਫੌਜਾਂ ਵਿਚਕਾਰ ਹੋਈਆਂ ਲੜਾਈਆਂ ਵਿਚ ਪਹਾੜੀ ਰਾਜਿਆਂ ਦੀ ਸਹਾਇਤਾ ਕੀਤੀ ਸੀ ਪਰ ਉਹ ਮੌਕਾ ਪਰੱਸਤ ਸਨ । ਨਦੌਨ ਯੁਧ ਮਗਰੋਂ ਕੇਂਦਰੀ ਫੌਜਾਂ ਦੀ ਹਾਰ ਮਗਰੋਂ ਵੀ ਪਹਾੜੀ ਰਾਜਿਆਂ ਨੇ ਮੁਗ਼ਲ ਹਕੂਮਤ ਨਾਲ ਸਮਝੌਤਾ ਕਰ ਲਿਆ ।

ਇਸੇ ਸਮੇਂ ਦੌਰਾਨ ਗੁਰੂ ਸਾਹਿਬ ਤੇ ਉਨ੍ਹਾਂ ਦੇ ਕਵੀਆਂ ਨੇ ਬਹੁਤ ਸਾਰੀ ਬਾਣੀ ਤੇ ਬੀਰ ਰਸੀ ਕਵਿਤਾ ਰਚੀ ਜਿਹੜੀ ਵਧੇਰੇ ਕਰਕੇ ਹਿੰਦੂਆਂ ਦੇ ਚੌਬੀਸ ਅਵਤਾਰਾਂ ਨਾਲ ਸਬੰਧਿਤ ਸੀ ਪਰ ਉਸ ਦਾ ਉਦੇਸ਼ ਲੋਕਾਂ ਵਿਚ ਬੀਰ ਰਸ ਦਾ ਸੰਚਾਰ ਕਰਨਾ ਸੀ। ਇਸ ਸਾਹਿਤਿਕ ਰਚਨਾ ਦਾ ਕਾਫ਼ੀ ਭਾਗ ਦਰਿਆ ਸਤਲੁਜ ਕਿਨਾਰੇ ਨੇਪਰੇ ਚੜ੍ਹਿਆ, ਕਬਿਯੋ ਬਾਚ ਬੇਨਤੀ ॥ ਚੌਪਈ ॥ ਬਾਰੇ ਇਹ ਪਰੰਪਰਾ ਹੈ ਕਿ ਇਹ ਰਚਨਾ ਗੁਰੂ ਸਾਹਿਬ ਨੇ ਨੰਗਲ ਦੇ ਭਬੋਰ ਸਾਹਿਬ ਟਿੱਲੇ ਉੱਤੇ ਉਚਾਰਨ ਕੀਤੀ ਸੀ ।

ਗੁਰੂ ਸਾਹਿਬ ਨੇ ਆਨੰਦਪੁਰ ਵਿਚ ਤੇ ਉਸ ਦੇ ਲਾਗੇ ਜਿਹੜੇ ਕਿਲੇ ਉਸਾਰੇ ਉਨ੍ਹਾਂ ਦੀ ਵੀ ਇਤਿਹਾਸਕ ਮਹੱਤਤਾ ਹੈ । ਕੇਸਗੜ੍ਹ ਦੇ ਕਿਲੇ ਦੇ ਸਥਾਨ ਉੱਤੇ 1699 ਈ. ਵਿੱਚ ਖਾਲਸਾ ਸਾਜਨ ਦਾ ਇਨਕਲਾਬੀ ਕਾਰਜ ਹੋਇਆ ਤੇ ਆਨੰਦਗੜ੍ਹ ਦੇ ਕਿਲੇ ਉੱਤੇ ਜਦੋਂ ਪਹਾੜੀ ਰਾਜਿਆਂ ਨੇ ਇੱਕ ਮਸਤ ਹਾਥੀ । ਜਿਸ ਨੂੰ ਸ਼ਰਾਬ ਪਿਲਾਈ ਗਈ ਸੀ । ਕਿਲੇ ਦਾ ਦਰਵਾਜ਼ਾ ਤੋੜਨ ਹਿਤ ਫੌਜ ਦੇ ਅੱਗੇ ਲਗਾਇਆ ਸੀ, ਗੁਰੂ ਸਾਹਿਬ ਨੇ ਬਚਿਤਰ ਸਿੰਘ ਨੂੰ ਹਾਥੀ ਦਾ ਮੁਕਾਬਲਾ ਕਰਨ ਲਈ ਚੁਣਿਆ। ਉਸ ਸੂਰਬੀਰ ਨੇ ਹਾਥੀ ਦੇ ਢਾਲ ਨਾਲ ਮੜ੍ਹੇ ਮੱਥੇ ਤੇ ਏਨੇ ਜ਼ੋਰ ਨਾਲ ਨਾਗਣੀ ਮਾਰੀ ਕਿ ਹਾਥੀ ਚੰਗਾੜਾਂ ਮਾਰਦੇ ਹੋਏ ਪਿੱਛੇ ਨੂੰ ਦੌੜਿਆ ਤੇ ਉਸ ਨੇ ਪਹਾੜੀ ਰਾਜਿਆਂ ਦੀ ਸੈਨਾ ਨੂੰ ਹੀ ਮਧੋਲ ਦਿਤਾ ।

ਇਸ ਪੁਆਧ ਖੇਤਰ ਵਿਚ ਹੀ ਬਹੁਤ ਸਾਰੀਆਂ ਨਦੀਆਂ ਹਨ ਪਰ ਸਰਸਾ ਨਦੀ ਜਿਹੜੀ ਆਨੰਦਪੁਰ ਅਤੇ ਰੋਪੜ ਦੇ ਵਿਚਕਾਰ ਵਹਿੰਦੀ ਹੈ, ਇਤਿਹਾਸਕ ਮਹੱਤਤਾ ਰਖਦੀ ਹੈ ਕਿਉਂਕਿ ਜਦੋਂ 1704 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਦਾ ਕਿਲਾ ਤਿਆਗਿਆ ਸੀ ਤੇ ਉਹ ਰੋਪੜ ਵੱਲ ਕੂਚ ਕਰ ਰਹੇ ਸਨ ਤੇ ਸਰਸਾ ਨਦੀ ਉੱਤੇ ਪਹਾੜੀ ਰਾਜਿਆਂ ਅਤੇ ਮੁਗ਼ਲ ਸੈਨਾ ਨੇ ਉਨ੍ਹਾਂ ਉੱਤੇ ਹੱਲਾ ਬੋਲ ਦਿੱਤਾ ਤੇ ਇੱਥੇ ਹੀ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਦਰਬਾਰੀ ਕਵੀਆਂ ਦੁਆਰਾ ਤਿਆਰ ਕੀਤਾ ਵੱਡੇ ਆਕਾਰ ਦਾ ਗ੍ਰੰਥ ਨਦੀ ਦੀ ਭੇਟ ਹੋ ਗਿਆ ਤੇ ਗੁਰੂ ਸਾਹਿਬ ਦਾ ਪਰਿਵਾਰ ਵੀ ਖੇਰੂੰ ਖੇਰੂੰ ਹੋ ਗਿਆ ।

ਇਸ ਤੋਂ ਅੱਗੇ ਇਕ ਸਥਾਨ ਹੈ ਭੱਠਾ ਸਾਹਿਬ ਜੋ ਕੋਟਲਾ ਨਿਹੰਗ ਪਿੰਡ ਦੇ ਖੇਤਰ ਵਿਚ ਸਥਿਤ ਹੈ । ਇੱਥੇ ਭਾਈ ਬਚਿਤਰ ਸਿੰਘ ਜਿਹੜੇ ਮਲਕਪੁਰ ਪਿੰਡ ਲਾਗੇ ਹੋਈ ਝੜਪ ਵਿਚ ਕਾਫ਼ੀ ਜ਼ਖਮੀ ਹੋ ਗਏ ਸਨ, ਪਠਾਣ ਨਿਹੰਗ ਖਾਂ ਪਾਸ ਤਿਮਾਰੀਦਾਰੀ ਹਿਤ ਛੱਡ ਗਏ ਸਨ ਕਿਉਂਕਿ ਗੁਰੂ ਸਾਹਿਬ ਪਿੱਛਾ ਕਰ ਰਹੀ ਸ਼ਤਰੂ ਸੈਨਾ ਨਾਲ ਕਿਸੇ ਯੋਗ ਥਾਂ 'ਤੇ ਦੋ ਹੱਥ ਕਰਨਾ ਚਾਹੁੰਦੇ ਸਨ । ਇਸ ਲਈ ਬੁਰੀ ਤਰ੍ਹਾਂ ਜ਼ਖਮੀ ਹੋਏ ਬਚਿਤਰ ਸਿੰਘ ਨੂੰ ਨਾਲ ਲੈ ਕੇ ਜਾਣਾ ਉਚਿਤ ਨਹੀਂ ਸੀ । ਇਸ ਸਥਾਨ 'ਤੇ ਪਉਂਟਾ ਸਾਹਿਬ ਤੋਂ ਵਾਪਸ ਆਉਂਦੇ ਗੁਰੂ ਸਾਹਿਬ ਦੇ ਘੋੜੇ ਦਾ ਪੈਰ ਚੂਨੇ ਦੀਆਂ ਬੇਕਾਰ ਹੋਈਆਂ ਭੱਠੀਆਂ ਵਿਚੋਂ ਕਿਸੇ ਇੱਕ ਵਿੱਚ ਖੁਭ ਗਿਆ ਸੀ, ਜਿਸ ਕਾਰਨ ਉਨ੍ਹਾਂ ਨੂੰ ਹੇਠਾਂ ਉਤਰਨਾ ਪਿਆ ਸੀ । ਉਸ ਵੇਲੇ ਕੋਟਲੇ ਦਾ ਪਠਾਣ ਨਿਹੰਗ ਖਾਂ ਆਪ ਨੂੰ ਸਜਦਾ ਕਰਨ ਲਈ ਆਇਆ ਸੀ। ਉਸ ਸਥਾਨ ਉੱਤੇ ਅੱਜ ਕੱਲ੍ਹ ਗੁਰਦਵਾਰਾ ਭੱਠਾ ਸਾਹਿਬ ਸਥਾਪਤ ਹੈ ।

ਇਸ ਤੋਂ ਅਗੇਰੇ ਦਾ ਪ੍ਰਸਿੱਧ ਸਥਾਨ ਚਮਕੌਰ ਸਾਹਿਬ ਹੈ ਜਿੱਥੇ ਦੁਨੀਆਂ ਦੀ ਬੇਮਿਸਾਲ ਜੰਗ ਲੜੀ ਗਈ । ਜਿਸ ਜੰਗ ਵਿੱਚ ਇੱਕ ਪਾਸੇ ਭੁੱਖੇ ਪਿਆਸੇ ਚਾਲੀ ਸਿੰਘ, ਦੋ ਸਾਹਿਬਜ਼ਾਦੇ ਤੇ ਗੁਰੂ ਸਾਹਿਬ ਖ਼ੁਦ ਆਪ ਸਨ ਤੇ ਦੂਜੇ ਪਾਸੇ ਪਹਾੜੀ ਰਾਜਿਆਂ, ਸੂਬੇਦਾਰ ਸਰਹਿੰਦ ਦੀ ਅਣਗਿਣਤ ਫੌਜ ਤੇ ਇਧਰੋਂ ਉਧਰੋਂ ਇਕੱਠਾ ਹੋਇਆ ਮੁਲਖਈਆ ਵੀ ਸ਼ਾਮਲ ਸੀ ।

ਚਮਕੌਰ ਸਾਹਿਬ ਤੋਂ ਪੱਛਮ ਵੱਲ ਮਾਛੀਵਾੜਾ ਹੈ ਜਿੱਥੇ ਗੁਰੂ ਸਾਹਿਬ ਦਰਿਆ ਸਤਲੁਜ ਦੇ ਲਾਗਲੇ ਬੇਟ ਦੀਆਂ ਦਭਸੂਲਾਂ, ਸਰਕੜੇ ਤੇ ਦਲਦਲ ਰਾਹੀਂ ਰਾਤ ਸਮੇਂ ਲੰਘ ਕੇ ਪਹੁੰਚੇ ਸਨ ਤੇ ਜਿਥੋਂ ਗਨੀ ਖਾਂ, ਨਬੀ ਖਾਂ ਪਠਾਣ ਭਰਾਵਾਂ ਨੇ ਆਪ ਨੂੰ ਪਲੰਘ 'ਤੇ 'ਉਚ ਦਾ ਪੀਰ' ਐਲਾਨ ਕਰਕੇ ਕੰਨ੍ਹਿਆਂ 'ਤੇ ਚੁੱਕ ਕੇ, ਸਰਕਾਰੀ ਸੂਹਿਆਂ ਤੋਂ ਬਚਦੇ ਹੋਏ ਲੁਧਿਆਣੇ ਲਾਗੇ ਆਲਮਗੀਰ ਪਹੁੰਚਾਇਆ ਸੀ, ਇਸ ਮਨੁੱਖੀ ਹਮਦਰਦੀ ਦਾ ਜਿਹੜਾ ਸਬੂਤ ਉਨ੍ਹਾਂ ਪਠਾਣ ਭਰਾਵਾਂ ਨੇ ਪਰਦਰਸ਼ਤ ਕੀਤਾ ਉਸ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਗੁਰੂ ਸਾਹਿਬ ਦਾ ਸੰਘਰਸ਼ ਕਿਸੇ ਮਜ਼ਹਬ ਦੇ ਵਿਰੁਧ ਨਹੀਂ ਸੀ ਸਗੋਂ ਜ਼ੋਰ ਜਬਰ ਕਰਨ ਵਾਲੀ ਹਕੂਮਤ ਵਿਰੁੱਧ ਸੀ ।

ਇਸ ਖੇਤਰ ਵਿੱਚ ਉਹ ਸਥਾਨ ਵੀ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੀ ਹੈਂਕੜ ਅਤੇ ਜਬਰ ਅੱਗੇ ਨਾ ਝੁਕਦੇ ਹੋਏ ਧਰਮ ਦੀ, ਵਿਸ਼ਵਾਸ਼ ਦੀ ਆਜ਼ਾਦੀ ਲਈ ਆਪਣੀਆਂ ਨੰਨ੍ਹੀਆਂ ਤੇ ਕੋਮਲ ਜਿੰਦੜੀਆਂ ਕੁਰਬਾਨ ਕਰਕੇ ਦੁਨੀਆਂ ਦੇ ਇਤਿਹਾਸ ਵਿੱਚ ਲਾਮਿਸਾਲ ਪਿਰਤ ਪਾਈ, ਉਸ ਸਥਾਨ ਦਾ ਅਜੋਕਾ ਨਾਂ ਫ਼ਤਿਹਗੜ੍ਹ ਸਾਹਿਬ ਹੈ ।

ਇਸੇ ਸਥਾਨ ਲਾਗੇ ਰੌਜ਼ਾ ਸ਼ਰੀਫ ਹੈ ਜਿੱਥੇ ਅਲਫਮੁਜੱਦਦ ਸ਼ਾਨੀ ਦਾ ਮਕਬਰਾ ਅਤੇ ਹੋਰ ਬਹੁਤ ਸਾਰੇ ਮੁਸਲਮਾਨਾਂ ਦੀਆਂ ਕਬਰਾਂ ਹਨ । ਇਸੇ ਨਗਰ ਲਾਗੇ ਇੱਕ ਆਮਖਾਸ ਬਾਗ਼ ਹੈ ਜਿਸ ਨੂੰ ਮੁਗ਼ਲ ਰਾਜ ਸਮੇਂ ਦਾ ਇਕ ਉੱਤਮ ਤੇ ਸ਼ਾਨਦਾਰ

ਕਲਾ ਕਿਰਤ ਹੋਣ ਦਾ ਮਾਣ ਪ੍ਰਾਪਤ ਹੈ । ਇਸੇ ਪ੍ਰਕਾਰ ਚੰਡੀਗੜ੍ਹ ਤੋਂ ਕਾਲਕਾ ਦੇ ਵਿਚਕਾਰ ਪੰਜੌਰ ਬਾਗ਼ ਹੈ ਜੋ ਸੈਂਕੜੇ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਿਆ ਰਹਿੰਦਾ ਹੈ ।

ਪੁਆਧ ਦੀ ਧਰਤੀ ਵਿੱਚ ਉੱਤਰ ਪੂਰਬ ਵੱਲ ਪਹਾੜੀਆਂ ਦੇ ਦਾਮਨ ਅਤੇ ਪਹਾੜੀਆ ਦੇ ਉੱਤੇ ਬਹੁਤ ਸਾਰੇ ਮੰਦਰ ਹਨ ਜਿਨ੍ਹਾਂ ਵਿਚ ਚੰਡੀਮੰਦਰ ਚੰਡੀ ਦੇਵੀ ਦਾ, ਮਨਸਾ ਦੇਵ ਇੱਛਾ ਪੂਰਨ ਕਰਨ ਵਾਲੀ ਦੇਵੀ ਦਾ, ਜੈਨਤੀ ਦੇਵੀ ਦਾ ਮੰਦਰ, ਨੈਣਾ ਦੇਵੀ ਦਾ ਮੰਦਰ ਜੋ ਆਨੰਦਪੁਰ ਸਾਹਿਬ ਲਾਗੇ ਸਥਿਤ ਹੈ, ਚਿੰਤਪੁਰਨੀ ਜੋ ਹੁਸ਼ਿਆਰਪੁਰ ਦੇ ਉੱਤਰ ਪੂਰਬ ਵਿੱਚ ਸਥਿਤ ਹੈ, ਜਵਾਲਾ ਜੀ ਜਿੱਥੇ ਅਗਨੀ ਦੀ ਲਾਟਾਂ ਬਲਦੀਆਂ ਹਨ ਇਸੇ ਖੇਤਰ ਦੇ ਹਿੰਦੂਆਂ ਦੀ ਸ਼ਰਧਾ ਦੇ ਕੇਂਦਰ ਹਨ । ਵਿਦਵਾਨਾਂ ਅਨੁਸਾਰ ਦੇਵੀ ਪੂਜਾ ਉਸ ਸਮੇਂ ਪ੍ਰਚਲਿਤ ਹੋਈ ਜਦੋਂ ਅਜੇ ਵਿਆਹੁਤ ਜੀਵਨ ਨਹੀਂ ਸੀ ਸ਼ੁਰੂ ਹੋਇਆ । ਮਨੁੱਖ ਤੇ ਇਸਤਰੀ ਪਸ਼ੂਆਂ ਵਾਂਗ ਸੰਜੋਗ ਕਰਦੇ ਪਰੰਤੂ ਮਰਦ ਬੱਚੇ ਪਾਲਨ ਦੀ ਜ਼ਿੰਮੇਵਾਰੀ ਨਹੀਂ ਸੀ ਲੈਂਦਾ । ਬੱਚਾ ਮਾਂ ਦੀ ਪਾਲਨਾ ਪੋਸ਼ਨਾ ਵਿਚ ਹੀ ਵੱਡਾ ਹੁੰਦਾ ਤੇ ਉਸ ਨੂੰ ਮਾਂ ਰੱਬ ਦਾ ਰੂਪ ਲਗਦੀ । ਉਸ ਦੀ ਇਸ ਭਾਵਨਾ ਨੇ ਦੇਵੀ ਪੂਜਾ ਦਾ ਰਿਵਾਜ ਪਾਇਆ । ਇੱਕ ਧਾਰਨਾ ਇਹ ਵੀ ਹੈ ਕਿ ਦਕਸ਼ ਰਾਜੇ ਦੀ ਪੁੱਤਰੀ ਸਤੀ ਨੇ ਆਪਣੇ ਪਿਤਾ ਦੇ ਹਵਨ ਕੁੰਡ ਵਿਚ ਛਲਾਂਗ ਮਾਰ ਦਿੱਤੀ ਸੀ ਕਿਉਂਕਿ ਉਸ ਦੇ ਪਿਤਾ ਨੇ ਉਸ ਦੇ ਆਪਣੀ ਮਰਜ਼ੀ ਨਾਲ ਸ਼ਿਵ ਨੂੰ ਆਪਣਾ ਵਰ ਚੁਣਨ ਤੋਂ ਨਾਰਾਜ਼ ਹੋ ਕੇ ਸਤੀ ਨੂੰ ਯੱਗ ਵਿੱਚ ਨਹੀਂ ਸੀ ਬੁਲਾਇਆ । ਜਦੋਂ ਸ਼ਿਵ ਜੀ ਨੇ ਸਤੀ ਨੂੰ ਹਵਨ ਦੀ ਅੱਗ ਵਿੱਚ ਅੱਧ ਝੁਲਸੀ ਚੁੱਕ ਕੇ ਤਾਂਡਵ ਨਾਚ ਨੱਚਣਾ ਸ਼ੁਰੂ ਕੀਤਾ ਤੇ ਵਿਸ਼ਨੂੰ ਨੇ ਸੁਦਰਸ਼ਨ ਚੱਕਰ ਚਲਾ ਕੇ ਸਤੀ ਦੇ ਸਰੀਰ ਦੇ ਟੁਕੜੇ ਟੁਕੜੇ ਕਰ ਦਿੱਤੇ ਕਿਉਂਕਿ ਸ਼ਿਵ ਜੀ ਬੜੀ ਤੀਬਰਤਾ ਨਾਲ ਘੁੰਮ ਰਹੇ ਸਨ, ਇਸ ਲਈ ਸਤੀ ਦੇ ਸਰੀਰ ਦੇ ਭਿੰਨ ਭਿੰਨ ਟੁਕੜੇ ਵੱਖ ਵੱਖ ਥਾਂ ਡਿੱਗੇ । ਜਿਸ ਜਗ੍ਹਾ ਜਿਹੜਾ ਅੰਗ ਡਿਗਿਆ, ਉਸੇ ਅੰਗ ਦੇ ਨਾਂ ਦੇ ਦੇਵੀ ਦਾ ਮੰਦਰ ਬਣਾ ਕੇ ਪੂਜਾ ਹੋਣ ਲੱਗੀ । ਆਸਾਮ ਵਿੱਚ ਗੋਹਾਟੀ ਲਾਗੇ ਸਤੀ ਦਾ ਜਣਨ ਅੰਗ ਡਿੱਗਾ, ਇਸ ਲਈ ਉੱਥੇ ਯੋਨੀ ਦੀ ਪੂਜਾ ਹੈ, ਜਿੱਥੇ ਅੱਖਾਂ ਡਿੱਗੀਆਂ ਉੱਥੇ ਨੈਣਾ ਦੇਵੀ ਦਾ ਮੰਦਰ ਬਣ ਗਿਆ । ਪਹਾੜਾਂ ਅਤੇ ਪਹਾੜਾਂ ਦੇ ਦਾਮਨ ਵਿੱਚ ਵਸਦੇ ਲੋਕੀਂ ਬਦੇਸ਼ੀ ਹਮਲਿਆਂ ਤੋਂ ਕਾਫ਼ੀ ਹੱਦ ਤੱਕ ਬਚੇ ਰਹੇ ਹਨ ਇਸ ਲਈ ਉਨ੍ਹਾਂ ਦੇ ਧਾਰਮਿਕ ਵਿਸ਼ਵਾਸ਼ ਸਦੀਆਂ ਪੁਰਾਣੇ ਹਨ । ਉਨ੍ਹਾਂ ਵਿਚ ਬਹੁਤਾ ਪਰਿਵਰਤਨ ਨਹੀਂ ਆਇਆ ।

ਪੁਆਧ ਆਪਣੇ ਖੇਤਰ ਵਿੱਚ ਕਈ ਸਭਿਅਤਾਵਾਂ ਨੂੰ ਸੰਭਾਲੀ ਬੈਠਾ ਹੈ । ਇਥੇ ਰੋਪੜ ਤੋਂ ਦਖਣ ਪਾਸੇ ਥੋੜ੍ਹੀ ਵਿੱਥ ਉੱਤੇ ਬਾੜਾ ਪਿੰਡ ਹੈ ਜਿਸ ਥਾਂ ਹੋਈ ਖੁਦਾਈ ਤੋਂ ਉਸ ਥਾਂ ਦਾ ਸਿੰਧੂ ਘਾਟੀ ਦੀ ਸਭਿਅਤਾ ਤੋਂ ਵੀ ਪੁਰਾਣਾ ਹੋਣ ਦਾ ਸਬੂਤ ਪ੍ਰਾਪਤ ਹੋਇਆ ਹੈ । ਰੋਪੜ ਦੇ ਸਥਾਨ ਤੇ ਹੋਈ ਖੁਦਾਈ ਇਸ ਸਥਾਨ ਨੂੰ ਸਿੰਧੂ ਘਾਟੀ ਦੀ ਸਭਿਅਤਾ ਦਾ ਦਰਸਾਉਂਦੀ ਹੈ । ਤੀਜਾ ਸਥਾਨ ਸੰਘੋਲ ਹੈ ਜਿਸ ਨੂੰ ਉੱਚਾ ਪਿੰਡ

ਵੀ ਆਖਦੇ ਹਨ । ਇਹ ਸਥਾਨ ਈਸਵੀ ਸੰਨ ਤੋਂ ਪੂਰਬ ਦੇਸ਼ ਅੰਦਰ ਬੋਧ ਧਰਮ ਦੇ ਰਾਜ ਧਰਮ ਬਣਨ ਵੇਲੇ ਦੀਆਂ ਪੁਰਾਤਨ ਵਸਤਾਂ ਪ੍ਰਾਪਤ ਹੋਣ ਕਾਰਨ ਉਸ ਸਮੇਂ ਦੀ ਵਿਰਾਸਤ ਨੂੰ ਸੰਭਾਲੀ ਬੈਠਾ ਹੈ । ਇਹ ਸਥਾਨ ਚੰਡੀਗੜ੍ਹ ਲੁਧਿਆਣਾ ਮੁੱਖ ਮਾਰਗ ਤੋਂ ਕੋਈ ਇੱਕ ਕਿਲੋਮੀਟਰ ਦੀ ਵਿੱਥ ਉੱਤੇ ਸਥਿਤ ਹੈ ।

ਇਸੇ ਖੇਤਰ ਵਿੱਚ ਉਹ ਸਥਾਨ ਵੀ ਹੈ ਜਿੱਥੇ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੇ ਸੂਬੇਦਾਰ ਵਜੀਰ ਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਬਿਨਾਂ ਕਿਸੇ ਕਸੂਰ ਦੇ ਦੀਵਾਰ ਵਿੱਚ ਚਿਣਵਾ ਕੇ ਸ਼ਹੀਦ ਕਰਨ ਦੇ ਪ੍ਰਤਿਕਰਮ ਵਜੋਂ ਚਪਰਚਿੜੀ ਦੇ ਮੈਦਾਨ ਵਿੱਚ ਯੁੱਧ ਦੌਰਾਨ ਮੌਤ ਦੇ ਘਾਟ ਉਤਾਰ ਦੇ ਪੰਜਾਬ ਦੀ ਧਰਤੀ ਤੋਂ ਜ਼ੁਲਮ ਤੇ ਅਤਿਆਚਾਰ ਨੂੰ ਜੜੋਂ ਉਖੇੜਨ ਦਾ ਮੁੱਢ ਬੰਨ੍ਹਿਆ ।

# ਆਨੰਦਪੁਰ ਸਾਹਿਬ ਦਾ ਇਤਿਹਾਸਕ ਪਿਛੋਕੜ

*ਸੁਰਿੰਦਰ ਸਿੰਘ ਰਸੂਲਪੁਰ*

ਆਨੰਦਪੁਰ ਸਾਹਿਬ ਦੀ ਧਰਤੀ, ਜਿੱਥੋਂ ਗੁਰੂ ਸਾਹਿਬਾਨਾਂ ਅਤੇ ਉਨ੍ਹਾਂ ਦੇ ਪਰਵਾਰ ਦੀ ਮੁਹੱਬਤ ਭਰੀ ਖੁਸ਼ਬੂ ਆਉਂਦੀ ਹੈ, ਉੱਥੇ ਹੀ ਇਸ ਧਰਤੀ ਦੀ ਮਿੱਟੀ ਨੇ ਆਪਣੇ ਅੰਦਰ ਸੈਂਕੜੇ ਸ਼ਹੀਦਾਂ ਅਤੇ ਜੁਝਾਰੂਆਂ ਦੇ ਖ਼ੂਨ-ਪਸੀਨੇ ਦੇ ਤੁਪਕੇ ਆਪਣੇ ਵਿੱਚ ਸਮੋ ਰੱਖੇ ਹਨ। ਗੁਰੂ ਤੇਗ ਬਹਾਦਰ ਜੀ ਨੇ 19 ਜੂਨ, 1665 ਈਸਵੀ ਸੋਮਵਾਰ ਵਾਲੇ ਦਿਨ ਕਹਿਲੂਰ (ਬਿਲਾਸਪੁਰ) ਰਿਆਸਤ ਦੀ ਮਹਾਰਾਣੀ ਚੰਪਾ ਕੋਲੋਂ ਜ਼ਮੀਨ ਖਰੀਦ ਕੇ ਮਾਖੋਵਾਲ ਦੇ ਥੇਹ 'ਤੇ ਨਵੇਂ ਸਿੱਖ ਨਗਰ ਦੀ ਮੋੜ੍ਹੀ ਬਾਬਾ ਗੁਰਦਿੱਤਾ ਜੀ ਰਾਹੀਂ ਗੱਡੀ। ਇਸ ਨਗਰ ਦਾ ਨਾਂਅ ਆਪਣੀ ਮਾਤਾ ਦੇ ਨਾਂਅ 'ਚੱਕ ਨਾਨਕੀ' ਰੱਖਿਆ, ਜਿੱਥੇ ਅੱਜ ਗੁਰਦੁਆਰਾ ਸਾਹਿਬ 'ਗੁਰੂ ਕੇ ਮਹੱਲ' ਸੁਸ਼ੋਭਿਤ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 30 ਮਾਰਚ, 1689 ਨੂੰ ਮਹਾਰਾਣੀ ਚੰਪਾ ਤੋਂ ਅਗੰਮਪੁਰ ਅਤੇ ਤਾਰਾਗੜ੍ਹ ਦੀ ਜ਼ਮੀਨ ਖਰੀਦ ਕੇ ਚੱਕ ਨਾਨਕੀ ਦੇ ਨੇੜੇ ਹੀ ਮੌਜੂਦਾ ਕਿਲ੍ਹਾ ਆਨੰਦਗੜ੍ਹ ਵਾਲੀ ਥਾਂ 'ਤੇ ਨਵਾਂ ਨਗਰ ਆਨੰਦਪੁਰ ਸਾਹਿਬ ਸਥਾਪਤ ਕੀਤਾ। ਗੁਰੂ ਸਾਹਿਬਾਨਾਂ ਵੱਲੋਂ ਵਸਾਏ ਗਏ ਦੋਵੇਂ ਨਗਰ ਅੱਜ ਸ੍ਰੀ ਆਨੰਦਪੁਰ ਸਾਹਿਬ ਦੇ ਨਾਂਅ ਨਾਲ ਜਾਣੇ ਜਾਂਦੇ ਹਨ। ਇਹ ਇਲਾਕਾ ਜਿੱਥੇ ਭਗਤੀ ਲਈ ਸ਼ਾਂਤ, ਪੁਰਅਮਨ, ਧਾਰਮਿਕ ਅਤੇ ਰੂਹਾਨੀ ਮਾਹੌਲ ਪੈਦਾ ਕਰਦਾ ਸੀ, ਉੱਥੇ ਹੀ ਰਿਆਸਤ ਬਿਲਾਸਪੁਰ ਦੇ ਵੱਡੇ ਪਹਾੜ, ਸਤਲੁਜ ਨਦੀ ਅਤੇ ਚਰਨ ਗੰਗਾ ਸਮੇਤ ਹੋਰ ਅਨੇਕਾਂ ਹੀ ਬਰਸਾਤੀ ਨਾਲੇ ਇਸ ਦੀ ਦੁਸ਼ਮਣ ਤੋਂ ਰੱਖਿਆ ਕਰਦੇ ਸਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਦੁਸ਼ਮਣ ਦੀਆਂ ਫੌਜਾਂ ਦਾ ਟਾਕਰਾ ਕਰਨ ਲਈ ਰਣਨੀਤੀ ਤੈਅ ਕੀਤੀ। ਦੂਰਅੰਦੇਸ਼ ਗੁਰੂ ਜੀ ਨੇ ਇਸ ਇਲਾਕੇ ਨੂੰ ਯੋਜਨਾਬੱਧ ਤਰੀਕੇ ਨਾਲ ਕਿਲ੍ਹਾਬੰਦੀ ਕਰਕੇ ਇਸ ਨੂੰ ਦੁਸ਼ਮਣ ਤੋਂ ਮਹਿਫੂਜ਼ ਕਰ ਲਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ 42 ਸਾਲਾਂ ਵਿੱਚੋਂ 29 ਸਾਲ ਇਸ ਪਾਵਨ ਧਰਤੀ 'ਤੇ ਬਿਤਾਏ। ਭੰਗਾਣੀ ਦਾ ਯੁੱਧ ਜਿੱਤਣ ਤੋਂ ਬਾਅਦ ਗੁਰੂ ਜੀ ਨੇ 1689 ਈਸਵੀ ਨੂੰ ਚੱਕ ਨਾਨਕੀ ਆਨੰਦਪੁਰ ਸਾਹਿਬ ਦੇ ਦੁਆਲੇ ਆਨੰਦਗੜ੍ਹ, ਲੋਹਗੜ੍ਹ, ਅਗੰਮਗੜ੍ਹ, ਤਾਰਾਗੜ੍ਹ ਅਤੇ ਫਤਿਹਗੜ੍ਹ ਨਾਂਅ ਨਾਲ ਜਾਣੇ ਜਾਂਦੇ ਕਿਲ੍ਹਿਆਂ ਦਾ ਨਿਰਮਾਣ ਕਰਵਾਇਆ। ਇਨ੍ਹਾਂ ਪੰਜਾਂ ਕਿਲ੍ਹਿਆਂ ਤੋਂ ਇਲਾਵਾ ਗੁਰੂ ਸਾਹਿਬ ਨੇ ਇੱਕ ਹੋਰ ਕਿਲ੍ਹਾ 1699 ਨੂੰ ਤਿਆਰ ਕਰਵਾਇਆ।

**ਕਿਲ੍ਹਾ ਆਨੰਦਗੜ੍ਹ :** ਇਹ ਕਿਲ੍ਹਾ ਸਭ ਤੋਂ ਪਹਿਲਾਂ ਤਿਆਰ ਕੀਤਾ ਗਿਆ। ਦੂਜੇ ਕਿਲ੍ਹਿਆਂ ਦਾ ਕੇਂਦਰ ਬਿੰਦੂ ਹੋਣ ਕਰਕੇ ਇੱਥੇ ਸ਼ਸਤਰ ਅਤੇ ਗੋਲੀ-ਸਿੱਕਾ ਹਰ ਸਮੇਂ ਮੌਜੂਦ ਰਹਿੰਦਾ ਸੀ। ਉੱਚੀ ਪਹਾੜੀ 'ਤੇ ਬਣਿਆ ਇਹ ਕਿਲ੍ਹਾ ਦੁਸ਼ਮਣ ਦੀਆਂ ਫੌਜਾਂ ਲਈ ਘਾਤਕ ਸਿੱਧ ਹੁੰਦਾ ਸੀ। ਇਸ ਦੇ ਇੱਕ ਪਾਸੇ ਸਤਲੁਜ ਨਦੀ ਅਤੇ ਦੂਜੇ ਪਾਸੇ ਵੱਡੇ ਪਹਾੜ ਹੋਣ ਕਰਕੇ ਇਹ ਸਭ ਤੋਂ ਸੁਰੱਖਿਅਤ ਕਿਲ੍ਹਾ ਸਮਝਿਆ ਜਾਂਦਾ ਸੀ। ਕਿਲ੍ਹੇ ਅੰਦਰ ਜੰਗੀ ਸਾਮਾਨ ਤੋਂ ਇਲਾਵਾ ਖਾਣ-ਪੀਣ ਦੀਆਂ ਸਭ ਸਹੂਲਤਾਂ ਉਪਲੱਬਧ ਸਨ। ਗੁਰੂ ਜੀ ਇਸੇ ਕਿਲ੍ਹੇ ਤੋਂ ਹੀ ਫੌਜ ਦੀ ਅਗਵਾਈ ਕਰਿਆ ਕਰਦੇ ਸਨ, ਜਦੋਂ 1705 ਈਸਵੀ ਨੂੰ ਗੁਰੂ ਜੀ ਨੇ ਪਰਿਵਾਰ ਸਮੇਤ ਆਨੰਦਪੁਰ ਸਾਹਿਬ ਛੱਡਿਆ ਤਾਂ ਉਹ ਇਸ ਕਿਲ੍ਹੇ ਤੋਂ ਹੀ ਕੀਰਤਪੁਰ ਸਾਹਿਬ ਨੂੰ ਰਵਾਨਾ ਹੋਏ ਸਨ। ਗੁਰੂ ਜੀ ਦੇ ਕਿਲ੍ਹਾ ਛੱਡਣ ਤੋਂ ਬਾਅਦ ਮੁਗਲ ਫੌਜਾਂ ਨੇ ਦੂਜੇ ਕਿਲ੍ਹਿਆਂ ਸਮੇਤ ਇਸ ਨੂੰ ਢਹਿ-ਢੇਰੀ ਕਰ ਦਿੱਤਾ ਸੀ, ਇਹ ਕਿਲ੍ਹਾ ਕੀਰਤਪੁਰ ਸਾਹਿਬ ਤੋਂ ਆਨੰਦਪੁਰ ਸਾਹਿਬ ਨੂੰ ਜਾਂਦਿਆਂ ਸੱਜੇ ਹੱਥ ਪਹਾੜੀ 'ਤੇ ਬਣਿਆ ਹੋਇਆ ਹੈ। ਇਸ ਪਹਾੜੀ ਨੂੰ ਬਰਸਾਤੀ ਪਾਣੀ ਦੇ ਖੁਰਣ ਤੋਂ ਬਚਾਉਣ ਲਈ ਸੀਮਿੰਟ ਅਤੇ ਲੋਹੇ ਦੀ ਮਜ਼ਬੂਤ ਕੰਧ ਬਣਾਈ ਗਈ ਹੈ। ਕਿਲ੍ਹੇ ਅੰਦਰ ਗੁਰੂ ਸਾਹਿਬ ਦੇ ਸਮੇਂ ਦਾ ਇੱਕ ਖੂਹ ਹੈ, ਜਿਸ ਦੀ ਬਾਉਲੀ ਦੀ ਸੇਵਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਕਰਵਾਈ ਸੀ। ਇਸ ਕਿਲ੍ਹੇ ਦੀ ਪਹਿਲੀ ਕਾਰ ਸੇਵਾ 1912 ਵਿੱਚ ਸ਼ੁਰੂ ਕੀਤੀ ਗਈ, ਜੋ 1960 ਤੱਕ ਚੱਲਦੀ ਰਹੀ। ਇਸ ਤੋਂ ਬਾਅਦ ਯਾਤਰੂਆਂ ਦੀ ਸਹੂਲਤ ਲਈ ਵੱਡੀ ਸਰਾਂ, ਲੰਗਰ ਹਾਲ ਅਤੇ ਕਮਰਿਆਂ ਦਾ ਪ੍ਰਬੰਧ ਕੀਤਾ ਗਿਆ। ਇਸ ਕਿਲ੍ਹੇ ਅੰਦਰ ਦਰਸ਼ਨੀ ਦਰਵਾਜ਼ੇ ਤੋਂ ਪੌੜੀਆਂ ਚੜ੍ਹ ਕੇ ਜਾਣਾ ਪੈਂਦਾ ਹੈ, ਪਰ ਕੇਸਗੜ੍ਹ ਸਾਹਿਬ ਵੱਲੋਂ ਆਉਂਦੀ ਪੱਕੀ ਸੜਕ ਰਾਹੀਂ ਵੀ ਇਸ ਕਿਲ੍ਹੇ ਤੱਕ ਪਹੁੰਚਿਆ ਜਾ ਸਕਦਾ ਹੈ। ਇੱਥੇ ਸੁੰਦਰ ਗੁਰਦੁਆਰਾ ਸਾਹਿਬ ਦੀ ਇਮਾਰਤ ਬਣ ਕੇ ਤਿਆਰ ਹੋ ਚੁੱਕੀ ਹੈ।

**ਕਿਲ੍ਹਾ ਲੋਹਗੜ੍ਹ ਸਾਹਿਬ :** ਮੁਗਲਾਂ ਦੀ ਫੌਜ ਦਾ ਟਾਕਰਾ ਕਰਨ ਲਈ ਗੁਰੂ ਜੀ ਨੇ ਇਸ ਥਾਂ 'ਤੇ ਹਥਿਆਰ ਬਣਾਉਣ ਦਾ ਕਾਰਖਾਨਾ ਲਗਾਇਆ ਹੋਇਆ ਸੀ, ਜਿਸ ਕਰਕੇ ਇਸ ਕਿਲ੍ਹੇ ਦੀ ਮਹੱਤਤਾ ਦੂਜੇ ਕਿਲ੍ਹਿਆਂ ਤੋਂ ਜ਼ਿਆਦਾ ਸੀ। ਭਾਈ ਰਾਮ ਸਿੰਘ ਸਿਗਲੀਗਰ ਇਸ ਕਾਰਖਾਨੇ ਦੇ ਇੰਚਾਰਜ ਸਨ। ਇਸ ਕਿਲ੍ਹੇ ਦਾ ਦਰਵਾਜ਼ਾ ਸਭ ਤੋਂ ਤਕੜਾ ਹੋਣ ਕਰਕੇ ਦੁਸ਼ਮਣ ਦੀਆਂ ਫੌਜਾਂ ਇਸ 'ਤੇ ਹਮਲਾ ਕਰਨ ਤੋਂ ਝਿਜਕਦੀਆਂ ਸਨ। ਸੰਨ 1700 ਈਸਵੀ ਨੂੰ ਬਿਲਾਸਪੁਰ ਦੇ ਰਾਜਾ ਅਜਮੇਰ ਚੰਦ ਦੇ ਮਾਮੇ ਕੇਸਰੀ ਚੰਦ ਨੇ ਜਦੋਂ ਹਾਥੀ ਨੂੰ ਸ਼ਰਾਬ ਪਿਲਾ ਕੇ ਇਸ ਕਿਲ੍ਹੇ ਦੇ ਦਰਵਾਜ਼ੇ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਤਾਂ ਇਸ ਸਮੇਂ ਭਾਈ ਬਚਿੱਤਰ ਸਿੰਘ ਨੇ ਗੁਰੂ ਤੋਂ ਆਗਿਆ ਲੈ ਕੇ ਨਾਗਣੀ ਬਰਛੇ ਨਾਲ ਮਦਮਸਤ ਹਾਥੀ 'ਤੇ ਅਜਿਹਾ ਵਾਰ ਕੀਤਾ ਕਿ ਹਾਥੀ ਦਰਦ ਨਾਲ ਚਿੰਘਾਰਦਾ ਹੋਇਆ ਪਿਛਾਂਹ ਵੱਲ ਨੂੰ ਆਪਣੀ ਫੌਜ ਨੂੰ ਲਿਤਾੜਦਾ ਹੋਇਆ ਭੱਜ ਗਿਆ। ਓਧਰ ਭਾਈ ਬਚਿੱਤਰ ਸਿੰਘ ਦੇ ਭਰਾ ਉਦੈ ਸਿੰਘ ਨੇ ਗੁਰੂ ਜੀ

ਤੋਂ ਆਗਿਆ ਮੰਗ ਕੇਸਰੀ ਚੰਦ ਦਾ ਸਿਰ ਕਰਪਾ ਬਰਛੇ ਨਾਲ ਅਲੱਗ ਕਰ ਦਿੱਤਾ। ਇਸ ਸਮੇਂ ਫੌਜ ਦੀ ਅਗਵਾਈ ਕਰਦੇ ਹੋਏ ਭਾਈ ਮਨੀ ਸਿੰਘ ਸਖਤ ਜ਼ਖਮੀ ਹੋ ਗਏ। ਲੜਾਈ ਵਿੱਚ ਭਾਈ ਮਨੀ ਸਿੰਘ ਦਾ ਚਾਚਾ ਭਾਈ ਆਲਮ ਸਿੰਘ, ਭਾਈ ਮੱਖਣ ਸ਼ਾਹ ਲੁਬਾਣੇ ਦਾ ਸਪੁੱਤਰ ਅਤੇ ਭਾਈ ਸੁੱਖਾ ਸਿੰਘ ਸ਼ਹੀਦ ਹੋ ਗਏ। ਇਸ ਸਥਾਨ 'ਤੇ ਹੁਣ ਗੁਰਦੁਆਰਾ ਲੋਹਗੜ੍ਹ ਸਾਹਿਬ ਸੁਸ਼ੋਭਿਤ ਹੈ, ਜਿਸ ਦੀ ਕਾਰਸੇਵਾ 1985 ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਗੁਰਦੁਆਰਾ ਸਾਹਿਬ ਦੀ ਚਾਰਦੀਵਾਰੀ ਕਿਲ੍ਹਾਨੁਮਾ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ।

**ਕਿਲ੍ਹਾ ਤਾਰਾਗੜ੍ਹ ਸਾਹਿਬ :** ਇਹ ਕਿਲ੍ਹਾ ਆਨੰਦਪੁਰ ਸਾਹਿਬ ਤੋਂ ਕਰੀਬ ਪੰਜ ਕਿੱਲੋਮੀਟਰ ਦੂਰ ਦਸਮੇਸ਼ ਅਕੈਡਮੀ ਸੜਕ 'ਤੇ ਪਿੰਡ ਤਾਰਾਗੜ੍ਹ ਦੀ ਜੂਹ ਵਿੱਚ ਪੈਂਦਾ ਹੈ। ਇਸ ਕਿਲ੍ਹੇ ਦਾ ਮਕਸਦ ਪਹਾੜੀ ਰਜਵਾੜਿਆਂ ਦੇ ਹਮਲਿਆਂ ਨੂੰ ਰੋਕਣਾ ਸੀ। ਇਸ ਕਿਲ੍ਹੇ ਅੰਦਰ ਖਾਲਸਾ ਫੌਜ ਦਾ ਜਥਾ ਰਿਹਾ ਕਰਦਾ ਸੀ, ਜਿਸ ਦੀ ਅਗਵਾਈ ਸਾਹਿਬਜ਼ਾਦਾ ਅਜੀਤ ਸਿੰਘ ਕਰਦੇ ਸਨ। 29 ਅਗਸਤ, 1700 ਈਸਵੀ ਨੂੰ ਰਾਜਾ ਅਜਮੇਰ ਚੰਦ ਨੇ ਇੱਥੇ ਪਹਿਲਾ ਹਮਲਾ ਕੀਤਾ। ਸਿੰਘਾਂ ਨੇ ਪਹਾੜੀ ਰਾਜਿਆਂ ਦਾ ਡਟ ਕੇ ਮੁਕਾਬਲਾ ਕੀਤਾ। ਜਦੋਂ ਗੁਰੂ ਜੀ ਨੂੰ ਇਸ ਹਮਲੇ ਬਾਰੇ ਪਤਾ ਚੱਲਿਆ ਤਾਂ ਉਨ੍ਹਾਂ ਭਾਈ ਉਦੈ ਸਿੰਘ ਦੀ ਅਗਵਾਈ ਵਿੱਚ ਸੌ ਸਿੰਘਾਂ ਦਾ ਜਥਾ ਭੇਜਿਆ। ਇਸ ਲੜਾਈ ਵਿੱਚ ਪਹਾੜੀ ਰਾਜਿਆਂ ਦਾ ਆਗੂ ਘੁਮੰਡ ਸਿੰਘ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਸਿੱਖ ਫੌਜ ਵਿੱਚੋਂ ਭਾਈ ਕਲਿਆਣ ਸਿੰਘ, ਭਾਈ ਸੰਗਤ ਸਿੰਘ ਅਤੇ ਭਾਈ ਈਸ਼ਰ ਸਿੰਘ ਸ਼ਹੀਦ ਹੋ ਗਏ। ਇਸ ਲੜਾਈ ਤੋਂ ਬਗੈਰ ਪਹਾੜੀ ਰਾਜੇ ਸ਼ਿਕਾਰ ਖੇਡਣ ਦੇ ਬਹਾਨੇ ਛੋਟੀਆਂ-ਮੋਟੀਆਂ ਝੜਪਾਂ ਅਕਸਰ ਕਰਦੇ ਰਹਿੰਦੇ ਸਨ। ਇੱਥੇ ਉੱਚੇ ਥੇਹ 'ਤੇ ਸੁੰਦਰ ਗੁਰਦੁਆਰਾ ਸਾਹਿਬ ਦੀ ਇਮਾਰਤ ਬਣ ਚੁੱਕੀ ਹੈ। ਇਸ ਗੁਰਦੁਆਰਾ ਸਾਹਿਬ ਦੇ ਨਾਂਅ 36 ਏਕੜ ਪੱਥਰਨੁਮਾ ਜ਼ਮੀਨ ਹੈ। ਇਸ ਜ਼ਮੀਨ ਵਿੱਚ ਨਿੰਮ, ਟਾਹਲੀ, ਖੈਰ, ਬਿੱਲ, ਕਿੱਕਰ ਅਤੇ ਹੋਰ ਜੰਗਲੀ ਜੜੀ-ਬੂਟੀਆਂ ਉੱਗੀਆਂ ਹੋਈਆਂ ਹਨ।

**ਕਿਲ੍ਹਾ ਕੇਸਗੜ੍ਹ ਸਾਹਿਬ :** ਇਹ ਸਥਾਨ ਸਿੱਖ ਪੰਥ ਦਾ ਤਖਤ ਹੋਣ ਦੇ ਨਾਲ-ਨਾਲ ਖਾਲਸਾ ਪੰਥ ਦੀ ਸਿਰਜਣਾ ਕਰਨ ਵਾਲਾ ਗੁਰੂ ਸਾਹਿਬ ਦਾ ਅਹਿਮ ਕਿਲ੍ਹਾ ਸੀ। ਕੇਸਗੜ੍ਹ ਸਾਹਿਬ ਕਿਲ੍ਹਾ 1699 ਵਿੱਚ ਤਿਆਰ ਹੋਇਆ। ਇੱਥੇ ਪਹਿਲਾਂ ਗੁਰੂ ਜੀ ਦੀਵਾਨ ਸਜਾਇਆ ਕਰਦੇ ਸਨ ਅਤੇ ਸੰਗਤਾਂ ਨੂੰ ਉਪਦੇਸ਼ ਦਿੰਦੇ ਸਨ। ਦੁਸ਼ਮਣ ਦੀਆਂ ਫੌਜਾਂ ਨੇ 1700 ਈਸਵੀ ਤੋਂ 1705 ਈਸਵੀ ਤੱਕ ਆਨੰਦਪੁਰ ਸਾਹਿਬ ਦੇ ਦੂਜੇ ਕਿਲ੍ਹਿਆਂ 'ਤੇ ਬਹੁਤ ਸਾਰੇ ਹਮਲੇ ਕੀਤੇ, ਪਰ ਕੇਸਗੜ੍ਹ ਸਾਹਿਬ ਅਜਿਹਾ ਸੁਰੱਖਿਅਤ ਕਿਲ੍ਹਾ ਸੀ, ਜਿਸ ਕੋਲ ਪਹੁੰਚਣ ਲਈ ਦੂਜੇ ਕਿਲ੍ਹਿਆਂ ਨੂੰ ਸਰ ਕਰਨਾ ਜ਼ਰੂਰੀ ਸੀ। ਆਨੰਦਪੁਰ ਸਾਹਿਬ ਛੱਡਣ ਤੋਂ ਪਹਿਲਾਂ ਗੁਰੂ ਜੀ ਨੇ ਇਸ ਦੀ ਜ਼ਿੰਮੇਵਾਰੀ ਗੁਰਬਖਸ਼ ਦਾਸ ਉਦਾਸੀ ਨੂੰ ਸੌਂਪ ਦਿੱਤੀ।

**ਕਿਲ੍ਹਾ ਹੋਲਗੜ੍ਹ ਸਾਹਿਬ :** ਇਹ ਕਿਲ੍ਹਾ ਆਨੰਦਪੁਰ ਸਾਹਿਬ ਤੋਂ ਇੱਕ ਕਿੱਲੋਮੀਟਰ ਪਿੰਡ ਅਗੰਮਪੁਰ ਵਿੱਚ ਸਥਿਤ ਹੈ, ਜਿਸ ਦਾ ਮਕਸਦ ਹੁਸ਼ਿਆਰਪੁਰ ਅਤੇ ਊਨਾ ਜ਼ਿਲ੍ਹਿਆਂ ਵੱਲੋਂ ਮੁਗਲ ਫੌਜਾਂ ਦੇ ਹਮਲਿਆਂ ਨੂੰ ਰੋਕਣਾ ਸੀ। ਇੱਕ ਤਵਾਰੀਖ ਅਨੁਸਾਰ ਇਸ ਕਿਲ੍ਹੇ ਨੂੰ ਹੋਲੇ ਮਹੱਲੇ ਨਾਲ ਵੀ ਜੋੜਿਆ ਜਾਂਦਾ ਹੈ। ਹੋਲੀ ਦੇ ਦਿਨਾਂ 'ਚ ਇੱਕ ਦੂਜੇ 'ਤੇ ਰੰਗ ਸੁੱਟਣ ਨੂੰ ਫਜ਼ੂਲ ਕਰਾਰ ਦਿੰਦਿਆਂ ਗੁਰੂ ਜੀ ਨੇ 3 ਮਾਰਚ, 1702 ਨੂੰ ਹੋਲਾ ਮਹੱਲਾ ਸ਼ੁਰੂ ਕੀਤਾ। ਚਰਨ ਗੰਗਾ ਦੇ ਖੁੱਲ੍ਹੇ ਮੈਦਾਨ ਵਿੱਚ ਗੁਰੂ ਜੀ ਘੋੜ ਸਵਾਰੀ, ਨੇਜ਼ੇਬਾਜ਼ੀ, ਤਲਵਾਰਬਾਜ਼ੀ, ਗਤਕਾ ਤੇ ਕੁਸ਼ਤੀਆਂ ਦੇ ਮੁਕਾਬਲੇ ਕਰਵਾਉਂਦੇ ਸਨ। ਇਸ ਥਾਂ 'ਤੇ ਹੁਣ ਸੁੰਦਰ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਈ ਹੋਈ ਹੈ।

**ਕਿਲ੍ਹਾ ਫਤਿਹਗੜ੍ਹ ਸਾਹਿਬ :** ਗੁਰੂ ਗੋਬਿੰਦ ਸਿੰਘ ਜੀ ਨੇ ਇਹ ਕਿਲ੍ਹਾ ਚੱਕ ਨਾਨਕੀ ਦੀ ਹਿਫਾਜ਼ਤ ਲਈ ਬਣਵਾਇਆ ਸੀ, ਜੋ ਕਿ ਗੰਗੂਵਾਲ-ਗੁਰੂ ਕਾ ਲਾਹੌਰ ਅਤੇ ਨੰਗਲ ਤੋਂ ਮੁਗਲ ਫੌਜਾਂ ਨੂੰ ਰੋਕਣ ਦਾ ਕੰਮ ਕਰਦਾ ਸੀ। ਇਸ ਕਿਲ੍ਹੇ ਦੇ ਇੰਚਾਰਜ ਭਾਈ ਮਨੀ ਸਿੰਘ ਦਾ ਪੁੱਤਰ ਭਾਈ ਭਗਵਾਨ ਸਿੰਘ ਸੀ। ਜਦੋਂ ਇਸ ਕਿਲ੍ਹੇ ਦੀ ਉਸਾਰੀ ਹੋ ਰਹੀ ਸੀ ਤਾਂ ਸਾਹਿਬਜ਼ਾਦਾ ਫਤਿਹ ਸਿੰਘ ਦਾ ਜਨਮ ਹੋਇਆ ਸੀ। ਇਸ ਕਰਕੇ ਇਸ ਕਿਲ੍ਹੇ ਦਾ ਨਾਂ ਫਤਿਹਗੜ੍ਹ ਰੱਖਿਆ ਗਿਆ ਸੀ। ਦੂਜੇ ਕਿਲ੍ਹਿਆਂ ਦੀ ਤਰ੍ਹਾਂ ਅਜਮੇਰ ਚੰਦ ਨੇ ਇਸ ਕਿਲ੍ਹੇ 'ਤੇ ਵੀ ਹਮਲੇ ਕੀਤੇ। ਇੱਥੇ ਹੁਣ ਗੁਰਦੁਆਰਾ ਸਾਹਿਬ ਦੀ ਇਮਾਰਤ ਬਣ ਚੁੱਕੀ ਹੈ। ਗੁਰੂ ਸਾਹਿਬ ਦੇ ਸਮੇਂ ਦੀ ਗਵਾਹੀ ਭਰਦਾ ਇਤਿਹਾਸਕ ਖੂਹ ਅੱਜ ਵੀ ਗੁਰਦੁਆਰਾ ਸਾਹਿਬ ਲਈ ਪਾਣੀ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ ਹੈ।

ਅੱਜ ਦਾ ਆਨੰਦਪੁਰ ਸਾਹਿਬ ਗੁਰੂ ਸਾਹਿਬ ਸਮੇਂ ਦੇ ਆਨੰਦਪੁਰ ਸਾਹਿਬ ਤੋਂ ਕਾਫੀ ਭਿੰਨ ਹੈ। ਆਨੰਦਪੁਰ ਸਾਹਿਬ ਇੱਕ ਤਹਿਸੀਲ ਵਜੋਂ ਵਿਕਸਤ ਹੋ ਰਿਹਾ ਹੈ। ਗੁਰੂ ਗੋਬਿੰਦ ਸਿੰਘ ਵੱਲੋਂ ਖਾਲਸਾ ਸਿਰਜਣਾ ਦੇ 300 ਸਾਲ ਪੂਰੇ ਹੋਣ 'ਤੇ 14 ਅਪ੍ਰੈਲ, 1999 ਦਾ ਦਿਨ ਆਨੰਦਪੁਰ ਸਾਹਿਬ ਦੀ ਤਵਾਰੀਖ ਵਿੱਚ ਇੱਕ ਅਹਿਮ ਯਾਦਗਾਰੀ ਦਿਨ ਹੋ ਨਿਬੜਿਆ। ਇਸ ਸਾਲ ਜਿੱਥੇ ਪੰਜਾਬ ਸਰਕਾਰ ਨੇ ਇਸ ਨਗਰ ਨੂੰ ਅੱਠਵਾਂ ਅਜੂਬਾ ਅਤੇ ਇੱਕੀਵੀਂ ਸਦੀ ਦਾ ਸ਼ਹਿਰ ਬਣਾਉਣ ਦਾ ਐਲਾਨ ਕੀਤਾ, ਉੱਥੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਹੁਤ ਸਾਰੇ ਪ੍ਰੋਗਰਾਮ, ਪ੍ਰਾਜੈਕਟ ਅਤੇ ਸਮਾਗਮ ਕਰਵਾਉਣ ਦਾ ਐਲਾਨ ਕੀਤਾ ਹੈ। ਇੱਥੇ ਬਣਨ ਵਾਲੇ ਖਾਲਸਾਈ ਵਿਰਸਾ ਕੰਪਲੈਕਸ ਪ੍ਰਾਜੈਕਟ ਵਿਸ਼ਵ ਦਾ ਵਿਲੱਖਣ ਅਤੇ ਲਾਸਾਨੀ ਅਜਾਇਬ ਘਰ ਪ੍ਰਸਿੱਧ ਇਜ਼ਰਾਇਲੀ ਆਰਕੀਟੈਕਟ ਮੋਸੇਸਾਫ ਦੀ (ਬੋਸਟਨ ਅਮਰੀਕਾ) ਨੇ ਤਿਆਰ ਕੀਤਾ ਹੈ।

# ਭਲਾਂ ਕਿਸ ਤਰ੍ਹਾਂ ਦਾ ਸੀ ਯੁੱਧ ਚਮਕੌਰ ਦਾ ?

*ਕਰਮਜੀਤ ਸਿੰਘ*

ਸੰਸਾਰ ਦੀਆਂ ਬੇਜੋੜ, ਬੇਮਿਸਾਲ ਅਤੇ ਅਣਗੌਲੀਆਂ ਜੰਗਾਂ ਵਿਚੋਂ ਇਕ ਅਤੀ ਮਹੱਤਵਪੂਰਨ, ਮਨੁੱਖੀ ਰੂਹਾਂ ਨੂੰ ਗਰਮਾਉਣ ਵਾਲੀ ਅਤੇ ਸੁੱਤੀਆਂ ਕੌਮਾਂ ਨੂੰ ਜਗਾਉਣ ਵਾਲੀ ਜੰਗ ਹੈ : ਚਮਕੌਰ ਦੀ ਜੰਗ। ਇਸ ਜੰਗ ਬਾਰੇ ਮਿਲਣ ਵਾਲੀ ਜਾਣਕਾਰੀ ਦਾ ਅਫ਼ਸੋਸਨਾਕ ਪਹਿਲੂ ਇਹ ਹੈ ਕਿ ਚਮਕੌਰ ਦੀ ਗੜ੍ਹੀ ਦੇ ਬਰਬਾਦ ਹੋ ਚੁੱਕੇ ਖੰਡਰਾਂ ਦਾ ਕੋਈ ਵੀ ਹਿੱਸਾ ਜਾਂ ਕੋਈ ਵੀ ਯਾਦਗਾਰ ਅਸਾਂ ਸਾਂਭ ਕੇ ਨਹੀਂ ਰੱਖੀ ਜਿਸ ਤੋਂ ਪੁਰਾਤੱਤਵ ਵਿਗਿਆਨੀ, ਪੁਰਾਤਨ ਜੰਗੀ ਵਿੱਦਿਆ ਦੇ ਮਾਹਿਰ ਫੌਜੀ ਅਫ਼ਸਰ ਅਤੇ ਵਰਤਮਾਨ ਇਤਿਹਾਸਕਾਰ ਆਪਣੀ ਬਲਵਾਨ ਕਲਪਨਾ ਰਾਹੀਂ 300 ਸਾਲ ਪਹਿਲਾਂ ਹੋਈ ਜੰਗ ਦਾ ਦ੍ਰਿਸ਼ ਤੇ ਆਲੇ ਦੁਆਲੇ ਦਾ ਮਾਹੌਲ ਸਿਰਜ ਸਕਣ। ਚਮਕੌਰ ਦੀ ਜੰਗ ਇਸ ਗੱਲ ਦਾ ਪ੍ਰਮਾਣ ਹੈ ਕਿ ਖਾਲਸੇ ਨੇ ਇਤਿਹਾਸ ਸਿਰਜਿਆ ਤਾਂ ਹੈ ਪਰ ਸਾਂਭਿਆ ਨਹੀਂ। ਉਸ ਨੇ ਇਤਿਹਾਸ ਨੂੰ ਹੱਡੀਂ ਹੰਢਾਇਆ ਤਾਂ ਹੈ ਪਰ ਲਿਖਿਆ ਨਹੀਂ।

ਚਮਕੌਰ ਸਾਹਿਬ ਵਿਚ ਜੰਗ ਨਾਲ ਸਬੰਧਿਤ ਸਾਰੀਆਂ ਥਾਵਾਂ (ਜਿਥੇ ਹੁਣ ਗੁਰਦੁਆਰੇ ਬਣ ਗਏ ਹਨ) ਦੀ ਭੂਗੋਲਿਕ ਪੁਜ਼ੀਸ਼ਨ, ਮੌਜੂਦਾ ਵਸੋਂ ਅਤੇ ਉਨ੍ਹਾਂ ਦੇ ਸੁਭਾਅ, ਇਲਾਕੇ ਦੀ ਉੱਚੀ ਨੀਵੀਂ ਜ਼ਮੀਨ ਦੀ ਬਣਤਰ ਅਤੇ ਖਾਸ ਕਰਕੇ ਚਮਕੌਰ ਦੀ ਗੜ੍ਹੀ ਦੇ ਇਰਦ ਗਿਰਦ ਇਕ ਕਿਲੋਮੀਟਰ ਦੇ ਘੇਰੇ ਦੀ ਜ਼ਮੀਨ ਤੇ ਰੁੱਖਾਂ ਦੇ ਇਕ ਭਰਵੇਂ ਵਿਸ਼ਲੇਸ਼ਣ ਤੇ ਸਰਵੇਖਣ ਤੋਂ ਕੁਝ ਅਹਿਮ ਤੱਥ ਹਾਸਲ ਹੁੰਦੇ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਸਿੱਖ ਯੁੱਧਾਂ ਦੀ ਤਕਨੀਕ ਤੇ ਤਰਕੀਬ ਦੇ ਮਾਹਿਰ ਅਤੇ ਇਤਿਹਾਸਕਾਰ ਜੇ ਚਾਹੁਣ ਤਾਂ ਇਤਿਹਾਸਕ ਪਹਿਲੂ ਤੋਂ ਜੰਗ ਦੇ ਯਾਦਗਾਰੀ ਦ੍ਰਿਸ਼ ਅਜੇ ਵੀ ਸਿਰਜੇ ਜਾ ਸਕਦੇ ਹਨ।

ਚਮਕੌਰ ਦੀ ਗੜ੍ਹੀ ਦੀ ਪੁਜ਼ੀਸ਼ਨ ਨੂੰ ਜੇਕਰ ਧਿਆਨ ਨਾਲ ਵੇਖਿਆ ਜਾਏ ਤਾਂ ਜ਼ਾਹਿਰ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਦਾ ਕਿਲ੍ਹਾ ਛੱਡਣ ਸਮੇਂ ਹੀ ਅਗਲਾ ਉਤਾਰਾ ਚਮਕੌਰ ਵਿਚ ਕਰਨ ਦਾ ਫੈਸਲਾ ਕਰ ਲਿਆ ਸੀ। ਇਸ ਦੇ ਤਿੰਨ ਵੱਡੇ ਕਾਰਨ ਹੋ ਸਕਦੇ ਹਨ। ਇਕ, ਗੜ੍ਹੀ ਦੀ ਮਜ਼ਬੂਤ ਹਾਲਤ ਬਾਰੇ ਪਹਿਲਾਂ ਹੀ ਪਤਾ ਹੋਣਾ। ਦੂਜਾ, ਆਨੰਦਪੁਰ ਸਾਹਿਬ ਦੇ ਨੇੜੇ ਤੇੜੇ ਅਗਲੇ ਮੁਕਾਬਲੇ ਲਈ ਕੋਈ ਹੋਰ ਢੁਕਵੀਂ ਤੇ ਬਦਲਵੀਂ ਥਾਂ ਦਾ ਨਾ ਹੋਣਾ ਅਤੇ ਤੀਜਾ ਸਭ ਤੋਂ ਵੱਡਾ ਕਾਰਨ

ਗੜ੍ਹੀ ਦੇ ਮਾਲਕ ਚੌਧਰੀ ਰੂਪ ਚੰਦ ਦਾ ਗੁਰੂ ਸਾਹਿਬ ਦਾ ਸ਼ਰਧਾਲੂ ਹੋਣਾ। ਚੌਧਰੀ ਰੂਪ ਚੰਦ ਦੇ ਵੱਡ ਵਡੇਰੇ ਮਹਿਮੂਦ ਗਜ਼ਨਵੀ ਦੇ ਸਮੇਂ ਰਾਜਸਥਾਨ ਤੋਂ ਇਥੇ ਆਏ ਸਨ। ਰੂਪ ਚੰਦ ਦੀ 8ਵੀਂ, ਨੌਵੀਂ ਪੀੜ੍ਹੀ ਵਿਚੋਂ ਹੋਣ ਦਾ ਦਾਅਵਾ ਕਰਨ ਵਾਲੇ ਚੌਧਰੀ ਮਹਿੰਦਰ ਮੁਤਾਬਕ ਰੂਪ ਚੰਦ ਨੈਣਾ ਦੇਵੀ ਦੇ ਦਰਸ਼ਨਾਂ ਨੂੰ ਜਾਂਦਾ ਹੋਇਆ ਆਨੰਦਗੜ੍ਹ ਦੇ ਕਿਲ੍ਹੇ ਵਿਚ ਗੁਰੂ ਸਾਹਿਬ ਕੋਲ ਠਹਿਰਦਾ ਹੀ ਨਹੀਂ ਸੀ ਸਗੋਂ ਉਨ੍ਹਾਂ ਦੇ ਪਰਿਵਾਰ ਨਾਲ ਵੀ ਗੂੜ੍ਹੇ ਸਬੰਧ ਸਨ। ਹਾਲਾਂਕਿ ਸਿਧਾਂਤ ਰੂਪ ਵਿਚ ਗੁਰੂ ਸਾਹਿਬ ਨੈਣਾ ਦੇਵੀ ਨੂੰ ਮਾਨਤਾ ਨਹੀਂ ਸਨ ਦਿੰਦੇ ਪਰ ਫਿਰ ਵੀ ਉਹ ਕਿਸੇ ਦੀ ਸ਼ਰਧਾ ਵਿਚ ਰੁਕਾਵਟ ਵੀ ਨਹੀਂ ਸਨ ਬਣਦੇ। ਉਹ ਜਾਣਦੇ ਸਨ ਕਿ ਸਦੀਆਂ ਦੇ ਸੰਸਕਾਰ ਛੇਤੀ ਛੇਤੀ ਨਹੀਂ ਮਿਟਿਆ ਕਰਦੇ। ਇਨ੍ਹਾਂ ਮੁਲਾਕਾਤਾਂ ਵਿਚ ਹੀ ਰੂਪ ਚੰਦ ਗੁਰੂ ਸਾਹਿਬ ਨੂੰ ਚਮਕੌਰ ਵਿਚ ਆਉਣ ਲਈ ਬੇਨਤੀਆਂ ਕਰਦਾ ਰਹਿੰਦਾ ਹੋਏਗਾ। ਇਹ ਵੱਡੀ ਹਕੀਕਤ ਹੈ ਕਿ ਗੁਰੂ ਸਾਹਿਬ ਦੀ ਮੁਸਲਮਾਨ ਹਕੂਮਤ ਵਿਰੁੱਧ ਜਦੋਜਹਿਦ ਲਈ ਚੌਧਰੀ ਰੂਪ ਚੰਦ ਵਰਗਿਆਂ ਦੀ ਹਿੰਦੂ-ਮਾਨਸਿਕਤਾ ਵਿਚ ਇਕ ਸਤਿਕਾਰ ਤੇ ਹਮਦਰਦੀ ਪਈ ਹੋਈ ਸੀ। ਇਸ ਤੋਂ ਇਲਾਵਾ ਚਮਕੌਰ ਵਿਚ ਰਣਜੀਤਗੜ੍ਹ ਗੁਰਦੁਆਰੇ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਕਿਸੇ ਸਮੇਂ ਸਿੰਘਾਂ ਦੀ ਮੁਗਲਾਂ ਦੇ ਦਸਤੇ ਨਾਲ ਇਥੇ ਝੜਪ ਹੋਈ ਸੀ। ਇਨ੍ਹਾਂ ਸਿੰਘਾਂ ਨੇ ਗੁਰੂ ਸਾਹਿਬ ਨੂੰ ਚਮਕੌਰ ਦੀ ਗੜ੍ਹੀ ਦੀ ਹਾਲਤ ਬਾਰੇ ਜ਼ਰੂਰ ਦੱਸਿਆ ਹੋਏਗਾ। ਚੌਧਰੀ ਰੂਪ ਚੰਦ ਇਕ ਤਕੜਾ ਜ਼ਿਮੀਦਾਰ ਸੀ ਅਤੇ ਸ਼ਾਇਦ 60-65 ਪਿੰਡਾਂ ਦੀ ਉਸ ਕੋਲ ਜਗੀਰ ਵੀ ਸੀ।

'ਸਹਿਜੇ ਰਚਿਓ ਖਾਲਸਾ' ਦੇ ਲੇਖਕ ਹਰਿੰਦਰ ਸਿੰਘ ਮਹਿਬੂਬ, ਜਿਨ੍ਹਾਂ ਨੇ ਚਮਕੌਰ ਦੀ ਧਰਤੀ ਦੇ ਇਰਦ ਗਿਰਦ ਇਲਾਕੇ ਦਾ ਚੱਪਾ ਚੱਪਾ ਛਾਣ ਮਾਰਿਆ ਹੈ ਅਤੇ ਜਿਨ੍ਹਾਂ ਨੇ ਆਪਣੀ ਅਣਛਪੀ ਪੁਸਤਕ 'ਇਲਾਹੀ ਨਦਰ ਦੇ ਪੈਂਡੇ' ਵਿਚ ਇਸ ਜੰਗ ਦਾ ਵਿਸਥਾਰ ਸਹਿਤ ਜ਼ਿਕਰ ਵੀ ਕੀਤਾ ਹੈ, ਉਨ੍ਹਾਂ ਮੁਤਾਬਕ 1960-62 ਤੱਕ ਇਸ ਗੜ੍ਹੀ ਦਾ ਇਕ ਹਿੱਸਾ ਚੁਬਾਰੇ ਦੀ ਸ਼ਕਲ ਵਿਚ ਬਚਿਆ ਹੋਇਆ ਸੀ ਜਿਸ ਨੂੰ ਵਿੰਗੀਆਂ ਟੇਢੀਆਂ ਪੌੜੀਆਂ ਚੜ੍ਹਦੀਆਂ ਸਨ। ਉਨ੍ਹਾਂ ਦਾ ਸਹੁਰਾ ਪਿੰਡ ਨੇੜੇ ਹੋਣ ਕਾਰਨ ਉਹ ਕਈ ਵਾਰ ਇਸ ਗੜ੍ਹੀ ਦੇ ਚੁਬਾਰੇ ਵਿਚ ਘੰਟਿਆਂ ਬੱਧੀ ਬੈਠੇ ਰਹਿੰਦੇ ਸਨ। ਉਨ੍ਹਾਂ ਨੂੰ ਇਉਂ ਲੱਗਦਾ ਹੈ ਜਿਵੇਂ ਗੁਰੂ ਸਾਹਿਬ ਇਸੇ ਹੀ ਥਾਂ ਤੋਂ ਜੰਗ ਦੀ ਅਗਵਾਈ ਕਰ ਰਹੇ ਹੋਣਗੇ। ਮਹਿਬੂਬ ਸਾਹਿਬ ਇਹ ਵੀ ਦੱਸਦੇ ਹਨ ਕਿ ਗੜ੍ਹੀ ਦੇ ਅੰਦਰ ਘੋੜਿਆਂ ਦੇ ਤਬੇਲੇ ਦਾ ਹੋਣਾ ਵੀ ਜਾਪਦਾ ਸੀ। ਚੌਧਰੀ ਰੂਪ ਚੰਦ ਦੀ ਹੀ ਬਰਾਦਰੀ ਦੇ ਇਕ ਹੋਰ ਬਜ਼ੁਰਗ ਨਸੀਬ ਚੰਦ (ਉਮਰ ਕਰੀਬ 70 ਸਾਲ) ਨੇ ਉਹ ਥਾਂ ਦਿਖਾਈ ਹੈ ਜਿਥੇ ਉਨ੍ਹਾਂ ਨੇ 50-55 ਸਾਲ ਪਹਿਲਾਂ ਗੜ੍ਹੀ ਦੇ ਖੰਡਰ ਦੀ ਬਚੀ ਖੁਚੀ ਬਾਹਰਲੀ ਦੀਵਾਰ ਦਾ ਇੱਕ ਹਿੱਸਾ ਦੇਖਿਆ ਸੀ ਜੋ ਉਨ੍ਹਾਂ ਮੁਤਾਬਿਕ 15 ਫੁੱਟ ਲੰਮਾ ਸੀ, ਪੰਜ ਫੁੱਟ ਚੌੜਾ ਤੇ 16 ਫੁੱਟ ਉੱਚਾ ਸੀ। ਉਸ ਸਮੇਂ ਤੱਕ ਦੀਵਾਰ ਦਾ ਇਹੋ ਹਿੱਸਾ ਹੀ ਬਚਿਆ ਰਹਿ ਗਿਆ ਸੀ। ਕਾਰ ਸੇਵਾ ਵਾਲੇ ਬਾਬਿਆਂ ਨਾਲ ਸੰਪਰਕ ਨਹੀਂ

ਹੋ ਸਕਿਆ ਕਿਉਂਕਿ ਉਹ ਵੀ ਇਹ ਅਹਿਮ ਜਾਣਕਾਰੀ ਦੇ ਸਕਦੇ ਹਨ ਕਿ ਗੁਰਦੁਆਰੇ ਦੀ ਉਸਾਰੀ ਸਮੇਂ ਗੜ੍ਹੀ ਦਾ ਕੋਈ ਹਿੱਸਾ ਜੇ ਮੌਜੂਦ ਸੀ ਤਾਂ ਉਸ ਦੀ ਹਾਲਤ ਅਤੇ ਬਣਤਰ ਕਿਸ ਤਰ੍ਹਾਂ ਦੀ ਸੀ। ਸ਼੍ਰੋਮਣੀ ਕਮੇਟੀ ਇਸ ਇਤਿਹਾਸਕ ਕਾਰਜ ਨੂੰ ਆਪਣੇ ਹੱਥ ਵਿਚ ਲੈ ਸਕਦੀ ਹੈ।

ਸਿੱਖ ਰਵਾਇਤਾਂ ਵਿਚ ਬੈਠੀ ਇਹ ਧਾਰਨਾ ਹਕੀਕਤਾਂ ਨਾਲ ਮੇਲ ਨਹੀਂ ਖਾਂਦੀ ਜਾਪਦੀ ਕਿ ਰੂਪ ਚੰਦ ਦੇ ਦੂਜੇ ਭਰਾ (ਜੋ ਗਰੀਬੂ ਜਾਂ ਹੋਰ ਕੋਈ ਹੈ) ਨੇ ਗੁਰੂ ਸਾਹਿਬ ਨੂੰ ਗੜ੍ਹੀ ਦਾ ਕਬਜ਼ਾ ਦੇਣ ਤੋਂ ਪਹਿਲਾਂ ਨਾਂਹ ਕੀਤੀ ਤੇ ਫਿਰ 40 ਮੋਹਰਾਂ ਲੈ ਕੇ ਕਬਜ਼ਾ ਦਿੱਤਾ। ਏਨੀ ਵੱਡੀ ਮਲਕੀਅਤ ਦੇ ਮਾਲਕ ਨੇ 40 ਮੋਹਰਾਂ ਲੈ ਕੇ ਕਬਜ਼ਾ ਦਿੱਤਾ ਹੋਏਗਾ, ਹਾਸੋਹੀਣੀ ਗੱਲ ਜਾਪਦੀ ਹੈ। ਪਰ ਇਹ ਹੋ ਸਕਦਾ ਹੈ ਕਿ ਇਸ ਭਰਾ ਨੇ ਮੁਗਲ ਫੌਜਾਂ ਦੇ ਜ਼ੁਲਮ ਦੇ ਡਰੋਂ ਗੜ੍ਹੀ ਗੁਰੂ ਸਾਹਿਬ ਦੇ ਹਵਾਲੇ ਕਰਨ ਤੋਂ ਝਿਜਕ ਦਿਖਾਈ ਹੋਏਗੀ।

ਜਿਸ ਥਾਂ 'ਤੇ ਇਸ ਸਮੇਂ ਗੁਰਦੁਆਰਾ ਗੜ੍ਹੀ ਸਾਹਿਬ ਮੌਜੂਦ ਹੈ, ਉਹ ਥਾਂ ਦੀ ਪਹਿਲੀ ਚਾਰਦੀਵਾਰੀ ਅਸਲ ਵਿਚ ਚੌਧਰੀ ਰੂਪ ਚੰਦ ਦੀ ਰਿਹਾਇਸ਼ ਹੋਏਗੀ ਅਤੇ ਜਿਥੇ ਇਸ ਗੁਰਦੁਆਰੇ ਦੀ ਦੂਜੀ ਚਾਰਦੀਵਾਰੀ ਇਸ ਸਮੇਂ ਬਣੀ ਹੋਈ ਹੈ, ਉਸ ਥਾਂ ਤੋਂ ਹੋਰ 10-15 ਫੁੱਟ ਬਾਹਰਵਾਰ ਉਸ ਸਮੇਂ ਗੜ੍ਹੀ ਦੀ ਚਾਰਦੀਵਾਰੀ ਸੀ। ਇਹ ਜਾਣਕਾਰੀ ਪਿੰਡ ਦੇ ਪੁਰਾਣੇ ਬਜ਼ੁਰਗਾਂ ਮੁਤਾਬਿਕ ਹੈ। ਇਹ ਥਾਂ ਕਰੀਬ ਕਰੀਬ ਦੋ ਏਕੜ ਬਣਦੀ ਹੈ। ਫੌਜੀ ਸੂਤਰਾਂ ਮੁਤਾਬਿਕ ਜੇ ਉਹ ਮਜ਼ਬੂਤ ਹਵੇਲੀ ਹੈ ਤਾਂ ਇਸ ਹਵੇਲੀ ਦਾ ਏਨਾ ਰਕਬਾ ਜ਼ਰੂਰ ਹੋਣਾ ਚਾਹੀਦਾ ਹੈ। ਇਨ੍ਹਾਂ ਸੂਤਰਾਂ ਮੁਤਾਬਿਕ ਇਹ ਦੋ ਮੰਜ਼ਿਲਾ ਇਮਾਰਤ ਸੀ ਅਤੇ ਦੂਜੀ ਮੰਜ਼ਿਲ 'ਤੇ ਅਜਿਹੀ ਕੋਈ ਸੁਰੱਖਿਅਤ ਥਾਂ ਜ਼ਰੂਰ ਹੋਏਗੀ ਜਿਹੜੀ ਗੜ੍ਹੀ ਦੇ ਮਾਲਕ ਨੇ ਆਲੇ ਦੁਆਲੇ ਦੀ ਸਥਿਤੀ 'ਤੇ ਪੂਰੀ ਨਿਗਾਹ ਰੱਖਣ ਲਈ ਨਿਸ਼ਚਿਤ ਕੀਤੀ ਹੋਏਗੀ। ਹੁਣ ਇਹ ਸਪਸ਼ਟ ਹੈ ਕਿ ਇਸੇ ਹੀ ਥਾਂ 'ਤੇ ਗੁਰੂ ਗੋਬਿੰਦ ਸਿੰਘ ਮੁਗਲ ਫੌਜਾਂ ਦੀ ਪਲ ਪਲ ਦੀ ਹਾਲਤ ਉਤੇ ਨਿਗਾਂਹ ਰੱਖ ਰਹੇ ਹੋਣਗੇ ਅਤੇ ਇਥੋਂ ਹੀ ਉਹ ਤੀਰਾਂ ਦੀ ਬਾਰਿਸ਼ ਕਰ ਰਹੇ ਹੋਣਗੇ।

ਇਸ ਥਾਂ ਦਾ ਸਰਵੇਖਣ ਕਰਨ ਵਾਲੇ ਆਰਕੀਟੈਕਟ ਸ੍ਰੀ ਅਮਰਜੀਤ ਸਿੰਘ ਮੁਤਾਬਿਕ ਇਸ ਗੜ੍ਹੀ ਦੀ ਦੂਜੀ ਮੰਜ਼ਿਲ ਜ਼ਮੀਨ ਤੋਂ ਕਰੀਬ 80 ਫੁੱਟ ਦੀ ਉਚਾਈ 'ਤੇ ਹੈ। ਦੂਜੇ ਪਾਸੇ ਫੌਜੀ ਮਾਮਲਿਆਂ ਦੇ ਉੱਘੇ ਪੱਤਰਕਾਰ ਕਰਨਲ ਪ੍ਰੀਤਮ ਸਿੰਘ ਭੁੱਲਰ ਨੇ ਦੱਸਿਆ ਕਿ ਗੜ੍ਹੀ ਏਨੀ ਉਚਾਈ ਉਤੇ ਹੋਣ ਦਾ ਮਤਲਬ ਹੈ ਕਿ ਫੌਜ ਘੱਟੋ ਘੱਟ ਗੜ੍ਹੀ ਤੋਂ ਤਿੰਨ ਫਰਲਾਂਗ ਪਰ੍ਹੇ ਤਾਇਨਾਤ ਹੋਏਗੀ। ਜੇ ਜ਼ਮੀਨ ਰੇਤਲੇ ਟਿੱਬਿਆਂ ਵਾਲੀ ਹੈ ਤਾਂ ਮੁਗਲ ਫੌਜ ਨੇ ਟਿੱਬਿਆਂ ਦੀ ਓਟ ਲੈ ਕੇ ਮੋਰਚੇ ਬਣਾਏ ਹੋਣਗੇ। ਹੁਣ ਵੀ ਜੇਕਰ ਤੁਸੀਂ ਗੁਰਦੁਆਰੇ ਦੇ ਗੁੰਬਦ ਦੇ ਹੇਠਾਂ ਬੁਰਜੀਆਂ 'ਤੇ ਖਲ੍ਹੋ ਕੇ ਨਜ਼ਰ ਮਾਰੋ ਤਾਂ ਤੁਹਾਨੂੰ ਚਮਕੌਰ ਦੇ ਚਾਰੇ ਪਾਸੇ ਨਜ਼ਰ ਆਉਣਗੇ। ਪਰ ਜਾਪਦਾ ਹੈ ਜਿਸ ਪੱਛਮੀ ਬਾਹੀ ਵੱਲ ਗੁਰਦੁਆਰਾ ਤਾੜੀ ਸਾਹਿਬ ਹੈ, ਉਸ ਥਾਂ 'ਤੇ ਝਾੜੀਆਂ ਤੇ ਰੁੱਖਾਂ ਦੇ ਝੁੰਡ

ਸਨ ਤੇ ਮੁਗਲ ਜਰਨੈਲ ਖਵਾਜਾ ਮਰਦੂਦ ਨੇ ਉਸੇ ਹੀ ਥਾਂ 'ਤੇ ਫੌਜ ਦਾ ਇਕ ਹਿੱਸਾ ਤਾਇਨਾਤ ਕੀਤਾ ਸੀ। ਹਰਿੰਦਰ ਸਿੰਘ ਮਹਿਬੂਬ ਦਾ ਦਾਅਵਾ ਹੈ ਕਿ 1960-62 ਵਿਚ ਜੋ ਚਮਕੌਰ ਦੇ ਆਲੇ ਦੁਆਲੇ ਦੀ ਹਾਲਤ ਸੀ, ਉਹੋ ਹਾਲਤ 22 ਦਸੰਬਰ 1704 ਈ. ਨੂੰ ਸੀ।

ਕਰਨਲ ਪ੍ਰੀਤਮ ਸਿੰਘ ਭੁੱਲਰ ਦਾ ਕਹਿਣਾ ਹੈ ਕਿ ਉਸ ਸਮੇਂ ਤੋੜੇਦਾਰ ਬੰਦੂਕਾਂ ਸਨ ਜਿਨ੍ਹਾਂ ਦੀ ਮਾਰ 100 ਗਜ਼ ਤੋਂ ਪਰ੍ਹੇ ਨਹੀਂ ਸੀ ਹੁੰਦੀ। ਇਸ ਲੜਾਈ ਵਿਚ ਤੋਪ ਦੀ ਵਰਤੋਂ ਨਹੀਂ ਹੋਈ ਕਿਉਂਕਿ ਇਕ ਤਾਂ ਮੁਗਲ ਫੌਜ ਗੁਰੂ ਗੋਬਿੰਦ ਸਿੰਘ ਨੂੰ ਜਿਉਂਦਿਆਂ ਹੀ ਫੜਨਾ ਚਾਹੁੰਦੀ ਸੀ ਅਤੇ ਦੂਜਾ, ਸਰਸਾ ਨਦੀ ਤੋਂ ਪਿਛੋਂ ਗੁਰੂ ਸਾਹਿਬ ਦੀ ਮੌਜੂਦਗੀ ਬਾਰੇ ਸਹੀ ਸਹੀ ਜਾਣਕਾਰੀ ਨਾ ਮਿਲਣ ਕਾਰਨ ਮੁਗਲ ਫੌਜ ਦੀ ਤੋਪ ਚਮਕੌਰ ਵਿਚ ਏਨੀ ਛੇਤੀ ਨਹੀਂ ਪਹੁੰਚ ਸਕਦੀ। ਤੀਜਾ, ਸਮਾਂ ਬਹੁਤ ਹੀ ਥੋੜ੍ਹਾ ਸੀ ਅਤੇ ਫੌਜ ਬਹੁਤ ਹੌਲੀ ਹੌਲੀ ਕੂਚ ਕਰ ਰਹੀ ਸੀ ਕਿਉਂਕਿ ਰਾਹ ਵਿਚ ਸਿੰਘਾਂ ਵਲੋਂ ਅਚਨਚੇਤ ਘਾਤ ਲਾ ਕੇ ਹਮਲਾ ਕਰਨ ਦਾ ਡਰ ਹਰ ਪਾਸਿਓਂ ਸੀ। ਇਸ ਲਈ ਕੁਲ ਮਿਲਾ ਕੇ ਮੁਗਲ ਫੌਜ ਨੂੰ ਬਹੁਤੀ ਕਾਹਲ ਨਹੀਂ ਸੀ, ਇਸ ਲਈ ਉਹ ਲੜਾਈ ਲਮਕਾਉਣ ਦੀ ਵੀ ਰਣਨੀਤੀ ਅਖਤਿਆਰ ਕਰ ਰਹੇ ਹੋਣਗੇ।

ਸਾਫ਼ ਜ਼ਾਹਿਰ ਹੈ ਕਿ ਗੜ੍ਹੀ ਦੇ ਅੰਦਰ ਹਥਿਆਰਾਂ ਦੀ ਕਮੀ ਸੀ ਤੇ ਗਿਣਤੀ ਵਿਚ ਵੀ 40 ਕੁ ਸਿੰਘ ਹੀ ਸਨ। ਇਸ ਲਈ ਲੜਾਈ ਬਹੁਤਾ ਲਮਕ ਵੀ ਨਹੀਂ ਸੀ ਸਕਦੀ। ਲਮਕ ਜਾਣ ਵਿਚ ਖਤਰੇ ਬਹੁਤੇ ਸਨ। ਸੋ 30 ਤੋਂ ਉਪਰ ਸਿੰਘਾਂ ਦੀ ਸ਼ਹੀਦੀ ਪਿਛੋਂ ਖਾਲਸੇ ਨੇ ਗੁਰਮਤਾ ਸੋਧ ਕੇ ਗੁਰੂ ਸਾਹਿਬ ਨੂੰ ਗੜ੍ਹੀ ਛੱਡ ਜਾਣ ਦੀ ਬੇਨਤੀ ਕੀਤੀ ਅਤੇ ਬੇਨਤੀ ਨਾ ਮੰਨਣ 'ਤੇ ਖਾਲਸੇ ਨੇ ਹੁਕਮਨਾਮਾ ਜਾਰੀ ਕਰ ਦਿੱਤਾ। ਇਹ ਤਰਕ ਮੰਨਣ ਦੇ ਆਧਾਰ ਮੌਜੂਦ ਹਨ ਕਿ ਗੁਰੂ ਸਾਹਿਬ ਭੇਸ ਬਦਲ ਕੇ ਗੜ੍ਹੀ ਵਿਚੋਂ ਨਿਕਲੇ। ਉਨ੍ਹਾਂ ਨੇ ਭੇਸ ਬਦਲ ਕੇ ਮੁਗਲ ਫੌਜੀਆਂ ਦੀ ਵਰਦੀ ਪਾ ਲਈ ਅਤੇ ਭਾਈ ਦਇਆ ਸਿੰਘ ਤੇ ਮਾਨ ਸਿੰਘ ਨੇ ਵੀ ਇੰਜ ਹੀ ਕੀਤਾ ਤਾਂ ਜੋ ਮੁਗਲ ਫੌਜਾਂ ਨੂੰ ਕਿਸੇ ਕਿਸਮ ਦਾ ਸ਼ੱਕ ਨਾ ਪੈਦਾ ਹੋਏ। ਇਹ ਵਰਦੀਆਂ ਖਾਲਸੇ ਕੋਲ ਪਹਿਲਾਂ ਵੀ ਮੌਜੂਦ ਹੋ ਸਕਦੀਆਂ ਹਨ ਅਤੇ ਮ੍ਰਿਤਕ ਮੁਗਲ ਸਿਪਾਹੀਆਂ ਦੀਆਂ ਵੀ ਲਾਹੀਆਂ ਜਾ ਸਕਦੀਆਂ ਹਨ। ਇਤਿਹਾਸ ਇਸ ਬਾਰੇ ਸਪਸ਼ਟ ਨਹੀਂ। ਇਕ ਮਿਥੀ ਯੋਜਨਾ ਅਨੁਸਾਰ ਗੁਰੂ ਸਾਹਿਬ ਅੱਧੀ ਰਾਤ ਤੋਂ ਪਿਛੋਂ ਗੜ੍ਹੀ ਵਿਚੋਂ ਨਿਕਲੇ ਜਦੋਂ ਅਸਮਾਨ ਵਿਚ ਚੰਨ ਪੂਰੀ ਤਰ੍ਹਾਂ ਛੁਪ ਚੁੱਕਾ ਸੀ। ਹੁਣ ਵੀ ਤੁਸੀਂ ਦੇਖੋਗੇ ਕਿ ਚੰਨ ਅੱਧੀ ਰਾਤ ਤੋਂ ਪਿਛੋਂ ਛਿਪ ਜਾਂਦਾ ਹੈ। ਘੁੱਪ ਹਨੇਰੇ ਵਿਚ ਗੁਰੂ ਸਾਹਿਬ ਪੱਛਮੀ ਬਾਹੀ ਵਾਲੇ ਪਾਸੇ ਜਾਂਦੇ ਹਨ ਅਤੇ ਉਨ੍ਹਾਂ ਤੋਂ ਥੋੜ੍ਹੇ ਫ਼ਾਸਲੇ 'ਤੇ ਹੀ ਭਾਈ ਦਇਆ ਸਿੰਘ ਤੇ ਭਾਈ ਮਾਨ ਸਿੰਘ ਉਨ੍ਹਾਂ ਦੇ ਪਿਛੇ ਪਿਛੇ ਆ ਰਹੇ ਹਨ ਤਾਂ ਜੋ ਜੇ ਸ਼ੱਕ ਦੀ ਸੂਰਤ ਵਿਚ ਮੁਗਲ ਫੌਜ ਗੁਰੂ ਸਾਹਿਬ ਦੀ ਸ਼ਨਾਖਤ ਬਾਰੇ ਪੁੱਛਗਿੱਛ ਕਰਦੀ ਹੈ ਤਾਂ ਇਹ ਸਿੰਘ ਉਸ ਹਾਲਤ ਵਿਚ ਸਥਿਤੀ ਮੁਤਾਬਿਕ ਕੋਈ ਵੀ ਐਕਸ਼ਨ ਕਰਨਗੇ। ਜਿਥੇ ਅੱਜ ਕੱਲ੍ਹ ਤਾੜੀ

ਸਾਹਿਬ ਗੁਰਦੁਆਰਾ ਹੈ, ਉਥੇ ਗੁਰੂ ਜੀ 'ਖਾਲਸੇ ਦਾ ਗੁਰੂ ਜਾ ਰਿਹਾ ਹੈ' ਜਾਂ ਕੁਝ ਲਿਖਤਾਂ ਵਿਚ 'ਹਿੰਦ ਦਾ ਪੀਰ ਜਾ ਰਿਹਾ ਹੈ' ਉੱਚੀ ਆਵਾਜ਼ ਵਿਚ ਕਹਿ ਕੇ ਦੂਰ ਨਿਕਲ ਜਾਂਦੇ ਹਨ।

ਕੀ ਏਨੇ ਵੱਡੇ ਘੇਰੇ ਵਿਚੋਂ ਨਿਕਲ ਸਕਣ ਦੀ ਗੁੰਜਾਇਸ਼ ਹੈ? ਇਸ ਸਵਾਲ ਦਾ ਜਵਾਬ ਕਰਨਲ ਪ੍ਰੀਤਮ ਸਿੰਘ ਭੁੱਲਰ ਦਿੰਦੇ ਹਨ ਕਿ ਹਾਂ, ਬਿਲਕੁਲ ਗੁੰਜਾਇਸ਼ ਹੈ। ਨਿਕਲ ਸਕਣ ਦੀ ਸੰਭਾਵਨਾ ਹਰ ਸਮੇਂ ਬਣੀ ਰਹਿੰਦੀ ਹੈ ਅਤੇ ਇਹ ਅੱਜ ਵੀ ਜਦੋਂ ਨਿਗਰਾਨੀ ਏਨੀ ਤਕੜੀ ਹੋਣ ਦੇ ਸਾਧਨ ਮੌਜੂਦ ਹਨ, ਨਿਕਲਣ ਵਾਲੇ ਬਚ ਕੇ ਨਿਕਲ ਜਾਂਦੇ ਹਨ। ਸਪਸ਼ਟ ਹੈ ਕਿ ਤਾੜੀ ਮਾਰਨ 'ਤੇ ਰੌਲਾ ਪੈ ਗਿਆ ਅਤੇ ਦਇਆ ਸਿੰਘ ਤੇ ਮਾਨ ਸਿੰਘ ਨੂੰ ਵੀ ਨਹੀਂ ਪਤਾ ਕਿ ਉਸ ਭਗਦੜ ਵਿਚ ਗੁਰੂ ਸਾਹਿਬ ਕਿਹੜੇ ਪਾਸੇ ਵੱਲ ਗਏ ਹੋਣਗੇ। ਸ੍ਰੀ ਹਰਿੰਦਰ ਸਿੰਘ ਮਹਿਬੂਬ ਮੁਤਾਬਿਕ ਗੁਰੂ ਸਾਹਿਬ ਤੀਜੇ ਦਿਨ ਭਾਈ ਦਇਆ ਸਿੰਘ ਤੇ ਭਾਈ ਮਾਨ ਸਿੰਘ ਨੂੰ ਮਾਛੀਵਾੜੇ ਦੇ ਜੰਗਲ ਵਿਚ ਮਿਲਦੇ ਹਨ।

ਜੰਗ ਦਾ ਦਿਨ 22 ਦਸੰਬਰ ਦਾ ਹੈ। ਗੁਰੂ ਸਾਹਿਬ 21 ਦਸੰਬਰ ਦੀ ਸਵੇਰ ਨੂੰ ਚਮਕੌਰ ਵਿਚ ਅੰਬਾਂ ਦੇ ਦਰਖਤਾਂ ਹੇਠ ਉਤਾਰਾ ਕਰਦੇ ਹਨ ਜਿਥੇ ਅੱਜ ਕੱਲ੍ਹ ਗੁਰਦੁਆਰਾ ਦਮਦਮਾ ਸਾਹਿਬ ਹੈ। ਇਸ ਧਾਰਨਾ ਵਿਚ ਕੋਈ ਸਚਾਈ ਨਹੀਂ ਕਿ ਸਰਸਾ ਨਦੀ ਪਾਰ ਕਰਨ ਪਿਛੋਂ ਗੁਰੂ ਸਾਹਿਬ ਦੇ ਪਿਛੇ ਮੁਗਲ ਫੌਜਾਂ ਵਾਹੋਦਾਹੀ ਭੱਜੀਆਂ ਆ ਰਹੀਆਂ ਸਨ। ਅਸਲ ਵਿਚ ਗੁਰੂ ਸਾਹਿਬ ਦੇ ਚਮਕੌਰ ਵਿਚ ਪੁੱਜ ਜਾਣ ਦੀ ਖ਼ਬਰ ਸੂਹੀਆਂ ਨੂੰ 6-7 ਘੰਟੇ ਦੇਰ ਨਾਲ ਮਿਲੀ। ਇਸੇ ਲਈ ਗੁਰੂ ਸਾਹਿਬ ਦੇ ਗੜ੍ਹੀ ਵਿਚ ਦਾਖਲ ਹੋਣ ਪਿਛੋਂ ਹੀ 21 ਦਸੰਬਰ ਦੀ ਸ਼ਾਮ ਨੂੰ ਫੌਜ ਚਮਕੌਰ ਵਿਚ ਪਹੁੰਚ ਸਕਦੀ ਹੈ ਅਤੇ 21 ਦਸੰਬਰ ਦੀ ਰਾਤ ਨੂੰ ਕੋਈ ਲੜਾਈ ਨਹੀਂ ਹੋਈ। ਲੜਾਈ ਵੈਸੇ ਵੀ ਰਾਤ ਨੂੰ ਬੰਦ ਹੋ ਜਾਂਦੀ ਹੈ ਅਤੇ ਦੋਵੇਂ ਧਿਰਾਂ ਨੇ ਰਾਤ ਨੂੰ ਸਾਰੀ ਸਥਿਤੀ ਦਾ ਪੂਰਾ ਜਾਇਜ਼ਾ ਲੈਣ ਮਗਰੋਂ ਮੋਰਚੇ ਸੰਭਾਲੇ ਹੋਣਗੇ।

ਲੜਾਈ ਕਿਵੇਂ ਹੋਈ? ਇਹ ਲੜਾਈ ਤਲਵਾਰਾਂ ਨਾਲ ਹੀ ਹੋਈ। ਮੁਗਲ ਫੌਜ ਲਈ ਨੀਵੀਂ ਥਾਂ 'ਤੇ ਹੋਣ ਕਾਰਨ ਗੜ੍ਹੀ ਦੇ ਅੰਦਰ ਦਾਖਲ ਹੋਣਾ ਏਨਾ ਆਸਾਨ ਨਹੀਂ ਸੀ। ਇਸ ਲਈ ਲੜਾਈ ਦਾ ਮੈਦਾਨ ਉਹ ਥਾਂ ਹੀ ਬਣਦੀ ਹੈ ਜਿਥੇ ਗੁਰਦੁਆਰਾ ਕਤਲਗੜ੍ਹ ਸਾਹਿਬ ਹੈ। ਜਿਥੋਂ ਤੱਕ ਵਸੋਂ ਦਾ ਸਬੰਧ ਹੈ, ਘਰਾਂ ਦੀ ਗਿਣਤੀ 50-60 ਤੋਂ ਉਪਰ ਨਹੀਂ ਜਾਪਦੀ। ਜਿਹੜੀ ਵਸੋਂ ਅੱਜ ਕੱਲ੍ਹ ਗੜ੍ਹੀ ਸਾਹਿਬ ਦੇ ਐਨ ਨੇੜੇ ਵਸਦੀ ਹੈ, ਉਨ੍ਹਾਂ ਦੇ ਘਰ 70-80 ਸਾਲ ਹੀ ਪੁਰਾਣੇ ਲਗਦੇ ਹਨ। ਇਸ ਦਾ ਮਤਲਬ ਹੈ ਕਿ ਗੁਰੂ ਸਾਹਿਬ ਦੇ ਚਲੇ ਜਾਣ ਪਿਛੋਂ ਮੁਗਲ ਫੌਜਾਂ ਨੇ ਸਭ ਕੁਝ ਨਸ਼ਟ ਕਰ ਦਿੱਤਾ ਹੋਏਗਾ। ਗੜ੍ਹੀ ਦਾ ਵੱਡਾ ਹਿੱਸਾ ਵੀ ਖੰਡਰ ਬਣ ਗਿਆ ਹੋਏਗਾ। ਗੜ੍ਹੀ ਦੇਣ ਦੇ ਬਦਲੇ ਰੂਪ ਚੰਦ ਦੇ ਪਰਿਵਾਰ ਨਾਲ ਕੀ ਬੀਤੀ, ਇਤਿਹਾਸ ਇਸ ਬਾਰੇ ਵੀ ਚੁੱਪ ਹੈ।

ਮੁਗਲ ਫੌਜਾਂ ਦਾ ਬਹੁਤਾ ਨੁਕਸਾਨ ਹੋਣ ਦਾ ਵੱਡਾ ਕਾਰਨ ਇਹ ਹੋ ਸਕਦਾ ਸੀ ਕਿ ਗੁਰੂ ਗੋਬਿੰਦ ਸਿੰਘ ਤੇ ਉਨ੍ਹਾਂ ਦੇ ਨਾਲ ਸਿੰਘ ਉੱਚੀ ਥਾਂ 'ਤੇ ਹੋਣ ਕਾਰਨ ਇਕ ਪਾਸੇ ਤਾਂ ਲੜ ਰਹੇ ਸਿੰਘਾਂ ਨੂੰ ਕਵਰ ਕਰਦੇ ਸਨ ਅਤੇ ਦੂਜੇ ਪਾਸੇ ਮੁਗਲ ਸਿਪਾਹੀਆਂ ਨੂੰ ਤੀਰਾਂ ਨਾਲ ਫੁੰਡਦੇ ਸਨ। ਇਸ ਦਾ ਇਕ ਪ੍ਰਭਾਵ ਜ਼ਫ਼ਰਨਾਮੇ ਤੋਂ ਵੀ ਮਿਲਦਾ ਹੈ। ਚਮਕੌਰ ਦਾ ਯੁੱਧ ਜੰਗੀ ਰਣਨੀਤੀ ਦਾ ਵੀ ਕਮਾਲ ਹੈ, ਦ੍ਰਿੜ੍ਹਤਾ ਤੇ ਬਹਾਦਰੀ ਨਾਲ ਲੜ ਮਰਨ ਦੀ ਵੀ ਇਤਿਹਾਸ ਵਿਚ ਇਹੋ ਜਿਹੀ ਘੱਟ ਹੀ ਮਿਸਾਲ ਮਿਲਦੀ ਹੈ। ਜੇ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ ਸ਼ਰਧਾ ਦੇ ਘੇਰੇ ਵਿਚੋਂ ਅਤੇ ਉਨ੍ਹਾਂ ਦੁਆਲੇ ਸਿਰਜੀਆਂ ਕਰਾਮਾਤਾਂ ਤੋਂ ਬਾਹਰ ਕੱਢ ਲਿਆ ਜਾਏ ਤਾਂ ਇਸ ਲੜਾਈ ਵਿਚ ਉਹ ਇਕ ਮਹਾਨ ਜਰਨੈਲ ਦੇ ਰੂਪ ਵਿਚ ਵੀ ਉਭਰ ਕੇ ਸਾਹਮਣੇ ਆਉਂਦੇ ਹਨ ਅਤੇ ਆਪਣੀ ਹੀ ਕਿਸਮ ਦੇ ਇਕ ਮਹਾਨ ਨੀਤੀਵਾਨ ਵੀ ਜ਼ਾਹਿਰ ਹੁੰਦੇ ਹਨ ਜਿਨ੍ਹਾਂ ਨੇ ਖਾਲਸੇ ਦੀ ਪ੍ਰਭੂਸੱਤਾ ਨੂੰ ਆਪਣੇ ਤੋਂ ਵੀ ਉਪਰ ਸਮਝਿਆ ਤੇ ਅਜਿਹਾ ਕਰਕੇ ਵੀ ਦਿਖਾਇਆ। ਕਰਨਲ ਪ੍ਰੀਤਮ ਸਿੰਘ ਭੁੱਲਰ ਮੁਤਾਬਿਕ ਗੁਰੂ ਗੋਬਿੰਦ ਸਿੰਘ ਖਾਲਸੇ ਰਾਹੀਂ ਜਦੋਜਹਿਦ ਜਾਰੀ ਰੱਖਣਾ ਚਾਹੁੰਦੇ ਸਨ ਅਤੇ ਉੱਘੇ ਇਤਿਹਾਸਕਾਰ ਡਾਕਟਰ ਹਰੀ ਰਾਮ ਗੁਪਤਾ ਵੀ ਇਹੋ ਫੈਸਲਾ ਦਿੰਦੇ ਹਨ। ਇਸ ਜਦੋਜਹਿਦ ਦਾ ਇਕ ਰੂਪ ਛੇਤੀ ਹੀ ਸਰਹਿੰਦ ਦੀ ਫਤਹਿ ਤੇ ਬੰਦਾ ਬਹਾਦਰ ਦੇ ਰਾਜ ਦੇ ਰੂਪ ਵਿਚ ਸਾਹਮਣੇ ਆਇਆ।

**ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਏ ਸੂਰਬੀਰਾਂ ਦੀ ਸੂਚੀ**

ਸ੍ਰੀ ਚਮਕੌਰ ਸਾਹਿਬ ਦੀ ਗੜ੍ਹੀ ਦੇ ਯੁੱਧ ਵਿਚ ਜਿਨ੍ਹਾਂ ਸਿੰਘਾਂ ਨੇ ਸ਼ਹੀਦੀ ਪਾਈ ਉਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ :

ਭਾਈ ਜਵਾਹਰ ਸਿੰਘ ਅੰਮ੍ਰਿਤਸਰ, ਭਾਈ ਰਤਨ ਸਿੰਘ ਮਾਣਕਪੁਰਾ, ਭਾਈ ਮਾਣਕ ਸਿੰਘ ਜੀ ਮਾਣਕੋ ਦੁਆਬਾ, ਭਾਈ ਕਿਰਪਾਲ ਸਿੰਘ, ਕਰਤਾਰਪੁਰ (ਰਾਣੀਵਾਲਾ), ਭਾਈ ਦਿਆਲ ਸਿੰਘ ਰਾਮਦਾਸ, ਭਾਈ ਗੁਰਦਾਸ ਸਿੰਘ ਅੰਮ੍ਰਿਤਸਰ, ਭਾਈ ਠਾਕਰ ਸਿੰਘ ਛਾਰਾ, ਭਾਈ ਪਰੇਮ ਸਿੰਘ ਮਨੀਮਾਜਰਾ, ਭਾਈ ਹਰਦਾਸ ਸਿੰਘ ਗਵਾਲੀਅਰ, ਭਾਈ ਸੰਗੋ ਸਿੰਘ ਮਾਛੀਵਾੜਾ, ਭਾਈ ਨਿਹਾਲ ਸਿੰਘ ਮਾਛੀਵਾੜਾ, ਭਾਈ ਗੁਲਾਬ ਸਿੰਘ ਮਾਛੀਵਾੜਾ, ਭਾਈ ਮਹਿਤਾਬ ਸਿੰਘ ਰੂਪਨਗਰ, ਭਾਈ ਖੜਕ ਸਿੰਘ ਰੂਪਨਗਰ, ਭਾਈ ਟੇਕ ਸਿੰਘ ਰੂਪਨਗਰ, ਭਾਈ ਤੁਲਸਾ ਸਿੰਘ ਰੂਪਨਗਰ, ਭਾਈ ਸਹਿਜ ਸਿੰਘ ਰੂਪਨਗਰ, ਭਾਈ ਚੜ੍ਹਤ ਸਿੰਘ ਰੂਪਨਗਰ, ਭਾਈ ਝੰਡਾ ਸਿੰਘ ਰੂਪਨਗਰ, ਭਾਈ ਸੁਜਾਨ ਸਿੰਘ ਰੂਪਨਗਰ, ਭਾਈ ਗੰਡਾ ਸਿੰਘ ਪੇਸ਼ਾਵਰ (ਸਕੇ ਭਰਾ), ਭਾਈ ਕਿਸ਼ਨ ਸਿੰਘ, ਭਾਈ ਬਿਸ਼ਨ ਸਿੰਘ, ਭਾਈ ਗੁਰਦਿੱਤ ਸਿੰਘ, ਭਾਈ ਕਰਮ ਸਿੰਘ ਭਰਤਪੁਰ (ਸਕੇ ਭਰਾ), ਭਾਈ ਰਣਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਜੈਮਲ ਸਿੰਘ, ਭਾਈ ਗੰਗਾ ਸਿੰਘ ਜਵਾਲਾਮੁਖੀ, ਭਾਈ ਸ਼ੇਰ ਸਿੰਘ ਆਲਮਗੀਰ, ਭਾਈ ਸਰਦੂਲ ਸਿੰਘ, ਭਾਈ ਸੁੱਖਾ ਸਿੰਘ, ਭਾਈ ਪੰਜਾਬ ਸਿੰਘ ਖੰਡੂ, ਭਾਈ ਦਮੋਦਰ ਸਿੰਘ, ਭਾਈ ਭਗਵਾਨ ਸਿੰਘ, ਭਾਈ

ਸਰੂਪ ਸਿੰਘ ਕਾਬਲ, ਭਾਈ ਜਵਾਲਾ ਸਿੰਘ, ਭਾਈ ਸੰਤ ਸਿੰਘ ਪੋਠੋਹਾਰ, ਭਾਈ ਆਲਮ ਸਿੰਘ, ਭਾਈ ਸੰਗਤ ਸਿੰਘ, ਭਾਈ ਕੋਠਾ ਸਿੰਘ ਅਤੇ ਭਾਈ ਮਦਨ ਸਿੰਘ ਜੀ। ਇਨ੍ਹਾਂ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਪੰਜਾਂ ਪਿਆਰਿਆਂ ਵਿਚੋਂ ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸਿੰਘ ਨੇ ਵੀ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਹ ਸੂਚੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੀ ਗਈ ਹੈ।

# ਸਰਹਿੰਦ ਦਾ ਪਿਛੋਕੜ ਤੇ ਸਾਕਾ ਸਰਹਿੰਦ

*ਡਾ. ਹਰਚੰਦ ਸਿੰਘ ਸਰਹਿੰਦੀ*

ਸਰਹਿੰਦ ਦਾ ਨਾਂ ਸੁਣਦਿਆਂ ਹੀ ਪੰਜਾਬ ਦੇ ਇਤਿਹਾਸ ਦਾ ਇਕ ਲਹੂ-ਭਿੱਜਿਆ ਕਾਂਡ ਸਾਡੇ ਜ਼ਿਹਨ ਵਿਚ ਉੱਭਰ ਆਉਂਦਾ ਹੈ- ਸਰਹਿੰਦ ਦੀ 'ਖ਼ੂਨੀ ਦੀਵਾਰ' ਸਾਡੀ ਚੇਤਨਾ ਦਾ ਵਿਹੜਾ ਮੱਲ ਖਲੋਂਦੀ ਹੈ। ਫਿਰ ਇਸ ਦੁਖਾਂਤ ਤੋਂ ਉਪਜਿਆ ਦਰਦ, ਜੋ ਹਰ ਪੰਜਾਬੀ ਨੂੰ ਪੀੜ੍ਹੀ-ਦਰ-ਪੀੜ੍ਹੀ ਵਿਰਾਸਤ ਵਿਚ ਮਿਲਦਾ ਹੈ, ਇਕ ਲੰਮਾ ਹਉਕਾ ਬਣ ਕੇ ਹਿੱਕ ਨੂੰ ਚੀਰਦਾ ਹੋਇਆ ਬਾਹਰ ਨਿਕਲ ਜਾਂਦਾ ਹੈ। ਇਸ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਪੂਰੀ ਜੰਗੀ ਤਿਆਰੀ ਨਾਲ ਸਾਡੀ ਚੇਤਨਾ ਦੇ ਮੈਦਾਨ ਵਿਚ ਆ ਉਤਰਦਾ ਹੈ ਅਤੇ ਮੈਦਾਨ-ਏ-ਜੰਗ ਵਿਚ ਵਜ਼ੀਰ ਖ਼ਾਂ ਨੂੰ ਮੌਤ ਦੇ ਘਾਟ ਉਤਾਰ ਕੇ ਸਰਹਿੰਦ ਦੀ 'ਇੱਟ ਨਾਲ ਇੱਟ ਖੜਕਾ' ਦਿੰਦਾ ਹੈ। ਬੱਸ, ਇਕ ਆਮ ਵਿਅਕਤੀ ਲਈ ਏਨਾ ਕੁ ਹੀ ਹੈ ਸਰਹਿੰਦ ਦਾ ਮਹੱਤਵ, ਯਾਨੀ ਸਰਹਿੰਦ ਬਾਰੇ ਸਾਡਾ ਗਿਆਨ ਕੇਵਲ ਸਾਹਿਬਜ਼ਾਦਿਆਂ ਦੀ ਸ਼ਹਾਦਤ ਅਤੇ ਇਸ ਨਾਲ ਜੁੜੀਆਂ ਘਟਨਾਵਾਂ ਤੱਕ ਹੀ ਸੀਮਤ ਹੈ, ਜਦੋਂ ਕਿ 'ਹਿੰਦੁਸਤਾਨ ਦਾ ਸਿਰ' ਅਖਵਾਉਣ ਵਾਲੇ ਇਸ ਸ਼ਹਿਰ ਦੇ ਇਤਿਹਾਸਕ, ਧਾਰਮਿਕ ਤੇ ਸਭਿਆਚਾਰਕ ਪਿਛੋਕੜ ਬਾਰੇ ਜਾਣਕਾਰੀ ਹਾਸਲ ਕਰਨੀ ਵੀ ਉਨੀਓਂ ਜ਼ਰੂਰੀ ਹੈ।

ਸਰਹਿੰਦ, ਜਰਨੈਲੀ ਸੜਕ ਉੱਤੇ ਅੰਬਾਲਾ ਅਤੇ ਲੁਧਿਆਣਾ ਵਿਚਕਾਰ ਸਥਿਤ ਇਕ ਪੁਰਾਤਨ ਸ਼ਹਿਰ ਹੈ, ਜਿਸ ਨੇ ਆਪਣੀ ਬੁੱਕਲ ਵਿਚ ਪੰਜਾਬ ਦਾ ਸਦੀਆਂ ਪੁਰਾਣਾ ਇਤਿਹਾਸ ਲੁਕਾ ਰੱਖਿਆ ਹੈ। ਇਤਫ਼ਾਕ ਵੱਸ, ਇੱਥੇ ਇਹ ਗੱਲ ਸਪੱਸ਼ਟ ਕਰ ਦੇਣੀ ਜ਼ਰੂਰੀ ਬਣਦੀ ਹੈ ਕਿ ਬੰਦਾ ਬਹਾਦਰ ਨੇ ਸਰਹਿੰਦ ਦੀ ਇਤਿਹਾਸਕ ਜਿੱਤ ਤੋਂ ਬਾਅਦ ਸਰਹਿੰਦ ਵਿਖੇ ਜਿਸ ਅਸਥਾਨ 'ਤੇ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ, ਉਸ ਨੂੰ ਫ਼ਤਿਹਗੜ੍ਹ ਸਾਹਿਬ ਦਾ ਨਾਂ ਦਿੱਤਾ। ਸੋ, ਫ਼ਤਿਹਗੜ੍ਹ ਸਾਹਿਬ ਨੂੰ ਸਰਹਿੰਦ ਤੋਂ ਜੁਦਾ ਕਰਕੇ ਨਹੀਂ ਵੇਖਿਆ ਜਾ ਸਕਦਾ, ਭਾਵ ਫ਼ਤਿਹਗੜ੍ਹ ਸਾਹਿਬ, ਸਰਹਿੰਦ ਦਾ ਹੀ ਇਕ ਹਿੱਸਾ ਹੈ।

ਮੁਗ਼ਲ ਕਾਲ ਵਿਚ, ਖ਼ਾਸਕਰ ਸੋਲ੍ਹਵੀਂ ਤੇ ਸਤਾਰਵੀਂ ਸਦੀ ਦੌਰਾਨ, ਸਰਹਿੰਦ ਆਪਣੀ ਪ੍ਰਸਿੱਧੀ ਤੇ ਸ਼ਾਨ ਦੀ ਸਿਖਰ 'ਤੇ ਸੀ। ਉਦੋਂ ਇਹ ਸਭਿਆਚਾਰਕ ਸਰਗਰਮੀਆਂ ਦਾ ਵੀ ਮੁੱਖ ਕੇਂਦਰ ਸੀ। ਫਿਰ ਸੰਨ 1710 ਵਿਚ ਬਾਬਾ ਬੰਦਾ ਸਿੰਘ

ਬਹਾਦਰ ਦੇ ਹਮਲੇ ਨਾਲ ਇਸ ਘੁੱਗ ਵਸਦੇ ਸ਼ਹਿਰ 'ਤੇ ਕਹਿਰ ਟੁੱਟ ਪਿਆ। ਅਫ਼ਗਾਨਾਂ ਦੇ ਹਮਲਿਆਂ ਨੇ ਵੀ ਇਸ ਨੂੰ ਨੁਕਸਾਨ ਪਹੁੰਚਾਇਆ। ਅੰਤ, 1764 ਵਿਚ ਸਿੱਖਾਂ ਨੇ ਸ. ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਕੀਤੇ ਹਮਲੇ ਵਿਚ ਇਸ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ।

ਸਰਹਿੰਦ ਦੀਆਂ ਸਾਰੀਆਂ ਮੌਜੂਦਾ ਯਾਦਗਾਰੀ ਨਿਸ਼ਾਨੀਆਂ ਬਾਦਸ਼ਾਹ ਅਕਬਰ ਅਤੇ ਔਰੰਗਜ਼ੇਬ ਦੇ ਵਿਚਕਾਰਲੇ ਸਮੇਂ ਦੌਰਾਨ ਹੋਂਦ ਵਿਚ ਆਈਆਂ। ਬੇਸ਼ੱਕ ਅੱਜ ਬਹੁਤੀਆਂ ਯਾਦਗਾਰਾਂ ਖੰਡਰਾਂ ਦਾ ਰੂਪ ਧਾਰਨ ਕਰ ਚੁੱਕੀਆਂ ਹਨ, ਫਿਰ ਵੀ ਇਨ੍ਹਾਂ ਤੋਂ ਬੀਤੇ ਸਮੇਂ ਬਾਰੇ ਕਈ ਤਰ੍ਹਾਂ ਦੀ ਇਤਿਹਾਸਕ ਤੇ ਸਭਿਆਚਾਰਕ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਮੁਗ਼ਲ ਕਾਲ ਦੀਆਂ ਇਤਿਹਾਸਕ ਯਾਦਗਾਰਾਂ ਬਾਰੇ ਡੂੰਘੀ ਜਾਣਕਾਰੀ ਰੱਖਣ ਵਾਲਾ ਵਿਦਵਾਨ ਤੇ ਖੋਜੀ, ਡਾ. ਸੁਭਾਸ਼ ਪਰਿਹਾਰ ਆਪਣੀ ਪੁਸਤਕ -'SIRHIND AND ITS ARCHITECTURAL REMAINS' ਵਿਚ ਲਿਖਦਾ ਹੈ ਕਿ "ਸਰਹਿੰਦ ਵਿਖੇ ਇਸਦੀ ਚੜ੍ਹਤ ਦੇ ਦਿਨਾਂ ਵਿਚ 360 ਮਸਜਿਦਾਂ, ਬਾਗ਼, ਸਰਾਵਾਂ, ਮਕਬਰੇ ਅਤੇ ਖੂਹ ਸਨ।" ਸਮੇਂ ਦੇ ਝੱਖੜ-ਝੋਲਿਆਂ ਅਤੇ ਤੂਫ਼ਾਨਾਂ ਵਿਚੋਂ ਗੁਜ਼ਰਦਿਆਂ ਜਿਹੜੀਆਂ ਯਾਦਗਾਰਾਂ, ਖੁਸ਼ਕਿਸਮਤੀ ਨਾਲ, ਸਾਡੇ ਲਈ ਬਚ ਗਈਆਂ ਹਨ, ਉਨ੍ਹਾਂ ਦੀ ਗਿਣਤੀ ਇਸ ਸਮੇਂ ਲਗਪਗ ਤਿੰਨ ਦਰਜਨ ਹੈ। ਇਨ੍ਹਾਂ ਵਿਚੋਂ ਰੋਜ਼ਾ ਸ਼ਰੀਫ਼, ਆਮ-ਖ਼ਾਸ ਬਾਗ਼, ਉਸਤਾਦ-ਸ਼ਗਿਰਦ ਦਾ ਮਕਬਰਾ, ਡੇਰਾ ਮੀਰ ਮੀਰਾਂ ਦਾ ਮਕਬਰਾ, ਲਾਲ ਮਸਜਿਦ, ਚੋਅ ਦਾ ਪੁਲ ਅਤੇ ਸਦਨੇ ਕਸਾਈ ਦੀ ਮਸਜਿਦ ਮਹੱਤਵਪੂਰਨ ਹਨ। ਖ਼ੁਸ਼ੀ ਦੀ ਗੱਲ ਹੈ ਕਿ ਪੁਰਾਤੱਤਵ ਵਿਭਾਗ, ਪੰਜਾਬ ਨੇ ਸਰਹਿੰਦ ਦੀਆਂ ਪੰਜ ਯਾਦਗਾਰਾਂ ਦੀ ਸਾਂਭ-ਸੰਭਾਲ ਲਈ ਕਦਮ ਪੁੱਟੇ ਹਨ।

ਇਨ੍ਹਾਂ ਯਾਦਗਾਰਾਂ ਦੇ ਅਧਿਐਨ ਤੋਂ ਇਹ ਪਤਾ ਲਗਦਾ ਹੈ ਕਿ ਸਰਹਿੰਦ ਦਾ ਸਭਿਆਚਾਰਕ ਵਿਰਸਾ ਬਹੁਤ ਅਮੀਰ ਹੈ। ਇਨ੍ਹਾਂ ਯਾਦਗਾਰਾਂ ਵਿਚ ਉੱਚ ਕੋਟੀ ਦੀ ਕਲਾ, ਖ਼ਾਸਕਰ ਮੁਗ਼ਲ ਕਾਲ ਦੀ ਇਮਾਰਤਸਾਜ਼ੀ ਅਤੇ ਚਿੱਤਰਕਲਾ ਦੇ ਸਦੀਆਂ ਪੁਰਾਣੇ ਨਮੂਨੇ ਸੁਰੱਖਿਅਤ ਹਨ। ਸਾਡੀਆਂ ਆਉਣ ਵਾਲੀਆਂ ਨਸਲਾਂ ਇਨ੍ਹਾਂ ਦੁਰੱਲਭ ਸੋਮਿਆਂ ਤੋਂ ਬੀਤੇ ਸਮੇਂ ਬਾਰੇ ਭਰਪੂਰ ਜਾਣਕਾਰੀ ਹਾਸਲ ਕਰ ਸਕਣਗੀਆਂ। ਸਰਹਿੰਦ ਦੀਆਂ ਕੁਝ ਇਕ ਪੁਰਾਤਨ ਇਮਾਰਤਾਂ ਦੇ ਲੱਕੜੀ ਦੇ ਦਰਵਾਜ਼ਿਆਂ ਅਤੇ ਚੁਗਾਠਾਂ 'ਤੇ ਪੁਰਾਤਨ ਨਿਕਾਸੀਕਾਰੀ ਦਾ ਕੰਮ ਵੇਖਿਆ ਜਾ ਸਕਦਾ ਹੈ। ਸੋ, ਇਨ੍ਹਾਂ ਯਾਦਗਾਰਾਂ ਦੀ ਸਰਹਿੰਦ ਦੀ ਵਿਰਾਸਤ ਵਜੋਂ ਸੰਭਾਲ ਕਰਨੀ ਅਤਿ ਜ਼ਰੂਰੀ ਹੈ।

ਇਥੇ ਰੋਜ਼ਾ ਸ਼ਰੀਫ਼ ਅਤੇ ਆਮ-ਖ਼ਾਸ ਬਾਗ਼ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਹੈ।

**ਰੋਜ਼ਾ ਸ਼ਰੀਫ਼** - ਗੁਰਦੁਆਰਾ ਸਾਹਿਬ ਦੇ ਉੱਤਰ ਵੱਲ ਥੋੜ੍ਹੇ ਫ਼ਾਸਲੇ 'ਤੇ ਹਜ਼ਰਤ ਮੁਜੱਦਿਦ-ਅਲਫ਼-ਸਾਨੀ-ਸ਼ੇਖ਼ ਅਹਿਮਦ ਫਾਰੂਕੀ ਦਾ ਸ਼ਾਨਦਾਰ ਰੋਜ਼ਾ ਸਥਿਤ ਹੈ। ਹਰ ਸਾਲ ਪਾਕਿਸਤਾਨ, ਅਫ਼ਗਾਨਿਸਤਾਨ, ਇੰਡੋਨੇਸ਼ੀਆ ਅਤੇ ਭਾਰਤ ਦੇ ਵੱਖ-ਵੱਖ ਭਾਗਾਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਨਕਸ਼ਬੰਦੀ ਮੁਸਲਮਾਨ ਇਸ ਦੀ

ਜ਼ਿਆਰਤ ਕਰਦੇ ਹਨ। ਦੁਨੀਆਂ ਭਰ ਦੇ ਸੁੰਨੀ ਮੁਸਲਮਾਨਾਂ ਲਈ ਇਹ ਅਸਥਾਨ ਦੂਜੇ ਮੱਕੇ ਦੀ ਹੈਸੀਅਤ ਰੱਖਦਾ ਹੈ। ਰੋਜ਼ਾ ਸ਼ਰੀਫ਼ ਦੇ ਘੇਰੇ ਅੰਦਰ ਕਈ ਮਕਬਰੇ ਹਨ, ਜਿਨ੍ਹਾਂ ਵਿਚੋਂ ਇਕ ਅਫ਼ਗਾਨਿਸਤਾਨ ਦੇ ਸ਼ਾਹ ਜ਼ਮਾਨ ਦਾ ਹੈ।

**ਆਮ-ਖ਼ਾਸ ਬਾਗ਼** - ਇਹ ਮੁਗ਼ਲਾਂ ਦੀ ਸ਼ਾਨੋ-ਸ਼ੌਕਤ ਦੀ ਇਕ ਸ਼ਾਨਦਾਰ ਮਿਸਾਲ ਪੇਸ਼ ਕਰਦਾ ਹੈ। ਇਹ ਆਮ ਤੇ ਖ਼ਾਸ ਲੋਕਾਂ ਲਈ ਉਸਾਰੀ ਗਈ ਇਕ ਸਰਾਂ ਸੀ। ਇਸ ਨੂੰ ਸਭ ਤੋਂ ਪਹਿਲਾਂ ਬਾਬਰ ਨੇ ਤਾਮੀਰ ਕਰਵਾਇਆ ਅਤੇ ਫਿਰ ਬਾਦਸ਼ਾਹ ਸ਼ਾਹਜਹਾਂ ਨੇ ਇਸ ਵਿੱਚ ਵਾਧਾ ਕੀਤਾ।

ਸਰਹਿੰਦ ਦੇ ਘੇਰੇ ਅੰਦਰ ਸਾਕਾ ਸਰਹਿੰਦ ਨਾਲ ਸਬੰਧਤ ਗੁਰਦੁਆਰਿਆਂ ਤੋਂ ਇਲਾਵਾ ਕਈ ਪੁਰਾਤਨ ਮੰਦਰ ਵੀ ਸਥਿਤ ਹਨ, ਜਿਨ੍ਹਾਂ ਵਿਚ ਪੁਰਾਣਾ ਦਸ਼ਨਾਮੀ ਅਖਾੜਾ, ਦਿਆਲਪੁਰੀ ਮੰਦਰ ਅਤੇ ਮਾਤਾ ਚਕਰੇਸ਼ਵਰੀ ਦੇਵੀ ਦਾ ਮੰਦਰ ਮੁੱਖ ਤੌਰ 'ਤੇ ਸ਼ਾਮਲ ਹਨ। ਮਾਤਾ ਚਕਰੇਸ਼ਵਰੀ ਦਾ ਮੰਦਰ, ਜੈਨ ਧਰਮ ਦੇ ਪੈਰੋਕਾਰਾਂ ਲਈ ਇਕ ਵੱਡਾ ਤੀਰਥ ਅਸਥਾਨ ਹੈ।

ਆਓ ! ਹੁਣ ਸਰਹਿੰਦ ਵਿਖੇ ਵਾਪਰੀ ਸ਼ਹਾਦਤ ਦੀ ਉਸ ਬੇਨਜ਼ੀਰ ਘਟਨਾ ਦਾ ਜ਼ਿਕਰ ਕਰੀਏ ਜਿਸ ਨੇ ਸਿੱਖ ਮਨਾਂ 'ਤੇ ਡੂੰਘਾ ਪੱਛ ਮਾਰਿਆ। ... ਪਰ ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸਾਕਾ ਸਰਹਿੰਦ ਨੇ ਸਿੱਖਾਂ ਨੂੰ ਮੁਗ਼ਲਾਂ ਵਿਰੁੱਧ ਲਾਮਬੰਦ ਹੋਣ ਲਈ ਠੋਸ ਆਧਾਰ ਮੁਹੱਈਆ ਕੀਤਾ। ਤਾਹੀਓਂ, ਇਸ ਘਟਨਾ ਤੋਂ ਥੋੜ੍ਹੇ ਅਰਸੇ ਬਾਅਦ ਹੀ ਸਿੱਖਾਂ ਨੇ ਬੰਦਾ ਬਹਾਦਰ ਦੀ ਕਮਾਨ ਹੇਠ ਸਰਹਿੰਦ ਨੂੰ ਇੱਟਾਂ ਦੇ ਢੇਰ ਵਿਚ ਬਦਲ ਕੇ ਰੱਖ ਦਿੱਤਾ ਸੀ। ਫਿਰ ਜਦੋਂ ਸਿੱਖ ਹੱਥਾਂ ਵਿਚ ਸ਼ਮਸ਼ੀਰ ਲੈ ਕੇ ਮੈਦਾਨ ਵਿਚ ਨਿੱਤਰੇ ਤਾਂ, ਤੁਸੀਂ ਵੇਖੋਗੇ, ਤਖ਼ਤਾਂ ਤੇ ਤਾਜਾਂ ਨੇ ਉਨ੍ਹਾਂ ਨੂੰ ਪ੍ਰਣਾਮ ਕੀਤਾ।

ਸਾਕਾ ਸਰਹਿੰਦ ਦੀ ਲੜੀ, ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਨ ਨਾਲ ਸ਼ੁਰੂ ਹੁੰਦੀ ਹੈ। ਗੁਰੂ ਸਾਹਿਬ ਨੇ 21 ਦਸੰਬਰ, 1704 ਈ. ਨੂੰ ਆਪਣੇ ਪਰਿਵਾਰ ਅਤੇ ਲਗਪਗ 1500 ਸਿੱਖਾਂ ਸਮੇਤ ਆਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਕੇ ਰੋਪੜ ਵੱਲ ਕੂਚ ਕੀਤਾ। ਸਰਸਾ ਨਦੀ ਦੇ ਕੰਢੇ 'ਤੇ ਮੁਗ਼ਲ ਫ਼ੌਜਾਂ ਨਾਲ ਘਸਮਾਨ ਦਾ ਯੁੱਧ ਹੋਇਆ। ਇਸ ਮੌਕੇ, ਮਾਤਾ ਗੁਜਰੀ ਅਤੇ ਗੁਰੂ ਸਾਹਿਬ ਦੇ ਦੋ ਛੋਟੇ ਸਾਹਿਬਜ਼ਾਦੇ, ਬਾਬਾ ਜ਼ੋਰਾਵਰ ਸਿੰਘ (9 ਸਾਲ) ਤੇ ਬਾਬਾ ਫ਼ਤਹਿ ਸਿੰਘ (7 ਸਾਲ) ਵਹੀਰ ਨਾਲੋਂ ਨਿਖੜ ਜਾਂਦੇ ਹਨ। ਗੁਰੂ ਘਰ ਦਾ ਰਸੋਈਆ ਗੰਗੂ ਬ੍ਰਾਹਮਣ ਉਨ੍ਹਾਂ ਨੂੰ ਆਪਣੇ ਪਿੰਡ ਸਹੇੜੀ (ਨੇੜੇ ਮੋਰਿੰਡਾ) ਵਿਖੇ ਆਪਣੇ ਘਰ ਲੈ ਜਾਂਦਾ ਹੈ। ਇੱਥੋਂ ਮੋਰਿੰਡੇ ਦਾ ਕੋਤਵਾਲ, ਮਾਤਾ ਗੁਜਰੀ ਅਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਕੇ 23 ਦਸੰਬਰ, 1704 ਨੂੰ ਸਰਹਿੰਦ ਦੇ ਸੂਬੇਦਾਰ, ਵਜ਼ੀਰ ਖਾਂ ਦੇ ਹਵਾਲੇ ਕਰ ਦਿੰਦਾ ਹੈ। ਇਨ੍ਹਾਂ ਤਿੰਨਾਂ ਸ਼ਾਹੀ ਕੈਦੀਆਂ ਨੂੰ ਅਗਲੀ ਕਾਰਵਾਈ ਤੱਕ ਠੰਢੇ ਬੁਰਜ ਵਿਚ ਨਜ਼ਰਬੰਦ ਕਰ ਦਿੱਤਾ ਗਿਆ।

24 ਦਸੰਬਰ ਨੂੰ ਸਾਹਿਬਜ਼ਾਦਿਆਂ ਨੂੰ ਸੂਬੇਦਾਰ ਵਜ਼ੀਰ ਖਾਂ ਦੀ ਕਚਹਿਰੀ

ਵਿਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਅਤੇ ਸ਼ਾਹੀ ਠਾਠ-ਬਾਠ ਦੀ ਜ਼ਿੰਦਗੀ ਬਤੀਤ ਕਰਨ ਦੀ ਪੇਸ਼ਕਸ਼ ਕੀਤੀ ਪਰ ਸਾਹਿਬਜ਼ਾਦਿਆਂ ਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ।

25 ਦਸੰਬਰ ਨੂੰ ਸਾਹਿਬਜ਼ਾਦਿਆਂ ਨੂੰ ਮੁੜ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਫਿਰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ। ਪਰ ਸਾਹਿਬਜ਼ਾਦਿਆਂ ਨੇ ਸਪੱਸ਼ਟ ਸ਼ਬਦਾਂ ਵਿਚ ਆਪਣਾ ਫੈਸਲਾ ਸੁਣਾਉਂਦਿਆਂ ਕਿਹਾ ਕਿ ਉਹ ਆਪਣੇ ਧਰਮ ਨੂੰ ਆਪਣੀ ਜਾਨ ਦੀ ਨਕਦੀ ਨਾਲ ਨਹੀਂ ਵੇਚਣਾ ਚਾਹੁੰਦੇ। ਕੋਈ ਵਾਹ ਨਾ ਚਲਦੀ ਵੇਖ ਕੇ ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕਰਨ ਦਾ ਮੰਦਭਾਗੀ ਫ਼ੈਸਲਾ ਆਖ਼ਿਰ ਦੇ ਹੀ ਦਿੱਤਾ। ਇਹ ਫ਼ੈਸਲਾ ਸਿੱਖਾਂ ਦੇ ਕਾਲਜੇ ਸੱਲ੍ਹ ਗਿਆ, ਸਿੱਖ ਜਗਤ ਹੁਬਕੀਂ ਰੋਇਆ ਅਤੇ ਹਰ ਪੰਜਾਬੀ ਦੀ ਅੱਖ ਸਿੱਲ੍ਹੀ ਹੋਈ। ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖ਼ਾਂ ਨੇ ਇਸ ਫ਼ੈਸਲੇ 'ਤੇ ਅਸਹਿਮਤੀ ਪ੍ਰਗਟ ਕਰਦਿਆਂ 'ਹਾਅ ਦਾ ਨਾਅਰਾ' ਮਾਰਿਆ।

ਅੰਤ, ਉਹ ਕੁਲਹਿਣੀ ਘੜੀ ਆਣ ਪਹੁੰਚੀ ਜਿਸ ਬਾਰੇ ਕਿਹਾ ਜਾ ਸਕਦਾ ਹੈ ਕਿ "ਲਮਹੋਂ ਨੇ ਖ਼ਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈ।" ਮਾਸੂਮ ਜਿੰਦਾਂ ਨੂੰ ਕੰਧ ਵਿਚ ਚਿਣਵਾਇਆ ਜਾਣ ਲੱਗਾ। ਜਦੋਂ ਕੰਧ ਛਾਤੀ ਤੱਕ ਅੱਪੜ ਗਈ ਤਾਂ ਆਰਜ਼ੀ ਢਾਂਚਾ ਧੜੱਮ ਡਿੱਗ ਪਿਆ ਅਤੇ ਸਾਹਿਬਜ਼ਾਦਿਆਂ ਨੂੰ ਇੱਟਾਂ ਵਿਚੋਂ ਬੇਹੋਸ਼ੀ ਦੀ ਹਾਲਤ ਵਿਚ ਬਾਹਰ ਕੱਢਿਆ ਗਿਆ। ਪ੍ਰੋ. ਹਰਬੰਸ ਸਿੰਘ ਆਪਣੀ ਪ੍ਰਸਿੱਧ ਪੁਸਤਕ - 'ਗੁਰੂ ਗੋਬਿੰਦ ਸਿੰਘ' ਦੇ ਪੰਨਾ 121 ਉੱਤੇ ਲਿਖਦਾ ਹੈ : "THE TEMPORARY STRUCTURE TUMBLED DOWN AND THEY (SAHIBZADAS) WERE TAKEN OUT OF THE BRICKS UNCONSCIOUS." ਕੁਝ ਸਮੇਂ ਬਾਅਦ ਸਾਹਿਬਜ਼ਾਦੇ ਹੋਸ਼ ਵਿਚ ਆ ਗਏ। 26 ਦਸੰਬਰ ਨੂੰ ਚੁੱਪ ਵਰਤੀ ਰਹੀ।

ਤੀਸਰੀ ਪੇਸ਼ੀ (27 ਦਸੰਬਰ) ਵੇਲੇ ਵੀ ਇਸਲਾਮ ਕਬੂਲ ਕਰਨ ਦੀ ਉਹੋ ਰਟ ਦੁਹਰਾਈ ਗਈ, ਪਰ ਸਾਹਿਬਜ਼ਾਦੇ ਸ਼ਾਂਤ ਤੇ ਅਡੋਲ ਰਹੇ। ਅੰਤ, ਸੂਬੇਦਾਰ ਨੇ ਆਪਣੀ 'ਹਾਰ ਕਬੂਲ ਕਰਦਿਆਂ' ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰਨ ਦਾ ਹੁਕਮ ਦਿੱਤਾ ਅਤੇ ਨਾਲ ਹੀ ਆਪਣੀ ਮੌਤ ਦੇ ਵਰੰਟਾਂ 'ਤੇ ਵੀ ਹਸਤਾਖ਼ਰ ਕਰ ਦਿੱਤੇ। ਜੱਲਾਦ ਨੇ ਵਾਰੀ ਵਾਰੀ ਸਾਹਿਬਜ਼ਾਦਿਆਂ ਦੇ ਸਿਰ ਧੜ ਨਾਲੋਂ ਵੱਖ ਕਰ ਦਿੱਤੇ (ਅਤੇ ਨਾਲ ਹੀ ਮੁਗ਼ਲ ਹਕੂਮਤ ਦੀਆਂ ਜੜ੍ਹਾਂ 'ਤੇ ਵੀ ਦੋ ਡੂੰਘੇ ਟੱਕ ਮਾਰ ਦਿੱਤੇ)। ਪ੍ਰੋ. ਹਰਬੰਸ ਸਿੰਘ ਅਨੁਸਾਰ : "THEY WERE SLAIN IN THE ORDER OF THEIR AGES BY THE SWORD OF A GHILZAI EXECUTIONER." ਸਿੱਖ ਪੰਥ ਦੇ ਬਹੁ-ਸੰਮਤੀ ਵਿਦਵਾਨ ਤੇ ਇਤਿਹਾਸਕਾਰ, ਜਿਨ੍ਹਾਂ ਵਿਚ ਭਾਈ ਰਤਨ ਸਿੰਘ ਭੰਗੂ, ਭਾਈ ਸੰਤੋਖ ਸਿੰਘ ਤੇ ਭਾਈ ਸੁੱਖਾ ਸਿੰਘ ਮੁੱਖ ਤੌਰ 'ਤੇ ਸ਼ਾਮਲ ਹਨ, ਉਪਰੋਕਤ ਤੱਥ ਦੀ ਪੁਸ਼ਟੀ ਕਰਦੇ ਹਨ।

ਮਾਤਾ ਗੁਜਰੀ ਬਿਰਧ ਅਵਸਥਾ ਕਾਰਨ ਇਹ ਸਦਮਾ ਨਾ ਸਹਾਰਦੇ ਹੋਏ ਬੇਹੋਸ਼ ਹੋ ਗਏ ਅਤੇ ਮੁੜ ਹੋਸ਼ ਵਿਚ ਨਾ ਆਏ। ਦੀਵਾਨ ਟੋਡਰ ਮੱਲ ਨੇ ਇਨ੍ਹਾਂ ਤਿੰਨਾਂ ਸ਼ਹੀਦਾਂ ਦੀਆਂ ਦੇਹਾਂ ਦਾ ਅੰਤਮ ਸਸਕਾਰ ਕਰਨ ਦਾ ਪ੍ਰਬੰਧ ਕੀਤਾ।

ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਵਸ ਹਰ ਸਾਲ 11, 12 ਤੇ 13 ਪੋਹ ਨੂੰ ਮਨਾਇਆ ਜਾਂਦਾ ਹੈ। ਪਰ ਕੁਝ ਇਕ ਪੁਰਾਤਨ ਲਿਖਤਾਂ, ਜਿਨ੍ਹਾਂ ਵਿਚ ਗੁਲਾਬ ਸਿੰਘ ਰਚਿਤ ਗ੍ਰੰਥ -'ਗੁਰਪ੍ਰਣਾਲੀ' ਅਤੇ ਦੂਨਾ ਸਿੰਘ ਹੰਡੂਰੀਏ ਰਚਿਤ ਗ੍ਰੰਥ -'ਕਥਾ ਗੁਰੂ ਜੀ ਕੇ ਸੁਤਨ ਕੀ' ਮੁੱਖ ਤੌਰ 'ਤੇ ਸ਼ਾਮਲ ਹਨ, ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਮਿਤੀ 3 ਪੋਹ, 1762 ਬਿ. ਦਰਜ ਹੈ।

**ਨਵੇਂ ਇਤਿਹਾਸ ਦੀ ਸਿਰਜਣਾ :** ਇਹ ਸਾਕਾ ਸਰਹਿੰਦ ਦਾ ਹੀ ਪ੍ਰਤੀਕਰਮ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ, ਆਪਣੇ ਸ਼ਾਂਤੀ ਮੱਠ ਨੂੰ ਅਲਵਿਦਾ ਆਖ, ਦੋਸ਼ੀ ਨੂੰ ਉਸ ਦੇ ਪਾਪ ਦੀ ਸਜ਼ਾ ਦੇਣ ਅਤੇ ਸਿਤਮਾਂ ਦੀ ਨਗਰੀ ਦੀ 'ਇੱਟ ਨਾਲ ਇੱਟ ਖੜਕਾਉਣ' ਲਈ ਪੰਜਾਬ ਦੇ ਇਤਿਹਾਸਕ ਰੰਗ-ਮੰਚ 'ਤੇ ਇਕ ਨਾਇਕ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਇਆ। 38 ਸਾਲਾ ਬੰਦਾ ਬਹਾਦਰ ਨੇ ਜਿੱਤਾਂ ਦੇ ਇਕ ਲਮੇਂ ਸਿਲਸਿਲੇ ਤੋਂ ਬਾਅਦ ਆਪਣੇ ਮੁੱਖ ਨਿਸ਼ਾਨੇ-ਸਰਹਿੰਦ ਵੱਲ ਵਾਗਾਂ ਮੋੜੀਆਂ। 12 ਮਈ, 1710 ਨੂੰ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਚੱਪੜਚਿੜੀ ਦੇ ਮੈਦਾਨ ਵਿਚ ਇਕ ਫ਼ੈਸਲਾਕੁੰਨ ਯੁੱਧ ਹੋਇਆ। ਇਸ ਯੁੱਧ ਵਿਚ ਸੂਬੇਦਾਰ ਵਜ਼ੀਰ ਖ਼ਾਂ ਮਾਰਿਆ ਗਿਆ। 14 ਮਈ, 1710 ਨੂੰ ਸਿੱਖ ਜੇਤੂਆਂ ਦੀ ਸ਼ਕਲ ਵਿਚ ਸਰਹਿੰਦ ਵਿਚ ਦਾਖ਼ਲ ਹੋਏ।

ਇਸ ਜਿੱਤ ਤੋਂ ਬਾਅਦ ਸਿੱਖਾਂ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਇਸੇ ਚੜ੍ਹਤ ਦੌਰਾਨ ਬੰਦਾ ਬਹਾਦਰ ਨੇ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕਰ ਦਿੱਤੀ ਅਤੇ ਗੁਰੂ ਸਾਹਿਬਾਨ ਦੇ ਨਾਂ 'ਤੇ ਸਿੱਕਾ ਜ਼ਾਰੀ ਕੀਤਾ। ਇਸ ਤਰ੍ਹਾਂ ਇਕ ਬਚੂੰਗੜੀ ਕੌਮ ਨੇ ਅਚਾਨਕ ਕੱਦ ਕੱਢਿਆ ਅਤੇ ਭਾਰਤ ਦੇ ਨਕਸ਼ੇ 'ਤੇ ਪਹਿਲੀ ਵੇਰ ਇਕ ਰਾਜਸੀ ਤਾਕਤ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਈ। ਸਰਹਿੰਦ ਦੀ 'ਖ਼ੂਨੀ ਦੀਵਾਰ' ਸਿੱਖ ਰਾਜ ਦਾ ਨੀਂਹ-ਪੱਥਰ ਸਾਬਤ ਹੋਈ। ਗੱਲ ਕੀ, ਇਹ ਸਾਕਾ ਸਰਹਿੰਦ ਦੇ ਤਿੱਖੇ ਪ੍ਰਤੀਕਰਮ ਵਜੋਂ ਹੀ ਸੰਭਵ ਹੋ ਸਕਿਆ ਕਿ ਸਿੱਖਾਂ ਨੇ ਸਦੀਆਂ ਦੀ ਗ਼ੁਲਾਮੀ ਤੋਂ ਬਾਅਦ ਮੁਗਲਾਂ 'ਤੇ ਫ਼ਤਿਹ ਹਾਸਲ ਕਰਕੇ ਗ਼ਜ਼ਨਵੀ, ਤੈਮੂਰ ਤੇ ਬਾਬਰ ਦੇ ਖ਼ਾਨਦਾਨਾਂ ਵਿਚੋਂ ਅਖਵਾਉਣ ਵਾਲਿਆਂ ਦੀ ਆਨ ਤੇ ਸ਼ਾਨ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ।

ਸੋ, ਸਾਕਾ ਸਰਹਿੰਦ ਸਾਡਾ ਗੌਰਵਮਈ ਵਿਰਸਾ ਹੈ। ਆਪਣੇ ਇਸ ਸ਼ਾਨਾਮੱਤੇ ਇਤਿਹਾਸ ਨੂੰ ਯਾਦ ਰੱਖਣਾ ਸਾਡਾ ਫ਼ਰਜ਼ ਬਣਦਾ ਹੈ। ਸ਼ਹੀਦ ਸੂਰਮੇ ਹਮੇਸ਼ਾਂ ਕਿਸੇ ਕੌਮ ਦਾ ਕੀਮਤੀ ਸਰਮਾਇਆ ਹੁੰਦੇ ਹਨ ਅਤੇ ਜ਼ਿੰਦਾ ਕੌਮਾਂ ਉਨ੍ਹਾਂ ਨੂੰ ਸਦਾ ਯਾਦ ਰੱਖਦੀਆਂ ਹਨ। ਉਂਝ ਵੀ "ਤੁਹਾਡੇ ਅੰਗ-ਸੰਗ ਤੁਹਾਡੇ ਸ਼ਹੀਦ, ਤੁਹਾਥੋਂ ਕੋਈ ਆਸ ਰੱਖਦੇ ਹਨ।"-ਪਾਸ਼

# ਚਪੜ ਚਿੜੀ ਦੇ ਜੰਗ ਦਾ ਅਲੌਕਿਕ ਇਤਿਹਾਸ

*ਨਰਿੰਜਨ ਸਿੰਘ ਸਾਥੀ*

ਸੰਨ 1710 ਦੇ ਅਪ੍ਰੈਲ-ਮਈ ਦੇ ਦਿਨ ਸਨ। ਬਨੂੜ ਨੇੜੇ ਪਿੰਡ ਛੜਬੜ ਦੀ ਚੋਈ ਕਿਨਾਰੇ ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਡੇਰਾ ਲਾਈ ਬੈਠੀ ਸੀ। ਮਾਝੇ-ਦੁਆਬੇ ਦੇ ਸਿੰਘ ਵੀ ਇਥੇ ਆ ਕੇ ਬੰਦਾ ਸਿੰਘ ਦੀ ਫੌਜ ਵਿਚ ਸ਼ਾਮਿਲ ਹੋ ਗਏ ਸਨ। ਪਿਛਲੇ ਸਮੇਂ ਵਿਚ ਹੋਈਆਂ ਜਿੱਤਾਂ ਕਾਰਨ ਸਿੰਘ ਬਹੁਤ ਚੜ੍ਹਦੀ ਕਲਾ ਵਿਚ ਸਨ। ਹੁਣ ਤਾਂ ਬੱਸ, ਦਿਨੇ-ਰਾਤ ਸਿੰਘਾਂ ਨੂੰ ਸਰਹਿੰਦ ਦੇ ਸੁਪਨੇ ਹੀ ਆਉਂਦੇ ਸਨ। ਕਿਹੜੀ ਘੜੀ ਆਵੇ ਕਿ ਗੁਰੂ-ਮਾਰੀ ਸਰਹਿੰਦ ਦੀ ਇੱਟ ਨਾਲ ਇੱਟ ਵਜਾ ਦੇਈਏ। ਬੰਦਾ ਸਿੰਘ ਬਹਾਦਰ ਤੋਂ ਬਿਨਾਂ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ (ਖਡੂਰੀਏ), ਭਾਈ ਫਤਿਹ ਸਿੰਘ (ਸਿੱਧੂ), ਭਾਈ ਕਰਮ ਸਿੰਘ, ਧਰਮ ਸਿੰਘ (ਭਾਈ ਰੂਪੇ ਕੇ), ਭਾਈ ਆਲੀ ਸਿੰਘ, ਮਾਲੀ ਸਿੰਘ (ਸਲੌਦੀ ਵਾਲੇ) ਅਤੇ ਭਾਈ ਬਾਜ ਸਿੰਘ ਤੇ ਭਾਈ ਰਾਮ ਸਿੰਘ (ਮੀਰਪੁਰ ਪੱਟੀ ਜ਼ਿਲ੍ਹਾ ਅੰਮ੍ਰਿਤਸਰ) ਸਿੰਘਾਂ ਦੇ ਜਰਨੈਲ ਸਨ। ਮੁਸਲਮਾਨ ਇਤਿਹਾਸਕਾਰਾਂ ਅਨੁਸਾਰ ਇਸ ਸਮੇਂ ਸਿੰਘਾਂ ਦੀ ਗਿਣਤੀ ਚਾਲੀ ਜਾਂ ਸੱਤਰ ਹਜ਼ਾਰ ਸੀ ਪਰ ਡਾ: ਗੰਡਾ ਸਿੰਘ ਦਾ ਵਿਚਾਰ ਹੈ ਕਿ ਮੁਸਲਿਮ ਲਿਖਾਰੀਆਂ ਨੇ ਵਜ਼ੀਰ ਖਾਨ ਦੀ ਪੰਦਰਾਂ-ਵੀਹ ਹਜ਼ਾਰ ਫੌਜ ਦੇ ਮੁਕਾਬਲੇ ਵਿਚ ਸਿੰਘਾਂ ਦੀ ਗਿਣਤੀ ਜਾਣ-ਬੁੱਝ ਕੇ ਵਧਾ ਕੇ ਲਿਖੀ ਹੈ।

ਸੂਬੇਦਾਰ ਵਜ਼ੀਰ ਖਾਨ ਨੂੰ ਪਤਾ ਲੱਗ ਗਿਆ ਸੀ ਕਿ ਸਿੰਘਾਂ ਦਾ ਹੜ੍ਹ ਸਰਹਿੰਦ ਵੱਲ ਆ ਰਿਹਾ ਹੈ। ਕੁਝ ਇਤਿਹਾਸਕਾਰਾਂ ਨੇ ਇਸ ਸਮੇਂ ਵਜ਼ੀਰ ਖਾਨ ਦੀ ਉਮਰ 80 ਸਾਲ ਲਿਖੀ ਹੈ ਪਰ ਉਸ ਦੇ ਦਿਲ ਵਿਚ ਗੁਰੂ ਗੋਬਿੰਦ ਸਿੰਘ ਨਾਲ ਵੈਰ ਤੇ ਦਗ਼ਾ ਕਮਾਉਣ ਦੀ ਅੱਗ ਅਜੇ ਤੱਕ ਮੱਠੀ ਨਹੀਂ ਸੀ ਹੋਈ। ਉਸ ਨੂੰ ਆਪਣੀ ਤਾਕਤ ਉੱਤੇ ਬਹੁਤ ਮਾਣ ਸੀ। ਸਿੰਘਾਂ ਦੇ ਦਲ ਨੂੰ ਉਹ ਕੀੜੇ-ਮਕੌੜੇ ਹੀ ਸਮਝਦਾ ਸੀ। ਉਸ ਦੀ ਫੌਜ ਵਿਚ ਪੰਦਰਾਂ ਤੋਂ ਵੀਹ ਹਜ਼ਾਰ ਤੱਕ ਬੰਦੂਕਚੀ, ਤੀਰਅੰਦਾਜ਼ ਤੇ ਘੋੜਸਵਾਰ ਸ਼ਾਮਿਲ ਸਨ। ਉਸ ਕੋਲ ਭਾਰੀ ਤੋਪਖਾਨਾ ਤੇ ਜੰਗੀ ਹਾਥੀ ਸਨ। ਇਸਲਾਮ ਦੀ ਦੁਹਾਈ ਪਾ ਕੇ ਕਈ ਹਜ਼ਾਰ 'ਗਾਜ਼ੀ' ਵੀ ਇਕੱਠੇ ਕੀਤੇ ਹੋਏ ਸਨ। ਉਹ ਸਰਹਿੰਦ ਸ਼ਹਿਰ ਨੂੰ ਤਬਾਹੀ ਤੋਂ ਬਚਾਉਣਾ ਚਾਹੁੰਦਾ ਸੀ, ਇਸ ਲਈ ਆਪਣੇ ਲਾਉ-ਲਸ਼ਕਰ ਨੂੰ ਨਾਲ ਲੈ ਕੇ ਉਹ ਸਰਹਿੰਦ ਦੇ ਉੱਤਰ-ਪੂਰਬ ਵਿਚ ਤਕਰੀਬਨ ਤੀਹ ਕਿਲੋਮੀਟਰ ਦੇ ਫਾਸਲੇ 'ਤੇ, ਖਰੜ ਤੋਂ 5 ਕਿਲੋਮੀਟਰ ਦੂਰ, ਚਪੜਚਿੜੀ

ਨਾਂਅ ਦੇ ਦੋ ਪਿੰਡਾਂ ਦੇ ਵਿਚਾਲੇ ਖੁੱਲ੍ਹੇ ਮੈਦਾਨ ਵਿਚ ਆ ਡਟਿਆ। ਰਣਭੂਮੀ ਵਿਚ ਉਸ ਨੇ ਸਭ ਤੋਂ ਅੱਗੇ ਤੋਪਾਂ ਦੀ ਕਤਾਰ ਬੀੜ ਦਿੱਤੀ। ਤੋਪਾਂ ਦੇ ਪਿੱਛੇ ਦਿਉ-ਕੱਦ ਹਾਥੀ ਖੜ੍ਹੇ ਕੀਤੇ, ਜਿਨ੍ਹਾਂ ਉੱਤੇ ਬੰਦੂਕਚੀ ਤੇ ਤੀਰਅੰਦਾਜ਼ ਬੈਠੇ ਸਨ। ਹਾਥੀਆਂ ਦੇ ਪਿੱਛੇ ਵਜ਼ੀਰ ਖਾਨ ਦੀ ਘੋੜਸਵਾਰ ਤੇ ਪਿਆਦਾ ਫੌਜ ਖੜ੍ਹੀ ਸੀ। ਸੱਜੇ ਪਾਸੇ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਨ ਆਪਣੀ ਫੌਜ ਦੇ ਅੱਗੇ ਤਾਇਨਾਤ ਸੀ। ਖੱਬੇ ਪਾਸੇ ਇਕ ਹੋਰ ਸ਼ੇਰ ਖਾਨ ਅਤੇ ਵਜ਼ੀਰ ਖਾਨ ਦਾ ਦੀਵਾਨ (ਪੇਸ਼ਕਾਰ) ਸੁੱਚਾ ਨੰਦ ਖੜ੍ਹੇ ਸਨ। ਮੈਦਾਨ-ਇ-ਜੰਗ ਦਾ ਵਿਚਕਾਰਲਾ ਹਿੱਸਾ ਵਜ਼ੀਰ ਖਾਨ ਨੇ ਆਪਣੇ ਲਈ ਚੁਣਿਆ ਸੀ। ਇਕ ਤੇਜ਼-ਤਰਾਰ ਘੋੜੇ 'ਤੇ ਸਵਾਰ ਉਹ ਆਪਣੀ ਫੌਜ ਦੀ ਕਮਾਨ ਕਰ ਰਿਹਾ ਸੀ।

ਬੰਦਾ ਸਿੰਘ ਬਹਾਦਰ ਵੀ ਛਤਬੜ (ਬਨੂੜ) ਤੋਂ 15 ਕਿਲੋਮੀਟਰ ਚੱਲ ਕੇ ਚਪੜਚਿੜੀ ਦੇ ਮੈਦਾਨ ਵਿਚ ਪਹੁੰਚ ਗਿਆ। ਚਪੜਚਿੜੀ ਦੀ ਜੂਹ ਨਾਲ ਪਟਿਆਲਾ ਰੌਅ (ਨਦੀ) ਵਗਦੀ ਹੈ। ਨਦੀ ਦੇ ਕਿਨਾਰੇ 40-40 ਫੁੱਟ ਉੱਚੇ ਟਿੱਬਿਆਂ ਉੱਤੇ ਜੰਗਲ ਉੱਗਿਆ ਹੋਇਆ ਸੀ। ਬੰਦਾ ਸਿੰਘ ਨੇ ਰਣਭੂਮੀ ਦਾ ਇਕ ਪਾਸਾ ਭਾਈ ਫਤਿਹ ਸਿੰਘ, ਕਰਮ ਸਿੰਘ, ਧਰਮ ਸਿੰਘ ਤੇ ਆਲੀ ਸਿੰਘ ਆਦਿ ਮਲਵਈ ਸਿੰਘਾਂ ਦੇ ਹਵਾਲੇ ਕਰ ਦਿੱਤਾ ਅਤੇ ਦੂਜੇ ਪਾਸੇ ਬਾਬਾ ਬਿਨੋਦ ਸਿੰਘ, ਭਾਈ ਬਾਜ ਸਿੰਘ, ਭਾਈ ਰਾਮ ਸਿੰਘ ਅਤੇ ਸ਼ਾਮ ਸਿੰਘ ਆਦਿ ਦੀ ਸਰਦਾਰੀ ਵਿਚ ਮਝੈਲ ਸਿੰਘ ਖੜ੍ਹੇ ਕਰ ਦਿੱਤੇ। ਵਿਚਕਾਰਲੇ ਹਿੱਸੇ ਵਿਚ ਬਾਬਾ ਖ਼ੇਮ ਸਿੰਘ ਨੂੰ ਤਾਇਨਾਤ ਕੀਤਾ। ਜੰਗ ਦੀ ਕਮਾਨ ਕਰਨ ਲਈ ਬੰਦਾ ਸਿੰਘ ਬਹਾਦਰ ਆਪ ਇਕ ਉੱਚੇ ਟਿੱਬੇ 'ਤੇ ਬੈਠ ਗਿਆ। ਸਿੰਘਾਂ ਦੀ ਫੌਜ ਟਿੱਬਿਆਂ ਵੱਲ ਉੱਚੇ ਥਾਂ ਸੀ ਅਤੇ ਵਜ਼ੀਰ ਖਾਨ ਦੀ ਫੌਜ ਕੁਝ ਨੀਵੇਂ ਥਾਂ ਖੁੱਲ੍ਹੇ ਮੈਦਾਨ ਵਿਚ ਸੀ।

ਸਾਨੂੰ ਚਪੜਚਿੜੀ ਦਾ ਮੈਦਾਨ ਦੇਖਣ ਦਾ ਬੜਾ ਚਾਅ ਸੀ। ਇਸ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਸੂਬੇਦਾਰ ਵਜ਼ੀਰ ਖਾਨ ਨੂੰ ਮਾਰ ਕੇ, ਉਸ ਨੂੰ ਗੁਰੂ ਗੋਬਿੰਦ ਸਿੰਘ ਨਾਲ ਦਗ਼ਾ ਕਰਨ ਅਤੇ ਨਿਰਦੋਸ਼ ਛੋਟੇ ਸਾਹਿਬਜ਼ਾਦਿਆਂ ਨੂੰ ਬੇਰਹਿਮੀ ਨਾਲ ਸ਼ਹੀਦ ਕਰਨ ਦੀ ਸਜ਼ਾ ਦਿੱਤੀ ਸੀ। ਇਸੇ ਮੈਦਾਨ ਵਿਚ ਸਰਹਿੰਦੀ ਫੌਜ ਨੂੰ ਹਰਾ ਕੇ ਸਿੱਖ ਰਾਜ ਦੀ ਨੀਂਹ ਰੱਖੀ ਗਈ ਸੀ। ਅਸੀਂ 28 ਅਗਸਤ, 2005 ਨੂੰ ਪਿੰਡ ਚਪੜਚਿੜੀ ਦੇਖਣ ਗਏ। ਕੁਰਾਲੀ ਅਤੇ ਖਰੜ ਵਿਚ ਰੋਜ਼ਾਨਾ 'ਅਜੀਤ' ਦੇ ਪੱਤਰਕਾਰ ਸ: ਅਮਰੀਕ ਸਿੰਘ ਭਾਗੋਵਾਲੀਆ ਅਤੇ ਸ: ਗੁਰਮੁਖ ਸਿੰਘ ਮਾਨ ਇਸ ਲੇਖਕ ਦੇ ਨਾਲ ਸਨ। ਚਪੜਚਿੜੀ ਨਾਂਅ ਦੇ ਦੋ ਪਿੰਡ ਹਨ : ਚਪੜਚਿੜੀ ਖੁਰਦ ਅਤੇ ਚਪੜਚਿੜੀ ਕਲਾਂ। ਚਪੜਚਿੜੀ ਖੁਰਦ ਦੇ ਸ: ਜ਼ੋਰਾ ਸਿੰਘ ਭੁੱਲਰ ਨੇ ਸਾਨੂੰ ਚਪੜਚਿੜੀ ਦਾ ਸਾਰਾ ਮੈਦਾਨ ਘੁੰਮ-ਫਿਰ ਕੇ ਦਿਖਾਇਆ। ਦੋਵਾਂ ਪਿੰਡਾਂ ਵਿਚ ਅੱਧੇ ਕਿਲੋਮੀਟਰ ਦਾ ਫ਼ਾਸਲਾ ਹੈ। ਉਸ ਸਮੇਂ ਚਪੜਚਿੜੀ ਖੁਰਦ ਦਾ 635 ਏਕੜ ਰਕਬਾ ਕੱਲਰ ਹੋਣ ਕਰਕੇ ਬੰਜਰ ਪਿਆ ਸੀ। ਇਸੇ ਮੈਦਾਨ ਵਿਚ ਮੁਗਲਾਂ ਅਤੇ ਸਿੰਘਾਂ ਦਾ ਟਾਕਰਾ ਹੋਇਆ।

ਮੈਦਾਨ-ਇ-ਜੰਗ ਵਿਚ ਕੁਝ ਜ਼ਮੀਨ ਚਪੜਚਿੜੀ ਕਲਾਂ ਦੀ ਵੀ ਸੀ। ਸਾਰੇ ਮੈਦਾਨ ਵਿਚ ਮਲ੍ਹੇ-ਝਾੜੀਆਂ ਉੱਗੇ ਹੋਏ ਸਨ। ਅੱਜਕਲ੍ਹ ਇਸ ਮੈਦਾਨ ਦਾ ਕਾਫ਼ੀ ਹਿੱਸਾ ਆਬਾਦ ਹੋ ਗਿਆ ਹੈ ਪਰ ਅਜੇ ਵੀ ਡੇਢ-ਦੋ ਸੌ ਏਕੜ ਜ਼ਮੀਨ ਉਸੇ ਤਰ੍ਹਾਂ ਬੰਜਰ ਪਈ ਹੈ, ਜਿਸ ਵਿਚ ਕੇਵਲ ਕਿੱਕਰਾਂ ਅਤੇ ਝਾੜੀਆਂ ਹੀ ਦਿਖਾਈ ਦਿੰਦੀਆਂ ਹਨ। ਹੁਣ ਇਸ ਇਲਾਕੇ ਦੇ ਬਹੁਤ ਸਾਰੇ ਪਿੰਡ ਚੰਡੀਗੜ੍ਹ ਦੀ ਮਾਸਟਰ-ਪਲਾਨ ਵਿਚ ਆ ਗਏ ਹਨ। ਚੰਡੀਗੜ੍ਹ ਇਥੋਂ ਸਿਰਫ 15 ਕਿਲੋਮੀਟਰ ਦੂਰ ਹੈ। ਛੇਤੀ ਹੀ ਚਪੜਚਿੜੀ ਦਾ ਇਹ ਮੈਦਾਨ ਚੰਡੀਗੜ੍ਹ ਦੇ ਸੈਕਟਰ ਨੰ: 92 ਵਿਚ ਤਬਦੀਲ ਹੋ ਜਾਵੇਗਾ। ਫਿਰ ਸਾਨੂੰ ਚਪੜਚਿੜੀ ਦੇ ਅਸਲ ਮੈਦਾਨ-ਇ-ਜੰਗ ਦੇ ਦਰਸ਼ਨ ਨਹੀਂ ਹੋਣਗੇ।

ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸ ਨੂੰ ਚਪੜਚਿੜੀ ਤੱਕ ਲਿਆਉਣ ਦਾ ਸਾਡਾ ਮਕਸਦ ਉਸ ਵਜ਼ੀਰ ਖਾਨ ਦਾ ਅੰਤ ਦਿਖਾਉਣਾ ਹੈ, ਜਿਸ ਨੇ ਪਵਿੱਤਰ ਕੁਰਾਨ ਦੀਆਂ ਕਸਮਾਂ ਖਾ ਕੇ ਦਸਮ ਪਾਤਸ਼ਾਹ ਨਾਲ ਧੋਖਾ ਕੀਤਾ ਸੀ। ਚਪੜਚਿੜੀ ਦੇ ਮੈਦਾਨ ਵਿਚ ਸੂਬੇਦਾਰ ਵਜ਼ੀਰ ਖਾਨ ਦਾ ਅੰਤ ਕਿਵੇਂ ਹੋਇਆ?

ਚਪੜਚਿੜੀ ਦੇ ਮੈਦਾਨ ਵਿਚ ਦੋਵੇਂ ਫੌਜਾਂ ਆਹਮੋ-ਸਾਹਮਣੇ ਖੜ੍ਹੀਆਂ ਸਨ। ਵਜ਼ੀਰ ਖਾਨ ਦੀ ਫੌਜ ਮੈਦਾਨ ਦੇ ਨੀਵੇਂ ਪਾਸੇ ਖੜ੍ਹੀ ਸੀ ਅਤੇ ਬੰਦਾ ਸਿੰਘ ਬਹਾਦਰ ਦੀ ਫੌਜ ਟਿੱਬਿਆਂ ਵਾਲੇ ਪਾਸੇ ਉੱਚੇ ਥਾਂ ਸੀ। ਵਜ਼ੀਰ ਖਾਨ ਨੇ ਸੌਖਿਆਂ ਹੀ ਜੰਗ ਜਿੱਤਣ ਲਈ ਇਕ ਹੋਰ ਘਟੀਆ ਚਾਲ ਚੱਲੀ। ਉਸ ਨੇ ਆਪਣੇ ਪੇਸ਼ਕਾਰ ਸੁੱਚਾ ਨੰਦ ਦੇ ਭਤੀਜੇ ਦੀ ਅਗਵਾਈ ਵਿਚ ਲਗਭਗ ਇਕ ਹਜ਼ਾਰ ਬੰਦਾ, ਬੰਦਾ ਸਿੰਘ ਬਹਾਦਰ ਕੋਲ ਭੇਜ ਦਿੱਤਾ। ਉਨ੍ਹਾਂ ਕਿਹਾ, "ਸਿੰਘ ਸਾਹਿਬ ਜੀ, ਅਸੀਂ ਮੁਗਲਾਂ ਤੋਂ ਬਹੁਤ ਦੁਖੀ ਹਾਂ। ਉਨ੍ਹਾਂ ਦੇ ਜ਼ੁਲਮਾਂ ਦਾ ਬਦਲਾ ਲੈਣ ਲਈ ਅਸੀਂ ਤੁਹਾਡੀ ਸ਼ਰਨ ਆਏ ਹਾਂ।" ਬੰਦਾ ਸਿੰਘ ਨੇ ਉਨ੍ਹਾਂ ਨੂੰ ਆਪਣੀ ਫੌਜ ਵਿਚ ਰੱਖ ਤਾਂ ਲਿਆ ਪਰ ਸਿੰਘਾਂ ਨੂੰ ਉਨ੍ਹਾਂ ਉੱਤੇ ਨਿਗਰਾਨੀ ਰੱਖਣ ਦਾ ਆਦੇਸ਼ ਵੀ ਦੇ ਦਿੱਤਾ। ਇਨ੍ਹਾਂ ਨਕਲੀ ਭਗੌੜਿਆਂ ਨੂੰ ਵਜ਼ੀਰ ਖਾਨ ਦੀ ਪਹਿਲੀ ਹਦਾਇਤ, ਬੰਦੇ ਨੂੰ ਪਾਰ ਬੁਲਾਉਣ ਦੀ ਸੀ। ਦੂਜੀ ਹਦਾਇਤ ਸੀ ਜੰਗ ਵਿਚੋਂ ਅਚਾਨਕ ਭੱਜ ਪੈਣ ਦੀ। ਉਨ੍ਹਾਂ ਦੀ ਦੇਖਾ-ਦੇਖੀ ਸਿੱਖ ਵੀ ਦੌੜ ਪੈਣਗੇ ਤਾਂ ਮੁਗਲਾਂ ਦੀ ਜਿੱਤ ਹੋ ਜਾਵੇਗੀ।

ਇਹ 12 ਮਈ, 1710 ਦਾ ਦਿਨ ਸੀ। ਵਜ਼ੀਰ ਖਾਨ ਦੀਆਂ ਤੋਪਾਂ ਦੇ ਗੋਲਿਆਂ ਨਾਲ ਜੰਗ ਦਾ ਆਗਾਜ਼ ਹੋਇਆ। ਸਾਰਾ ਮੈਦਾਨ ਗਰਦ-ਗੁਬਾਰ ਨਾਲ ਭਰ ਗਿਆ। ਤੋਪਾਂ ਦੇ ਪਿੱਛੇ ਖੜ੍ਹੇ ਵਜ਼ੀਰ ਖਾਨ ਦੇ ਹਾਥੀ ਵੀ ਚਿੰਘਾੜ ਰਹੇ ਸਨ। ਤੋਪਾਂ ਦੀ ਗੜਗੱਜ ਨੇ ਸਿੱਖਾਂ ਦੇ ਪੈਰ ਹਿਲਾ ਦਿੱਤੇ। ਜੰਗ ਦੇ ਪਹਿਲੇ ਹੱਲੇ ਵਿਚ ਹੀ ਸੁੱਚਾ ਨੰਦ ਦੇ ਭਤੀਜੇ ਦੀ ਫੌਜ ਭੱਜ ਉੱਠੀ। ਸਿੱਖ ਫੌਜ ਵਿਚ ਲੁੱਟ ਦੇ ਸ਼ੌਕ ਨਾਲ ਸ਼ਾਮਿਲ ਹੋਏ ਕੁਝ ਲੁਟੇਰੇ ਵੀ ਨੱਸ ਪਏ। ਮੈਦਾਨ ਦਾ ਇਕ ਪਾਸਾ ਖਾਲੀ ਹੁੰਦਾ ਦੇਖ ਕੇ ਬਾਜ਼ ਸਿੰਘ ਘੋੜਾ ਦੌੜਾ ਕੇ ਬੰਦਾ ਸਿੰਘ ਕੋਲ ਪਹੁੰਚਾ। ਬੰਦਾ ਸਿੰਘ ਬਹਾਦਰ ਉਸੇ ਵੇਲੇ ਘੋੜੇ 'ਤੇ ਸਵਾਰ ਹੋ ਕੇ ਜੰਗ ਦੇ ਮੈਦਾਨ ਵਿਚ ਆ ਗਿਆ। ਸਿੱਖ ਫੌਜ ਦੇ ਹੌਸਲੇ

ਵਧ ਗਏ। ਉਹ 'ਅਕਾਲ ਅਕਾਲ' ਦੇ ਜੈਕਾਰੇ ਬੁਲਾਉਂਦੇ, ਤੋਪਾਂ ਦੀ ਕਤਾਰ ਨੂੰ ਚੀਰ ਕੇ ਵਜ਼ੀਰ ਖਾਨ ਦੇ ਹਾਥੀਆਂ ਉੱਤੇ ਟੁੱਟ ਪਏ। ਦੋ ਹਾਥੀ ਥਾਂ ਮਾਰ ਦਿੱਤੇ ਅਤੇ ਬਾਕੀ ਦੇ ਪਿੱਛੇ ਨੂੰ ਦੌੜ ਪਏ। ਮੁਗਲ ਫੌਜ ਵਿਚ ਹਫੜਾ-ਦਫੜੀ ਮਚ ਗਈ। ਵਜ਼ੀਰ ਖਾਨ ਨੇ ਗਾਜ਼ੀਆਂ ਨੂੰ ਬਥੇਰਾ ਲਲਕਾਰਿਆ ਪਰ ਮੌਤ ਸਾਹਵੇਂ ਭਾੜੇ ਦੀ ਫੌਜ ਕਿਥੇ ਟਿਕਦੀ ਸੀ। ਇਸ ਹੱਲੇ-ਗੁੱਲੇ ਵਿਚ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਨ ਅਤੇ ਖੁਆਜ਼ਾ ਅਲੀ ਮਾਰੇ ਗਏ। 'ਅਹਿਵਾਲਿ ਸਲਾਤੀਨਿ-ਹਿੰਦ' ਦਾ ਕਰਤਾ ਲਿਖਦਾ ਹੈ-

ਆਖਰ ਮੁਸਲਮਾਨਾਂ ਦੀ ਸਾਰੀ ਫੌਜ ਮਾਰੀ ਗਈ ਅਤੇ ਵਜ਼ੀਰ ਖਾਨ ਇਕੱਲਾ ਹੀ ਰਹਿ ਗਿਆ। ਉਸ ਨੇ ਬਾਜ਼ ਸਿੰਘ ਦੇ ਰੂਬਰੂ ਹੋ ਕੇ ਉਸ ਨੂੰ ਲਲਕਾਰਿਆ ਅਤੇ ਨੇਜ਼ਾ ਹੱਥ ਲੈ ਕੇ ਉਸ ਨੂੰ ਮਾਰਿਆ। ਬਾਜ਼ ਸਿੰਘ ਨੇ ਨੇਜ਼ਾ ਵਜ਼ੀਰ ਖਾਨ ਦੇ ਹੱਥੋਂ ਖੋਹ ਲਿਆ ਅਤੇ ਉਸ ਦੇ ਘੋੜੇ ਦੇ ਸਿਰ ਵਿਚ ਮਾਰ ਕੇ ਉਸ ਨੂੰ ਜ਼ਖਮੀ ਕਰ ਦਿੱਤਾ। ਕੁਝ ਚਿਰ ਪਿੱਛੋਂ ਵਜ਼ੀਰ ਖਾਨ ਨੇ ਇਕ ਤੀਰ ਆਪਣੇ ਭੱਥੇ ਵਿਚੋਂ ਕੱਢ ਕੇ ਬਾਜ਼ ਸਿੰਘ ਦੀ ਬਾਂਹ ਉੱਤੇ ਮਾਰਿਆ ਅਤੇ ਤਲਵਾਰ ਸੂਤ ਕੇ ਉਸ ਵੱਲ ਵਧਿਆ ਕਿ ਉਸ ਨੂੰ ਮਾਰ ਮੁਕਾਏ। ਇਸ ਵੇਲੇ ਫਤਿਹ ਸਿੰਘ ਨੇ ਜੋ ਪਿਛਲੇ ਪਾਸੇ ਖੜੋਤਾ ਸੀ, ਆਪਣੀ ਕਿਰਪਾਨ ਮਿਆਨ 'ਚੋਂ ਧੂਹ ਕੇ ਏਨੀ ਬਹਾਦਰੀ ਅਤੇ ਜ਼ੋਰ ਨਾਲ ਵਜ਼ੀਰ ਖਾਨ ਦੀ ਪੇਟੀ ਉੱਤੇ ਮਾਰੀ ਕਿ ਉਹ ਮੋਢੇ ਤੋਂ ਲੈ ਕੇ ਕਮਰ ਤੱਕ ਚੀਰਦੀ ਸਾਫ਼ ਨਿਕਲ ਗਈ। ਨਵਾਬ ਦਾ ਸਿਰ ਭੋਇੰ 'ਤੇ ਜਾ ਡਿਗਿਆ।'

ਮੀਰ ਮੁਹੰਮਦ ਅਹਿਸਾਨ ਈਜਾਦ (ਫਰਖ਼ਸੀਅਰ-ਨਾਮਾ : ਸ਼ਾਹਨਾਮਾ) ਅਤੇ ਕੁਝ ਹੋਰ ਪੁਰਾਤਨ ਲੇਖਕ ਵੀ ਵਜ਼ੀਰ ਖਾਨ ਦੀ ਮੌਤ ਇਸੇ ਤਰ੍ਹਾਂ ਭਾਈ ਬਾਜ਼ ਸਿੰਘ ਅਤੇ ਭਾਈ ਫ਼ਤਿਹ ਸਿੰਘ ਦੇ ਹੱਥੋਂ ਹੋਈ ਲਿਖਦੇ ਹਨ।

ਅਖਬਾਰਾਤ-ਇ-ਦਰਬਾਰ-ਇ-ਮੁਅੱਲਾ ਅਨੁਸਾਰ ਵਜ਼ੀਰ ਖਾਨ ਤੀਰਾਂ ਅਤੇ ਗੋਲੀਆਂ ਨਾਲ ਛਲਨੀ ਹੋ ਗਿਆ ਅਤੇ ਮਰ ਗਿਆ। ਉਸ ਦਾ ਪੁੱਤਰ ਅਤੇ ਜੁਆਈ ਵੀ ਮਾਰੇ ਗਏ। ਕਨ੍ਹਈਆ ਲਾਲ ਅਨੁਸਾਰ ਵਜ਼ੀਰ ਖਾਨ ਦੀ ਮੌਤ ਛਾਤੀ ਵਿਚ ਗੋਲੀ ਲੱਗਣ ਨਾਲ ਹੋਈ। ਮੈਕਾਲਿਫ ਲਿਖਦਾ ਹੈ ਕਿ ਇਕ ਮੁੱਠਭੇੜ ਵਿਚ ਬੰਦਾ ਸਿੰਘ ਬਹਾਦਰ ਨੇ ਵਜ਼ੀਰ ਖਾਨ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ।

ਸ: ਕਰਮ ਸਿੰਘ ਹਿਸਟੋਰੀਅਨ ਆਪਣੀ ਪੁਸਤਕ 'ਬੰਦਾ ਬਹਾਦਰ' ਵਿਚ ਲਿਖਦੇ ਹਨ, "ਅਚਨਚੇਤ ਹੀ ਵਜ਼ੀਰ ਖਾਂ ਨੂੰ ਤੀਰ ਜਾ ਲੱਗਾ ਅਤੇ ਉਹ ਦੜ ਕਰਦਾ ਘੋੜੇ ਉੱਤੋਂ ਥੱਲੇ ਜਾ ਡਿੱਗਾ। ... ਵਜ਼ੀਰ ਖਾਂ ਅਜੇ ਸਿਸਕਦਾ ਹੀ ਸੀ ਕਿ ਸਿੰਘਾਂ ਨੇ ਉਸ ਨੂੰ ਜਾ ਫੜਿਆ ਤੇ ਉਸੇ ਹਾਲਤ ਵਿਚ ਉਸ ਦੀਆਂ ਲੱਤਾਂ ਨੂੰ ਰੱਸਾ ਬੰਨ੍ਹ ਕੇ ਢੱਗਿਆਂ ਮਗਰ ਪਾ ਦਿੱਤਾ। ਫਿਰ ਟੰਗਵਾ ਦਿੱਤਾ ਤਾਂ ਕਿ ਇੱਲਾਂ ਅਤੇ ਕਾਂ ਇਸ ਦੇ ਮਾਸ ਨੂੰ ਖਾਣ ਅਤੇ ਇਹ ਹਾਲ ਦੇਖ ਕੇ ਲੋਕੀਂ ਕਰਤਾਰ ਦੇ ਕਹਿਰ ਤੋਂ ਡਰਨ ਕਿ ਜ਼ਾਲਮਾਂ ਦਾ ਅੰਤ ਕੈਸਾ ਹੁੰਦਾ ਹੈ।" (ਪੰਨਾ : 36)

ਵਿਲੀਅਮ ਇਰਵਿਨ ਲਿਖਦਾ ਹੈ ਕਿ ਵਜ਼ੀਰ ਖਾਨ ਗੋਲੀ ਲੱਗਣ ਨਾਲ

ਵਧ ਗਏ। ਉਹ 'ਅਕਾਲ ਅਕਾਲ' ਦੇ ਜੈਕਾਰੇ ਬੁਲਾਉਂਦੇ, ਤੋਪਾਂ ਦੀ ਕਤਾਰ ਨੂੰ ਚੀਰ ਕੇ ਵਜ਼ੀਰ ਖਾਨ ਦੇ ਹਾਥੀਆਂ ਉੱਤੇ ਟੁੱਟ ਪਏ। ਦੋ ਹਾਥੀ ਥਾਂ ਮਾਰ ਦਿੱਤੇ ਅਤੇ ਬਾਕੀ ਦੇ ਪਿੱਛੇ ਨੂੰ ਦੌੜ ਪਏ। ਮੁਗਲ ਫੌਜ ਵਿਚ ਹਫੜਾ-ਦਫੜੀ ਮਚ ਗਈ। ਵਜ਼ੀਰ ਖਾਨ ਨੇ ਗਾਜ਼ੀਆਂ ਨੂੰ ਬਥੇਰਾ ਲਲਕਾਰਿਆ ਪਰ ਮੌਤ ਸਾਹਵੇਂ ਭਾੜੇ ਦੀ ਫੌਜ ਕਿਥੇ ਟਿਕਦੀ ਸੀ। ਇਸ ਹੱਲੇ-ਗੁੱਲੇ ਵਿਚ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਨ ਅਤੇ ਖੁਆਜ਼ਾ ਅਲੀ ਮਾਰੇ ਗਏ। 'ਅਹਿਵਾਲਿ ਸਲਾਤੀਨਿ-ਹਿੰਦ' ਦਾ ਕਰਤਾ ਲਿਖਦਾ ਹੈ-

ਆਖਰ ਮੁਸਲਮਾਨਾਂ ਦੀ ਸਾਰੀ ਫੌਜ ਮਾਰੀ ਗਈ ਅਤੇ ਵਜ਼ੀਰ ਖਾਨ ਇਕੱਲਾ ਹੀ ਰਹਿ ਗਿਆ। ਉਸ ਨੇ ਬਾਜ਼ ਸਿੰਘ ਦੇ ਰੂਬਰੂ ਹੋ ਕੇ ਉਸ ਨੂੰ ਲਲਕਾਰਿਆ ਅਤੇ ਨੇਜ਼ਾ ਹੱਥ ਲੈ ਕੇ ਉਸ ਨੂੰ ਮਾਰਿਆ। ਬਾਜ਼ ਸਿੰਘ ਨੇ ਨੇਜ਼ਾ ਵਜ਼ੀਰ ਖਾਨ ਦੇ ਹੱਥੋਂ ਖੋਹ ਲਿਆ ਅਤੇ ਉਸ ਦੇ ਘੋੜੇ ਦੇ ਸਿਰ ਵਿਚ ਮਾਰ ਕੇ ਉਸ ਨੂੰ ਜ਼ਖਮੀ ਕਰ ਦਿੱਤਾ। ਕੁਝ ਚਿਰ ਪਿੱਛੋਂ ਵਜ਼ੀਰ ਖਾਨ ਨੇ ਇਕ ਤੀਰ ਆਪਣੇ ਭੱਥੇ ਵਿਚੋਂ ਕੱਢ ਕੇ ਬਾਜ਼ ਸਿੰਘ ਦੀ ਬਾਂਹ ਉੱਤੇ ਮਾਰਿਆ ਅਤੇ ਤਲਵਾਰ ਸੂਤ ਕੇ ਉਸ ਵੱਲ ਵਧਿਆ ਕਿ ਉਸ ਨੂੰ ਮਾਰ ਮੁਕਾਏ। ਇਸ ਵੇਲੇ ਫਤਿਹ ਸਿੰਘ ਨੇ ਜੋ ਪਿਛਲੇ ਪਾਸੇ ਖੜੋਤਾ ਸੀ, ਆਪਣੀ ਕਿਰਪਾਨ ਮਿਆਨ 'ਚੋਂ ਧੂਹ ਕੇ ਏਨੀ ਬਹਾਦਰੀ ਅਤੇ ਜ਼ੋਰ ਨਾਲ ਵਜ਼ੀਰ ਖਾਨ ਦੀ ਪੇਟੀ ਉੱਤੇ ਮਾਰੀ ਕਿ ਉਹ ਮੋਢੇ ਤੋਂ ਲੈ ਕੇ ਕਮਰ ਤੱਕ ਚੀਰਦੀ ਸਾਫ਼ ਨਿਕਲ ਗਈ। ਨਵਾਬ ਦਾ ਸਿਰ ਭੋਇੰ 'ਤੇ ਜਾ ਡਿਗਿਆ।'

ਮੀਰ ਮੁਹੰਮਦ ਅਹਿਸਾਨ ਈਜਾਦ (ਫਰਖ਼ਸੀਅਰ-ਨਾਮਾ : ਸ਼ਾਹਨਾਮਾ) ਅਤੇ ਕੁਝ ਹੋਰ ਪੁਰਾਤਨ ਲੇਖਕ ਵੀ ਵਜ਼ੀਰ ਖਾਨ ਦੀ ਮੌਤ ਇਸੇ ਤਰ੍ਹਾਂ ਭਾਈ ਬਾਜ਼ ਸਿੰਘ ਅਤੇ ਭਾਈ ਫ਼ਤਿਹ ਸਿੰਘ ਦੇ ਹੱਥੋਂ ਹੋਈ ਲਿਖਦੇ ਹਨ।

ਅਖਬਾਰਾਤ-ਇ-ਦਰਬਾਰ-ਇ-ਮੁਅੱਲਾ ਅਨੁਸਾਰ ਵਜ਼ੀਰ ਖਾਨ ਤੀਰਾਂ ਅਤੇ ਗੋਲੀਆਂ ਨਾਲ ਛਲਨੀ ਹੋ ਗਿਆ ਅਤੇ ਮਰ ਗਿਆ। ਉਸ ਦਾ ਪੁੱਤਰ ਅਤੇ ਜੁਆਈ ਵੀ ਮਾਰੇ ਗਏ। ਕਨ੍ਹਈਆ ਲਾਲ ਅਨੁਸਾਰ ਵਜ਼ੀਰ ਖਾਨ ਦੀ ਮੌਤ ਛਾਤੀ ਵਿਚ ਗੋਲੀ ਲੱਗਣ ਨਾਲ ਹੋਈ। ਮੈਕਾਲਿਫ ਲਿਖਦਾ ਹੈ ਕਿ ਇਕ ਮੁੱਠਭੇੜ ਵਿਚ ਬੰਦਾ ਸਿੰਘ ਬਹਾਦਰ ਨੇ ਵਜ਼ੀਰ ਖਾਨ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ।

ਸ: ਕਰਮ ਸਿੰਘ ਹਿਸਟੋਰੀਅਨ ਆਪਣੀ ਪੁਸਤਕ 'ਬੰਦਾ ਬਹਾਦਰ' ਵਿਚ ਲਿਖਦੇ ਹਨ, "ਅਚਨਚੇਤ ਹੀ ਵਜ਼ੀਰ ਖਾਂ ਨੂੰ ਤੀਰ ਜਾ ਲੱਗਾ ਅਤੇ ਉਹ ਦੜ ਕਰਦਾ ਘੋੜੇ ਉੱਤੋਂ ਥੱਲੇ ਜਾ ਡਿੱਗਾ। ... ਵਜ਼ੀਰ ਖਾਂ ਅਜੇ ਸਿਸਕਦਾ ਹੀ ਸੀ ਕਿ ਸਿੰਘਾਂ ਨੇ ਉਸ ਨੂੰ ਜਾ ਫੜਿਆ ਤੇ ਉਸੇ ਹਾਲਤ ਵਿਚ ਉਸ ਦੀਆਂ ਲੱਤਾਂ ਨੂੰ ਰੱਸਾ ਬੰਨ੍ਹ ਕੇ ਢੱਗਿਆਂ ਮਗਰ ਪਾ ਦਿੱਤਾ। ਫਿਰ ਟੰਗਵਾ ਦਿੱਤਾ ਤਾਂ ਕਿ ਇੱਲਾਂ ਅਤੇ ਕਾਂ ਇਸ ਦੇ ਮਾਸ ਨੂੰ ਖਾਣ ਅਤੇ ਇਹ ਹਾਲ ਦੇਖ ਕੇ ਲੋਕੀਂ ਕਰਤਾਰ ਦੇ ਕਹਿਰ ਤੋਂ ਡਰਨ ਕਿ ਜ਼ਾਲਮਾਂ ਦਾ ਅੰਤ ਕੈਸਾ ਹੁੰਦਾ ਹੈ।" (ਪੰਨਾ : 36)

ਵਿਲੀਅਮ ਇਰਵਿਨ ਲਿਖਦਾ ਹੈ ਕਿ ਵਜ਼ੀਰ ਖਾਨ ਗੋਲੀ ਲੱਗਣ ਨਾਲ

ਮਾਰਿਆ ਗਿਆ। ... ਉਸ ਦੀ ਲਾਸ਼ ਦੀ ਬੇਇੱਜ਼ਤੀ ਕੀਤੀ ਗਈ। ਆਖਰ ਉਸ ਦੀ ਦੇਹ ਨੂੰ ਇਕ ਦਰੱਖਤ ਉੱਤੇ ਟੰਗ ਦਿੱਤਾ ਗਿਆ। (The Later Mughals, ਪੰਨਾ : 96)

ਡਾ: ਬਖਸ਼ੀਸ਼ ਸਿੰਘ ਨਿੱਝਰ, ਮੁਹੰਮਦ ਲਤੀਫ ਦੇ ਹਵਾਲੇ ਨਾਲ ਲਿਖਦੇ ਹਨ ਕਿ ਸਿੱਖਾਂ ਦੀ ਵਜ਼ੀਰ ਖਾਨ ਨੂੰ ਮਾਰ ਕੇ ਤਸੱਲੀ ਨਹੀਂ ਹੋਈ। ਉਸ ਦੀ ਲਾਸ਼ ਇਕ ਦਰੱਖਤ ਉੱਤੇ ਟੰਗ ਦਿੱਤੀ ਗਈ ਤਾਂ ਜੋ ਉਸ ਦਾ ਮਾਸ ਗਿੱਦੜ, ਬਘਿਆੜ ਅਤੇ ਰਾਤ ਨੂੰ ਘੁੰਮਣ-ਫਿਰਨ ਵਾਲੇ ਹੋਰ ਜਾਨਵਰ ਖਾ ਜਾਣ। ਇਕ ਹੋਰ ਹਵਾਲੇ ਅਨੁਸਾਰ ਉਸ ਦੀ ਲਾਸ਼ ਨੂੰ ਬਲਦਾਂ ਮਗਰ ਬੰਨ੍ਹ ਕੇ ਘੜੀਸਿਆ ਗਿਆ ਤੇ ਆਖਰ ਅੱਗ ਲਾ ਦਿੱਤੀ ਗਈ। (Punjab under the Later Mughals, ਪੰਨਾ : 49-50)

'ਪੰਥ ਪ੍ਰਕਾਸ਼' ਵਿਚ ਰਤਨ ਸਿੰਘ ਭੰਗੂ ਲਿਖਦੇ ਹਨ :

ਬੰਦੇ ਵਹਤ੍ਹਨ ਸਾਥ ਘਿਸੜਾਯਾ।<br>
ਫੇਰ ਅਗਨ ਮੈ ਉਸੇ ਸੜਾਯਾ।<br>
ਇਤੀ ਬਜ਼ੀਰਾ ਮਾਰਿਓ ਜੇਠ ਸੁਦੀ ਦੇ ਮਾਹਿ।<br>
ਸੱਤ੍ਰਾ ਸੈਅ ਸਤਾਸਠੇ ਚਪੜਚਿੜੀ ਕੇ ਪਾਹਿ।

ਪੇਸ਼ਕਾਰ ਸੁੱਚਾ ਨੰਦ ਜਿਸ ਨੇ ਦਸਮ ਪਾਤਸ਼ਾਹ ਦੇ ਛੋਟੇ ਸਾਹਿਬਜ਼ਾਦਿਆਂ ਨੂੰ 'ਸੱਪ ਦੇ ਬੱਚੇ' ਕਹਿ ਕੇ ਵਜ਼ੀਰ ਖਾਨ ਨੂੰ ਉਕਸਾਇਆ ਸੀ, ਉਸ ਦਾ ਵੀ ਸਿੰਘਾਂ ਨੇ ਬੁਰਾ ਹਾਲ ਕੀਤਾ। ਉਸ ਦਾ ਮਾਲ-ਡੰਗਰ ਅਤੇ ਹਵੇਲੀਆਂ ਲੁੱਟ ਲਈਆਂ ਗਈਆਂ ਅਤੇ ਸੁੱਚਾ ਨੰਦ ਅਤੇ ਉਸ ਦੇ ਸਾਰੇ ਟੱਬਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਇਸ ਤਰ੍ਹਾਂ ਬੰਦਾ ਸਿੰਘ ਬਹਾਦਰ ਨੇ ਵਜ਼ੀਰ ਖਾਨ ਨੂੰ ਉਸ ਦੇ ਧੋਖੇ-ਫਰੇਬ ਅਤੇ ਜ਼ੁਲਮਾਂ ਦੀ ਸਜ਼ਾ ਦਿੱਤੀ। ਪਰ ਵਜ਼ੀਰ ਖਾਨ ਜਿਹੜੇ ਬਾਦਸ਼ਾਹ (ਬਹਾਦਰ ਸ਼ਾਹ) ਲਈ ਇਹ ਸਭ ਕੁਝ ਕਰ ਰਿਹਾ ਸੀ, ਉਸ ਨੇ ਵਜ਼ੀਰ ਖਾਨ ਦੀ ਮੌਤ ਦੀ ਖ਼ਬਰ ਸੁਣੀ ਤਾਂ ਬੋਲਿਆ, 'ਵਜ਼ੀਰ ਖਾਨ ਨੇ ਭੰਗ ਦੇ ਭਾੜੇ ਆਪਣੀ ਜਾਨ ਗੁਆਈ ਅਤੇ ਖਾਹ-ਮਖਾਹ ਸਰਕਾਰ ਦਾ ਖ਼ਜ਼ਾਨਾ ਬਰਬਾਦ ਕੀਤਾ। ਜੇਕਰ ਉਹ ਬੰਦੇ ਦਾ ਮੁਕਾਬਲਾ ਕਰਨ ਦੇ ਕਾਬਲ ਨਹੀਂ ਸੀ ਤਾਂ ਉਸ ਨੂੰ ਜੰਗ ਨਹੀਂ ਸੀ ਛੇੜਨੀ ਚਾਹੀਦੀ।' (ਅਖਬਾਰਾਤ-ਇ-ਦਰਬਾਰ-ਇ-ਮੁਅੱਲਾ, The Punjab Past and Present, Oct. 1984)

ਕਹਿੰਦੇ ਹਨ-ਮੁਸੀਬਤ ਦੇ ਹਨੇਰੇ ਵਿਚ ਆਪਣਾ ਸਾਇਆ ਵੀ ਸਾਥ ਛੱਡ ਜਾਂਦਾ ਹੈ। ਆਦਮੀ ਨੂੰ ਆਪਣੀਆਂ ਕੀਤੀਆਂ ਦਾ ਫਲ ਆਪ ਹੀ ਭੁਗਤਣਾ ਪੈਂਦਾ ਹੈ।

# III

# ਪੁਆਧ ਦੀ ਮਿੱਟੀ ਦਾ ਸਭਿਆਚਾਰਕ ਰੰਗ

ਚੀਕੇ ਚਰਖਾ ਰਤਨੀਏ ਤੇਰਾ,
ਨੀ ਲੋਕਾਂ ਭਾਣੇ ਮੋਰ ਕੂਕਦਾ ।

# ਬਾਤਾਂ ਦੇਸ ਪੁਆਧ ਦੀਆਂ

*ਡਾ. ਨਿਰਮਲ ਸਿੰਘ (ਲਾਂਬੜਾ)*

ਦੁਨੀਆਂ ਦੀਆਂ ਅਤਿ ਪ੍ਰਾਚੀਨ ਸਭਿਆਤਾਵਾਂ ਵਿੱਚੋਂ ਮਿਸਰ, ਦਜ਼ਲਾ, ਫ਼ਰਾਤ ਅਤੇ ਚੀਨ ਦੇ ਨਾਲ ਪੰਜਾਬ ਹੀ ਇੱਕ ਅਜਿਹਾ ਖੇਤਰ ਹੈ ਜਿੱਥੋਂ ਲੱਖਾਂ ਵਰ੍ਹੇ ਪਹਿਲੋਂ ਦੀ ਮਨੁੱਖੀ ਵਸੋਂ ਦੇ ਸਬੂਤ ਮਿਲਦੇ ਹਨ । ਇਸ ਧਰਤੀ ਉੱਤੇ ਮਨੁੱਖ ਦੀ ਆਮਦ ਤੋਂ ਪਹਿਲਾਂ ਵੀ ਅਨੇਕਾਂ ਕਿਸਮ ਦੇ ਜੀਵ ਜੰਤੂ ਅਤੇ ਰੁੱਖਾਂ ਜੰਗਲਾਂ ਦੀਆਂ ਅਣਗਿਣਤ ਨਸਲਾਂ ਉਗਮ ਕੇ ਵਿਣਸਦੀਆਂ ਰਹੀਆਂ ਨੇ ਜਿਨ੍ਹਾਂ ਦੇ ਸਪਸ਼ਟ ਸਬੂਤ ਡਾਇਨੋਸਾਰ ਵਰਗੇ ਧੜਵੈਲ ਪਰ ਅਲੋਪ ਹੋ ਚੁੱਕੇ ਜੀਵਾਂ ਦੇ ਪੱਥਰਾਟਾਂ ਦੀ ਸ਼ਕਲ ਵਿਚ ਮਿਲਦੇ ਹਨ । ਏਸ ਪੰਜਾਬ ਦੇ ਨਕਸ਼ੇ ਨੂੰ ਲਾਲਾ ਧਨੀ ਰਾਮ ਚਾਤ੍ਰਿਕ ਦੀਆਂ ਨਜ਼ਰਾਂ ਨਾਲ ਵੇਖਣ ਤੋਂ ਪਤਾ ਲਗਦਾ ਏ ਕਿ ਇਹਦੇ ਸਿਰ ਉੱਤੇ ਹਿਮਾਲੀਆ ਪਹਾੜ ਦਾ ਛਤਰ, ਮੋਢਿਆਂ 'ਤੇ ਬਰਫ਼ਾਂ ਲੱਦੀਆਂ ਚੋਟੀਆਂ ਦੀ ਚਾਦਰ ਤੇ ਛਾਤੀ ਵਿੱਚ ਜਵਾਲਾ ਦੀ ਨਿੱਘੀ ਜੋਤ ਦੇ ਆਲੇ ਦਵਾਲੇ ਪੋਠੋਹਾਰ ਤੇ ਪੁਆਧ ਦੇ ਬੇਹੱਦ ਰਮਣੀਕ, ਹਰੇ ਭਰੇ ਤੇ ਕੁਦਰਤ ਦੀਆਂ ਵਨ-ਸੁਵੰਨੀਆਂ ਦਾਤਾਂ ਨਾਲ ਭਰਪੂਰ ਖਿੱਤੇ ਹਨ ।

ਧੁਰ ਉੱਤਰ ਪੱਛਮ ਵੱਲ ਪ੍ਰੋ. ਮੋਹਨ ਸਿੰਘ ਦਾ ਹੁਸੀਨ ਵਤਨ ਏ ਪੋਠੋਹਾਰ ਤੇ ਪੂਰਬ ਵਾਲਾ ਅੱਧ ਅਰਥਾਤ 'ਪੁਆਧ' ਪੰਜਾਬ ਦੇ ਭੂਗੋਲਿਕ ਨਕਸ਼ੇ ਵਿੱਚ ਐਨ ਦਿਲ ਵਾਲੀ ਥਾਂ ਉੱਤੇ ਸੀਨੇ ਦੇ ਖੱਬੇ ਪਾਸੇ ਹੈ । ਪੁਆਧ ਦੇ ਸ਼ਾਬਦਿਕ ਅਰਥ ਵੀ ਪੱਛਮ ਤੋਂ ਦੂਜੇ ਵਾਲੇ ਪੂਰਬੀ ਅਧਵਾੜ ਦੇ ਹੀ ਬਣਦੇ ਹਨ । ਅਜੋਕੇ ਰੋਪੜ, ਫਤਿਹਗੜ੍ਹ ਸਾਹਿਬ, ਪਟਿਆਲਾ, ਪੰਚਕੂਲੇ, ਅੰਬਾਲਾ ਤੇ ਯਮਨਾਨਗਰ ਜ਼ਿਲ੍ਹਿਆਂ ਦੇ ਬਹੁਤੇ ਇਲਾਕੇ ਪੁਆਧ ਅਖਵਾਂਦੇ ਨੇ । ਰਮਣੀਕ ਪਹਾੜੀ ਤਰਾਈ ਦੇ ਸਰ ਸਬਜ਼ ਏਸ ਇਲਾਕੇ ਦੀ ਆਪਣੀ ਸ਼ਾਨਾਂ ਮੱਤੀ ਨਿਵੇਕਲੀ ਪਛਾਣ ਹੈ । ਅਤਿ ਦਰਜੇ ਦੀ ਮਿੱਠੀ, ਰਸੀਲੀ ਤੇ ਸੰਗੀਤਮਈ ਪੁਆਧੀ ਉੱਪਬੋਲੀ ਪੰਜਾਬੀ ਦੀ ਅਮੀਰ ਵਿਰਾਸਤ ਦਾ ਮਾਣ ਹੈ । ਏਥੋਂ ਦੇ ਵਸਨੀਕਾਂ ਵਾਂਗ ਹੀ ਪੁਆਧੀ ਲਹਿਜਾ ਵੀ ਬਹੁਤ ਨਿੱਘਾ, ਮਿਲਾਪੜਾ, ਅਪਣੱਤ ਭਰਿਆ ਤੇ ਭਲੇਮਾਣਸਾਂ ਵਾਲਾ ਸਲੀਕਾ ਤੇ ਆਚਾਰ ਵਿਚਾਰ ਆਪਣੀ ਬੁੱਕਲ ਵਿੱਚ ਸਮੋਈ ਬੈਠਾ ਹੈ । ਪਸ਼ੂ ਪੰਛੀਆਂ ਦੀਆਂ ਅਨੇਕ ਜਾਤੀਆਂ, ਬਨਸਪਤੀ ਦੀਆਂ ਦੁਰਲੱਭ ਕਿਸਮਾਂ, ਦਰਿਆਵਾਂ, ਨਦੀਆਂ, ਚੋਇਆਂ ਵਾਲੀ ਇਹ ਰਮਣੀਕ ਧਰਤੀ ਹਰ ਪੱਖੋਂ ਮਾਲਾ ਮਾਲ ਤੇ ਅਮੀਰ ਵਿਰਾਸਤ ਦਾ ਖ਼ਜ਼ਾਨਾ ਸਾਂਭੀ ਬੈਠੀ ਹੈ ।

ਪੁਆਧ ਨੂੰ ਬਾਗ਼ਾਂ, ਫਲਾਂ ਫੁੱਲਾਂ ਦੀ ਧਰਤੀ ਵੀ ਕਿਹਾ ਜਾਂਦਾ ਹੈ । ਸ਼ਾਇਦ

ਏਹੋ ਕਾਰਨ ਹੈ ਕਿ ਸਾਰੇ ਪੁਆਧੜੇ ਮੋਰਿੰਡੇ ਸ਼ਹਿਰ ਨੂੰ ਅੱਜਤੱਕ 'ਬਾਗਾਂ ਵਾਲਾ ਹੀ' ਕਹਿੰਦੇ ਨੇ । ਰਸੀਲੇ ਅੰਬਾਂ ਦੇ ਨਾਲੋ ਨਾਲ ਏਥੇ ਜਾਮਣ ਦਾ ਨਰ ਰੂਪ 'ਜਮੋਏ' ਦਾ ਫਲ ਵੀ ਅਜੇ ਕੱਲ੍ਹ ਤੀਕ ਵਰਖਾ ਰੁੱਤ ਦੀ ਸ਼ਾਨ ਬਣਿਆ ਰਿਹਾ ਹੈ । ਏਥੋਂ ਦੇ 'ਇੱਖ' ਦਾ ਗੁੜ ਜੀਹਨੇ ਇੱਕ ਵਾਰੀ ਚੱਖ ਲਿਆ ਉਹ ਦੁਨੀਆਂ ਭਰ ਵਿੱਚ ਕਿਧਰੇ ਵੀ ਅਜਿਹਾ ਸਵਾਦ ਨਹੀਂ ਲੱਭ ਸਕੇਗਾ । ਪੁਆਧ ਦਾ ਗੱਡਾ ਪੰਜਾਬ ਭਰ ਵਿੱਚ ਸਦੀਆਂ ਤੀਕਰ ਪ੍ਰਸਿੱਧ ਰਿਹਾ ਹੈ । ਏਸ ਗੱਡੇ ਦੇ ਪਹੀਆਂ ਦੀ ਜੋੜੀ, ਏਹਦਾ ਹਲਕਾ ਫੁਲਕਾ ਕੋਕਿਆਂ ਕਿੱਲਾਂ ਨਾਲ ਸ਼ਿੰਗਾਰਿਆ ਵਜੂਦ ਤੇ ਬਹੁਤ ਹੀ ਮਜ਼ਬੂਤ ਵਿੱਢ ਸਮੁੱਚੇ ਪੰਜਾਬ ਖਾਸ ਕਰ ਮਾਲਵੇ ਵਿੱਚ ਢੋ-ਢੁਆਈ ਤੇ ਆਵਾਜਾਈ ਦਾ ਬੇਹਤਰੀਨ ਸਾਧਨ ਰਿਹਾ ਹੈ। ਪੁਆਧ ਖਾਸਕਰ ਰੋਪੜ-ਨਾਲਾਗੜ੍ਹ ਦੇ ਬੌਲਦ ਕਿਰਸਾਣੀ ਧੰਦੇ ਦੀ ਰੀੜ ਦੀ ਹੱਡੀ ਬਣੇ ਰਹੇ ਹਨ । ਪੁਆਧੜਿਆਂ ਦੀ ਡੀਲ ਡੌਲ ਤੇ ਏਥੋਂ ਦੀਆਂ ਮੁਟਿਆਰਾਂ ਦਾ ਹੁਸਨ ਸਾਡੇ ਸਾਹਿਤ ਤੇ ਸਭਿਆਚਾਰ ਵਿੱਚ ਹਮੇਸ਼ਾਂ ਹੀ ਚਰਚਾ ਦਾ ਵਿਸ਼ਾ ਬਣੇ ਰਹੇ ਹਨ । ਮਾਲਵੇ ਦੇ ਜੰਗਲ-ਪੁਆਧ ਦਾ ਜ਼ਿਕਰ ਅਕਸਰ ਹੀ ਸਾਡੇ ਲੋਕ ਗੀਤਾਂ ਦਾ ਸ਼ਿੰਗਾਰ ਮੰਨਿਆ ਜਾਂਦਾ ਹੈ ।

ਕੁਦਰਤੀ ਅਮੀਰੀ ਦੇ ਨਾਲ ਈ ਪੁਆਧ ਦੀ ਇਤਿਹਾਸਕ ਦੇਣ ਨੂੰ ਕੁਲ ਆਲਮ ਦੇ ਤਾਰੀਖਦਾਨ ਭੁੱਲ ਕੇ ਵੀ ਅੱਖੋਂ ਓਹਲੇ ਨਹੀਂ ਕਰ ਸਕਦੇ, ਖਾਲਸੇ ਦੀ ਜਨਮ ਭੂਮੀ ਆਨੰਦਪੁਰ ਸਾਹਿਬ ਤੋਂ ਚਮਕੌਰ, ਸਰਹਿੰਦ ਤੀਕ ਦੀ ਇਸ ਧਰਤੀ ਦਾ ਨਾਂ ਇਤਿਹਾਸ ਦੇ ਪੰਨਿਆਂ ਤੋਂ ਕੋਈ ਨਹੀਂ ਮਟੇ ਸਕਦਾ । ਮਨੁੱਖਤਾ ਦੇ ਇਤਿਹਾਸ ਦਾ ਸਭ ਤੋਂ ਵੱਡਾ ਇਨਕਲਾਬੀ ਕਾਰਨਾਮਾ ਖਾਲਸੇ ਦੀ ਸਿਰਜਣਾ ਏਸ ਧਰਤੀ ਉੱਤੇ ਵਾਪਰਿਆ । ਇੱਕੋ ਝਟਕੇ ਵਿੱਚ ਬੰਦਿਆਂ ਨੂੰ ਸ਼ੇਰ ਤੇ ਬੀਬੀਆਂ ਨੂੰ ਕੰਵਰਾਣੀਆਂ ਬਣਾ ਕੇ ਜਾਤ-ਪਾਤ, ਊਚ-ਨੀਚ, ਰੰਗ-ਨਸਲ ਦੀਆਂ ਸਫ਼ਾਂ ਏਥੋਂ ਹੀ ਵਲ੍ਹੇਟੀਆਂ ਗਈਆਂ। ਇੱਕ ਦੂਜੇ ਦੇ ਅਕੀਦੇ ਦੀ ਇੱਜ਼ਤ ਕਰਦਿਆਂ ਉਹਦੇ ਲਈ ਜਾਨਾਂ ਵਾਰ ਦੇਣ ਤੱਕ ਦਾ ਸਬਕ ਵੀ ਸਾਨੂੰ ਪੁਆਧ ਦੇ ਜੰਮੇ ਜਾਏ ਨਿਹੰਗ ਖਾਨ, ਪੀਰ ਬੁੱਧੂ ਸ਼ਾਹ ਵਰਗੇ ਯੋਧਿਆਂ ਨੇ ਹੀ ਪੜ੍ਹਾਇਆ । ਮੁਗ਼ਲੀਆ ਸਲਤਨਤ ਦੀਆਂ ਜੜ੍ਹਾਂ ਪੁੱਟਣ ਦੀ ਸ਼ੁਰੂਆਤ ਵੀ ਖਰੜ ਦੇ ਨੇੜਿਓਂ ਜਿਸ ਨੂੰ ਪੁਆਧ ਵਾਲੇ 'ਖੈੜ' ਕਹਿੰਦੇ ਨੇ ਦੇ ਕੋਲੋਂ 'ਚਪੜ-ਚਿੜੀ' ਦੇ ਮੈਦਾਨੇ-ਜੰਗ ਤੋਂ ਹੀ ਹੋਈ । ਹਿੰਦ-ਪੰਜਾਬ ਦਾ ਇਤਿਹਾਸਕ ਸਮਝੌਤਾ ਜਿਸ ਨੇ ਅੱਧੀ ਸਦੀ ਤਾਂਈ ਪੰਜਾਬ ਵਿੱਚ ਅੰਗਰੇਜ਼ੀ ਹੜ੍ਹ ਨੂੰ ਠੱਲ ਪਾਈ ਰੱਖੀ ਰੋਪੜ ਵਿਖੇ ਹੀ ਹੋਇਆ । ਰੋਪੜ ਅਤੇ ਸੰਘੋਲ ਦੇ ਥੇਹ, ਸਰਹਿੰਦ ਦੀ ਦਾਸਤਾਂ ਪੁਆਧ ਦੇ ਇਤਿਹਾਸ ਦੀਆਂ ਕਦੀਮ ਗਵਾਹੀਆਂ ਨੇ । ਛੱਤ ਬਨੂੜ, ਸਢੌਰਾ, ਅੰਬਾਲਾ, ਡੇਰਾ ਬਸੀ, ਲਾਲੜੂ, ਪੰਚਕੂਲਾ ਆਪਣੀਆਂ ਬੁੱਕਲਾਂ ਵਿੱਚ ਪਤਾ ਨਹੀਂ ਕਿੰਨਾ ਕੁ ਇਤਿਹਾਸ ਲਕੋਈ ਬੈਠੇ ਨੇ । ਕਿਹਾ ਤੇ ਇਹ ਵੀ ਜਾਂਦਾ ਹੈ ਕਿ ਪਾਂਡਵਾਂ ਪਿੰਜੌਰ ਤੋਂ ਹੀ ਪਹਾੜੀਂ ਚੜ੍ਹੇ ਸਨ ਅਤੇ ਪਾਪਾਂ ਤੋਂ ਮੁਕਤ ਹੋਣ ਲਈ ਕਪਾਲ ਮੋਚਨ ਦਾ ਤੀਰਥ ਵੀ ਪੁਆਧ ਵਿੱਚ ਹੀ ਹੈ । ਪੁਆਧ ਦੀ ਇੱਕ ਨੁੱਕਰ ਵਿੱਚ ਅਜੋਕੀ ਦੁਨੀਆਂ ਦਾ ਮੰਦਰ ਭਾਖੜਾ ਤੇ

ਦੂਜੇ ਪਾਸੇ ਗਿਆਨ, ਵਿਦਿਆ ਤੇ ਸਾਹਿਤ ਤੇ ਫ਼ਲਸਫੇ ਦੇ ਮੰਦਰ ਪਾਉਂਟਾ ਪੰਜਾਬੀ ਜ਼ੁਬਾਨ ਦੇ ਥੰਮ੍ਹ ਬ੍ਰਿਜ ਲਾਲ ਸ਼ਾਸ਼ਤਰੀ, ਹਿੰਦੁਸਤਾਨ ਵਿੱਚ ਸਨਅੱਤੀ ਇਨਕਲਾਬ ਦੇ ਮੋਢੀ ਸ.ਇੰਦਰ ਸਿੰਘ ਦੁਮਣਾ ਤੇ ਉਨ੍ਹਾਂ ਦਾ ਪਰਿਵਾਰ, ਪੰਜਾਬ ਦੇ ਸਭ ਤੋਂ ਵੱਧ ਚੇਤੰਨ ਚਿੰਤਕ, ਲੇਖਕ ਤੇ ਵਿਗਿਆਨੀ ਡਾ. ਮਹਿੰਦਰ ਸਿੰਘ ਰੰਧਾਵਾ ਦਾ ਬਹੁਤਾ ਜੀਵਨ ਤੇ ਰੈਣ ਬਸੇਰਾ ਵੀ ਪੁਆਧ ਹੀ ਰਿਹਾ ਹੈ । ਪੰਡਤ ਕਾਂਸ਼ੀ ਰਾਮ ਮੜੌਲੀ ਦੀ ਸਾਡੀ ਆਜ਼ਾਦੀ ਨੂੰ ਦੇਣ ਪੁਆਧ ਦੀ ਅਮੀਰ ਵਿਰਾਸਤ ਹੈ । ਪੁਆਧੀ ਵਿੱਚ ਰਚਿਆ ਸਾਹਿਤ, ਲੋਕ ਗੀਤ, ਲੋਕ ਨਾਚ ਖਾਸ ਕਰਕੇ 'ਜਲਸੇ' 'ਅਖਾੜੇ' ਸਾਡੇ ਕੱਲ੍ਹ ਦੀਆਂ ਇਤਿਹਾਸਕ ਦਸਤਾਵੇਜ਼ਾਂ ਹਨ । ਕੀਹਦਾ ਕੀਹਦਾ ਮਾਣ ਰੱਖਾਂ, ਏਥੇ ਸੂਝਵਾਨਾਂ, ਸਿਆਣਿਆਂ, ਗੁਣੀਆਂ, ਗਿਆਨੀਆਂ ਦੀ ਸੂਚੀ ਏਨੀ ਲੰਮੀ ਹੈ ਕਿ ਪੁਆਧ ਸਬੰਧੀ ਲਿਖਤਾਂ ਦੇ ਢੇਰ ਲੱਗ ਸਕਦੇ ਹਨ ।

ਪਿਛਲੇ ਪੰਜਾਹ ਕੁ ਵਰ੍ਹੇ ਪਹਿਲਾਂ ਇੱਕ ਭਾਣਾ ਵਾਪਰਿਆ ਜਦੋਂ ਘੁੱਗ ਵੱਸਦੇ ਪੁਆਧੀਆਂ ਨੂੰ ਬਗੈਰ ਕਿਸੇ ਜੰਗ-ਜੁੱਧ, ਕੁਦਰਤੀ ਆਫ਼ਤ ਤੇ ਬਿਮਾਰੀ-ਠਿਮਾਰੀ ਤੋਂ ਬਿਨਾਂ ਹੀ ਸਦੀਆਂ ਤੋਂ ਆਬਾਦ ਆਪਣੇ ਪੁਸ਼ਤੈਨੀ ਪਿੰਡਾਂ ਸਰਾਵਾਂ ਨੂੰ ਛੱਡਣ ਲਈ ਨਿਮਾਣੇ, ਨਿਤਾਣੇ ਤੇ ਨਿਥਾਵੇਂ ਬਣਨ ਲਈ ਮਜ਼ਬੂਰ ਹੋਣਾ ਪਿਆ । ਇਹ ਭਾਣਾ ਅਖਾਉਤੀ ਅਤਿ ਆਧੁਨਿਕ, ਅਤਿ ਸੁੰਦਰ ਸ਼ਹਿਰ ਚੰਡੀਗੜ੍ਹ ਦੇ ਵੱਸਣ ਵੇਲੇ ਵਾਪਰਿਆਂ । ਏਸ ਨਮੂਨੇ ਦੇ ਸ਼ਹਿਰ ਦੀਆਂ ਨੀਹਾਂ ਵਿੱਚ ਪਤਾ ਨਹੀਂ ਕਿੰਨੇ ਕੁ ਬੇਗੁਨਾਹ, ਮਾਸੂਮ ਪੁਆਧੀਆਂ ਦੀਆਂ ਆਹਾਂ ਸਦਾ ਸਦਾ ਲਈ ਦੱਬੀਆਂ ਗਈਆਂ । ਜਦੋਂ ਉਨ੍ਹਾਂ ਦੇ ਪਿੰਡ, ਗਰਾਂ, ਡੇਰੇ, ਸਮਾਧਾਂ, ਮੜ੍ਹੀਆਂ, ਮੰਦਰ, ਮਸੀਤਾਂ, ਗੁਰਦੁਆਰੇ ਉਨ੍ਹਾਂ ਦੇ ਆਪਣੇ ਦੇਸ਼ ਦੇ ਜਰਵਾਣਿਆਂ ਨੇ ਹੀ ਨਿਰੇ ਨੇਸਤੋ-ਨਾਮੂਦ ਹੀ ਨਹੀਂ ਕੀਤੇ ਉਨ੍ਹਾਂ ਦਾ ਨਾਂ-ਥੇਹ ਹੀ ਮਿਟਾ ਦਿੱਤਾ ਗਿਆ । ਉਨ੍ਹਾਂ ਦੀ ਆਪਣੀ ਰਹਿਤਲ, ਜ਼ੁਬਾਨ, ਰਾਹ-ਗਲੀਆਂ ਗੱਲ ਕੀ ਸੱਭੋ-ਕੁਝ ਹੀ ਸਾਡੇ ਵੇਖਦਿਆਂ ਵੇਖਦਿਆਂ ਅਲੋਪ ਹੋ ਗਿਆ। ਵਿਕਾਸ ਦੇ ਨਾਂ ਉੱਤੇ ਵਿਨਾਸ਼ ਦਾ ਇਹ ਤਾਂਡਵ ਨਾਚ ਵਿਗਿਆਨਕ-ਅੱਗੇਵਧੂ ਸੋਚ ਵਾਲਿਆਂ ਦੀ ਕਾਲੀ ਕਰਤੂਤ ਦੀ ਅਜਬ ਦਾਸਤਾਨ ਏ । ਅੱਜ ਚੰਡੀਗੜ੍ਹ ਦੇ ਨਾਂ ਹੇਠ ਪੁਆਧ ਦੀ ਛਾਤੀ ਉੱਤੇ ਰਮਣੀਕ ਕੁਦਰਤੀ ਜੰਗਲਾਂ ਬਾਗਾਂ ਦੀ ਥਾਂ ਪੱਥਰਾਂ ਵਰਗੇ ਮਨੁੱਖਾਂ ਨੇ ਪੱਥਰ ਦਾ ਸ਼ਹਿਰ ਉਸਾਰ ਕੇ ਸਮੁੱਚੇ ਪੁਆਧੀ ਸਭਿਆਚਾਰ ਨੂੰ ਲਹੂ ਲੁਹਾਨ ਕਰ ਦਿੱਤਾ ਹੈ । ਉਹਦਾ ਚਿਹਰਾ ਮੋਹਰਾ ਵੀ ਬੇਪਛਾਣ ਕਰ ਦਿੱਤਾ ਹੈ ।

ਏਸ ਆਧੁਨਿਕ ਉਸਾਰੀ ਨੂੰ ਮੁੜ ਢਾਹੁਣਾ ਤਾਂ ਸ਼ਾਇਦ ਸਾਡੇ ਵਸ ਵਿੱਚ ਨਹੀਂ ਪਰ ਏਹਦੇ ਹੁੰਦਿਆਂ ਸੁੰਦਿਆਂ ਆਪਣੇ ਸੋਹਣੇ ਪੁਆਧ ਨੂੰ ਕਿਵੇਂ ਬਚਾਉਣਾ ਹੈ ਸਾਡੇ ਲਈ ਚਿੰਤਾ ਦਾ ਵਿਸ਼ਾ ਏ । ਏਥੋਂ ਦੇ ਐਸ਼ ਲੈਣ ਆਏ ਘਰ ਵਾਲੇ ਬਣ ਬੈਠੇ ਵਸਨੀਕਾਂ ਨੂੰ ਪੁਆਧੀ ਸਭਿਆਚਾਰ ਦੀਆਂ ਸ਼ਾਨਦਾਰ ਰਵਾਇਤਾਂ ਤੋਂ ਜਾਣੂ ਕਰਵਾ ਕੇ ਇਨਸਾਨਾਂ ਵਾਂਗ ਜੀਣ ਦੀ ਜਾਚ ਸਿੱਖਣੀ ਸਿਖਾਉਣੀ ਕਿਵੇਂ ਹੈ ਕਿ ਸਾਡਾ ਆਉਣ ਵਾਲਾ ਕੱਲ੍ਹ ਖੁਸ਼ਹਾਲ ਹੋਵੇ - ਸਭ ਤੋਂ ਵੱਡਾ ਸਵਾਲ ਏ । ਬੜੀ ਹੇਠਲੀ ਪੱਧਰ ਤੋਂ,

ਲੋਕਾਂ ਨਾਲ ਜੁੜ ਬੈਠ ਕੇ 'ਪੁਆਧੀ ਪੰਜਾਬੀ ਸੱਥ' ਰਾਹੀਂ ਪੁਆਧ ਦੀ ਨਿਵੇਕਲੀ ਦੱਖ, ਅੱਡਰੀ ਪਛਾਣ ਤੇ ਅਮੀਰ ਵਿਰਾਸਤ ਨੂੰ ਜਾਨਣ, ਪਛਾਨਣ, ਸੰਭਾਲਣ ਤੇ ਅਗਲੇਰੀਆਂ ਪੀੜ੍ਹੀਆਂ ਨੂੰ ਸੌਂਪਣ ਦੇ ਇਸ ਉਪਰਾਲੇ ਵਿੱਚ ਸਾਨੂੰ ਆਸ ਹੈ ਕਿ ਨਿਰੇ ਪੁਆਧ ਵਾਲੇ ਹੀ ਨਹੀਂ ਸਮੁੱਚੇ ਪੰਜਾਬੀ ਸਾਡਾ ਹੱਥ ਵਟਾਉਣਗੇ । ਕਾਦਰ ਦੀ ਕੁਦਰਤ ਦੀ ਵੰਨ ਸੁਵੰਨਤਾ ਨੂੰ ਬਚਾ ਕੇ ਹੀ ਅਸੀਂ ਸਿਹਤਮੰਦ ਸਮਾਜ ਦੀ ਉਸਾਰੀ ਦਾ ਪਰਉਪਕਾਰੀ ਕਾਰਜ ਤੋੜ ਚਾੜ੍ਹਨ ਵਿੱਚ ਆਪਣਾ ਬਣਦਾ ਸਰਦਾ ਸੀਰ ਪਾ ਕੇ ਪੁੰਨ ਖੱਟ ਸਕਦੇ ਹਾਂ ।

# ਪੁਆਧ ਦੇ ਜੀਵਨ ਰਹਿਤਲ ਨੂੰ ਯਾਦ ਕਰਦਿਆਂ

*ਡਾ. ਐਸ. ਐਸ. ਕਿਸ਼ਨਪੁਰੀ*

ਚੰਡੀਗੜ੍ਹ ਵੱਸਣ ਤੋਂ ਪਹਿਲਾਂ ਸ਼ਿਵਾਲਕ ਦੇ ਪੈਰਾਂ ਵਿਚ ਵਸੇ ਮਨੀਮਾਜਰਾ ਦੇ ਇਲਾਕੇ ਦੇ ਪਾਣੀ ਵਿੱਚ ਆਇਉਡੀਨ ਦੀ ਘਾਟ ਸੀ ਜਿਸ ਕਰਕੇ ਇੱਥੋਂ ਦੇ ਵਸਨੀਕਾਂ ਵਿਚੋਂ ਕਈਆਂ ਦੇ ਗਿੱਲੜ੍ਹ ਹੋ ਜਾਂਦੇ ਸਨ। ਉਸ ਸਮੇਂ ਇਸ ਰੋਗ (ਗੋਇਟਰ ਜਾਂ ਥਾਈਰਾਇਡ ਗਲੈਂਡ ਦੇ ਵਧ ਜਾਣ) ਦਾ ਕੋਈ ਕਾਰਗਰ ਇਲਾਜ ਵੀ ਇਲਾਕੇ ਵਿਚ ਨਹੀਂ ਸੀ ਤੇ ਨਾ ਹੀ ਗਰੀਬੀ ਚੰਗੇਰੇ ਇਲਾਜ ਲਈ ਲਾਹੌਰ ਜਾਣ ਦੀ ਆਗਿਆ ਦਿੰਦੀ ਸੀ। ਆਇਉਡੀਨ ਦੀ ਘਾਟ ਤੇ ਗਿੱਲੜ੍ਹ ਰੋਗ ਦੇ ਰਲਵੇਂ ਪ੍ਰਭਾਵ ਕਾਰਨ ਬੰਦੇ ਮੰਦ ਬੁੱਧੀ ਦਾ ਸ਼ਿਕਾਰ ਹੋ ਜਾਂਦੇ ਸਨ। ਸਾਦ ਮੁਰਾਦੇ ਅਲਪ ਬੁੱਧੀ ਦੇ ਮਾਲਕ ਹੋਣ ਕਰਕੇ ਬਾਹਰਲੇ ਇਲ਼ਾਕਿਆਂ ਦੇ ਲੋਕ ਉਹਨਾਂ ਨੂੰ 'ਜੱਗਰ' ਕਹਿੰਦੇ ਸਨ। ਮਨੀ ਮਾਜਰੇ ਦੇ ਲਾਗੇ 'ਮਣਸਾ ਦੇਵੀ' ਦਾ ਮੰਦਰ ਹੈ ਜਿੱਥੇ ਦੂਰ ਦੂਰ ਤੋਂ ਲੋਕ ਦਰਸ਼ਨਾਂ ਨੂੰ ਆਉਂਦੇ ਹੁੰਦੇ ਸਨ। ਇਸ ਇਲਾਕੇ ਵਿੱਚ ਕਲ ਕਲ ਕਰਕੇ ਵਗਦੀਆਂ ਕੂਲ੍ਹਾਂ ਕਰਕੇ ਚੌਲ ਕਾਫ਼ੀ ਪੈਦਾ ਹੁੰਦੇ ਸਨ। ਚੌਲਾਂ ਦੀ ਇਕ ਕਿਸਮ ਸੀ 'ਚਹੋੜਾ'-ਬਹੁਤ ਹੀ ਖ਼ੁਸ਼ਬੂਦਾਰ ! ਇਕ ਘਰ ਵਿਚ ਪੱਕਦੇ ਸਨ ਤਾਂ ਸਾਰੇ ਪਿੰਡ ਵਿਚ ਪਤਾ ਲੱਗ ਜਾਂਦਾ ਸੀ। ਚਹੋੜੇ ਨਾਲ ਜੁੜੀਆਂ ਇੱਕ, ਦੋ ਗੱਲਾਂ ਯਾਦ ਆ ਰਹੀਆਂ ਹਨ :

ਜਿਹੜੇ ਲੋਕ ਮਣਸਾ ਦੇਵੀ ਦੇ ਦਰਸ਼ਨਾਂ ਨੂੰ ਆਉਂਦੇ ਸਨ ਉਹ ਜਾਂਦੇ ਹੋਏ ਇਸ ਇਲਾਕੇ ਦੀ ਸੁਗ਼ਾਤ ਚਹੋੜੇ ਦੇ ਚੌਲ ਅਤੇ ਮੁੰਜ ਦਾ ਵਾਣ ਖਰੀਦ ਲੈ ਜਾਂਦੇ ਸੀ। ਇਸੇ ਕਰਕੇ ਇਹ ਅਖਾਣ ਪ੍ਰਚੱਲਤ ਹੋ ਗਿਆ ਸੀ :

"ਮੁੰਜ ਬਗੜ (ਚੌਲ) ਦਾ ਸੌਦਾ, ਦਰਸ਼ਨ ਦੇਵੀ ਦੇ।"

ਦੂਜੀ ਗੱਲ ਜਿਹੜੀ ਚਹੋੜੇ ਨਾਲ ਜੁੜੀ ਹੋਈ ਹੈ। ਉਹ ਇਕ ਘਟਨਾ ਬਾਰੇ ਹੈ ਜਿਸ ਤੋਂ ਇਹਨਾਂ ਲੋਕਾਂ ਦੀ ਸਾਦਗੀ ਦਾ ਪਤਾ ਚਲਦਾ ਹੈ। ਇਕ ਵਾਰ ਇਕ ਪਰਿਵਾਰ ਨੇ ਚਹੋੜਾ ਵੱਢਿਆ ਪਰ ਦੇਰ ਹੋ ਜਾਣ ਕਰਕੇ ਉਹ ਉਸਨੂੰ ਢੋ ਕੇ ਖਲਵਾੜੇ ਤੱਕ ਨਾ ਲਿਜਾ ਸਕੇ। ਇਕ ਜਣੇ ਨੂੰ ਚਹੋੜੇ ਦੀ ਰਾਖੀ ਕਰਨ ਲਈ ਛੱਡ ਕੇ ਬਾਕੀ ਸਾਰੇ ਘਰ ਚਲੇ ਗਏ। ਰਾਤ ਨੂੰ ਚੋਰ ਆਏ। ਇਕ ਆਦਮੀ ਨੂੰ ਰਾਖੀ ਪਿਆ ਦੇਖ ਕੇ ਕਹਿਣ ਲੱਗੇ, "ਰਾਖੀ ਪੈਣ ਆਲਿਆ ਤੇਨੂੰ ਦੇਬੀ ਦੀ ਸਹੁੰ ਲੱਗੈ ਜੇ ਤੂੰ ਰੌਲਾ ਪਾਮੇਂ"। ਰਾਖੀ ਪਿਆ ਬੰਦਾ ਪਿਆ ਰਿਹਾ ਤੇ ਚੋਰ ਜਿੰਨਾ ਕੁ ਚਹੋੜਾ ਚੁੱਕ ਸਕਦੇ ਸੀ ਚੁੱਕ ਕੇ ਲੈ ਗਏ। ਅਗਲੇ ਦਿਨ ਘਰ ਦੇ ਬਾਕੀ ਜੀਅ ਵੀ ਗੱਡਾ ਲੈ ਕੇ ਚਹੋੜਾ ਢੋਣ ਲਈ ਆ ਗਏ ਪਰ ਉਹ ਇਹ ਦੇਖ ਕੇ ਹੈਰਾਨ

ਰਹਿ ਗਏ ਕਿ ਚਰੋੜਾ ਤਾਂ ਅੱਧੇ ਤੋਂ ਵੀ ਘੱਟ ਰਹਿ ਗਿਆ ਸੀ। ਪੁੱਛਣ ਤੇ ਰਾਖੀ ਵਾਲੇ ਭਾਈ ਨੇ ਦੱਸਿਆ : "ਚੋਰ ਚਰੋੜਾ ਲੈ ਗਏ, ਦੇਬੀ ਦੀ ਸਹੁੰ ਦੇ ਗਏ।"

ਉਹ ਸਿੱਧੜ ਏਨੀ ਕੁ ਗੱਲ ਤੋਂ ਹੀ ਖ਼ੁਸ਼ ਸੀ ਕਿ ਚੋਰ ਲੈ ਹੀ ਨਹੀਂ ਗਏ ਸਗੋਂ ਕੁਝ ਦੇ ਵੀ ਗਏ ਹਨ ਭਾਵੇਂ ਦੇਵੀ ਦੀ ਸਹੁੰ ਹੀ ਸਹੀ।

ਹੋਰ ਗੱਲਾਂ ਦਾ ਤਾਂ ਪਤਾ ਨਹੀਂ ਪਰ ਪੁਆਧ ਬਾਰੇ ਇੱਕ ਗੱਲ ਬਿਨਾਂ ਝਿਜਕ ਪੱਕੇ ਤੌਰ ਤੇ ਕਹਿ ਸਕਦੇ ਹਾਂ ਕਿ ਜੇਕਰ ਅੱਜ ਦੀ ਨੌਜਵਾਨ ਪੁਆਧੀ (1980 ਤੋਂ ਮਗਰੋਂ ਜੰਮਿਆਂ ਨੂੰ) ਪੀੜ੍ਹੀ ਨੂੰ ਕਲਪਨਾ ਕਰਨ ਲਈ ਕਿਹਾ ਜਾਵੇ ਕਿ ਆਜ਼ਾਦੀ ਮਿਲਣ ਵੇਲੇ ਪੁਆਧੀ ਜੀਵਨ ਕਿਹੋ ਜਿਹਾ ਸੀ ਤਾਂ ਉਹ ਕਦੇ ਵੀ ਸਫਲ ਨਹੀਂ ਹੋ ਸਕੇਗੀ। ਇਹ ਨੌਜਵਾਨ ਪੀੜ੍ਹੀ ਤਾਂ ਗਿੱਝੀ ਹੋਈ ਏ ਪੱਕੀਆਂ ਸੜਕਾਂ, ਸਕੂਟਰਾਂ, ਮੋਟਰ ਸਾਈਕਲਾਂ, ਪੱਕੇ ਹਵਾਦਾਰ ਮਕਾਨਾਂ ਤੇ ਫਲੱਸ਼ ਲੱਗੇ ਖੁਲ੍ਹੇ ਡੁੱਲ੍ਹੇ ਬਾਥਰੂਮਾਂ ਦੀ ਜਿਨ੍ਹਾਂ ਵਿਚ ਠੰਡੇ ਤੇ ਗਰਮ ਪਾਣੀ ਦੀ ਸਹੂਲਤ ਮੌਜੂਦ ਹੈ। ਇਹਨਾਂ ਨੂੰ ਕੀ ਪਤਾ ਕਿ ਅਸੀਂ ਕੀ ਕੁਝ ਵੇਖਿਆ ਤੇ ਹੰਢਾਇਆ ਹੈ। ਘਰ ਕੱਚੇ, ਗਾਰੇ ਨਾਲ ਲਿੱਪੇ ਹੋਏ ਹੁੰਦੇ ਸਨ। ਫਰਸ਼ ਕੱਚੇ ਤੇ ਗੋਹੇ-ਮਿੱਟੀ ਨਾਲ ਲਿੱਪੇ ਹੋਏ ਹੁੰਦੇ ਸਨ। ਵੈਕਿਊਮ ਕਲੀਨਰ ਦਾ ਤਾਂ ਕਿਸੇ ਨੇ ਨਾਂ ਵੀ ਨਹੀਂ ਸੀ ਸੁਣਿਆ। ਲਟੈਣ ਦਾ ਫਰਸ਼ ਬਾਜ਼ੀਗਰਨੀਆਂ ਦੇ ਬਣਾਏ ਹੋਏ ਜੂੜਿਆਂ ਨਾਲ ਸਾਫ਼ ਕੀਤਾ ਜਾਂਦਾ ਸੀ। ਮਗਰੋਂ ਖਜੂਰ ਦੇ ਪੱਤਿਆਂ ਦੇ ਬਣੇ ਜੂੜੇ ਵੀ ਵਰਤੇ ਜਾਣ ਲੱਗ ਪਏ ਸਨ। ਵਿਹੜੇ ਤੇ ਛਤੜੇ ਦੀ ਸਫ਼ਾਈ ਬਰੀਕ ਕਾਨਿਆਂ ਦੀ ਸੂਹਣ ਨਾਲ ਕੀਤੀ ਜਾਂਦੀ ਸੀ। 'ਸੂਹਣ' ਨੂੰ ਖੜਾ ਕਰਨਾ ਬੇਸ਼ਗਨਾ ਸਮਝਿਆ ਜਾਂਦਾ ਸੀ। "ਉਹ ਤਾਂ ਹਰ ਬਖ਼ਤ ਸੂਹਣ ਖੜੀ ਰੱਖਦੀ ਹੈ," ਅਖਾਣ ਉਸ ਤੀਵੀਂ ਬਾਰੇ ਆਖਿਆ ਜਾਂਦਾ ਸੀ ਜਿਹੜੀ ਝਗੜਾਲੂ ਹੁੰਦੀ ਸੀ। ਡੰਗਰਾਂ ਵਾਲੀ ਥਾਂ ਅਤੇ ਉਹਨਾਂ ਦਾ ਮਲ-ਮੂਤਰ ਸਾਂਭਣ ਦਾ ਕੰਮ ਕਪਾਹ ਜਾਂ ਝਾਊ ਦੀਆਂ ਛਿਟੀਆਂ ਦੇ ਬਣਾਏ ਹੋਏ ਰੜਕੇ ਨਾਲ ਕੀਤਾ ਜਾਂਦਾ ਸੀ। ਝਾਊ ਦੀਆਂ ਬਰੀਕ ਟਾਹਣੀਆਂ ਨਾਲ ਛੋਟੀਆਂ ਛੋਟੀਆਂ ਟੋਕਰੀਆਂ ਤੇ ਬੋਹੀਏ ਬਣਾਏ ਜਾਂਦੇ ਸਨ ਜਿਹੜੇ ਆਮ ਤੌਰ ਤੇ ਰੋਟੀਆਂ ਰੱਖਣ ਲਈ ਵਰਤੇ ਜਾਂਦੇ ਸਨ। ਬੰਦਿਆਂ ਦੁਆਰਾ ਮਲ-ਮੂਤਰ ਦਾ ਤਿਆਗ ਖੇਤਾਂ ਵਿੱਚ ਕੀਤਾ ਜਾਂਦਾ ਸੀ। ਜ਼ਨਾਨੀਆਂ ਸੰਝ ਵੇਲੇ ਇੱਕਠੀਆਂ ਹੋ ਕੇ ਜੰਗਲ ਪਾਣੀ ਜਾਂਦੀਆਂ ਹੁੰਦੀਆਂ ਸਨ। ਕਿੱਟੀ ਦਾ ਕਿਸੇ ਨੇ ਨਾਂ ਨਹੀਂ ਸੀ ਸੁਣਿਆ। ਕੁੜੀਆਂ ਤ੍ਰਿੰਜਣਾਂ 'ਚ ਕੱਠੀਆਂ ਹੁੰਦੀਆਂ ਸਨ। ਤੀਆਂ ਵਿੱਚ ਪਿੱਪਲੀ ਪੀਘਾਂ ਪੈਂਦੀਆਂ ਸਨ। ਨਵੀਆਂ ਵਿਆਹੀਆਂ ਕੁੜੀਆਂ ਪੇਕੀਂ ਆ ਜਾਂਦੀਆਂ ਸਨ ਤੇ ਖ਼ੂਬ ਧਮਾਲ ਪੈਂਦੇ ਸਨ। ਮੀਂਹ ਦੇ ਦਿਨਾਂ 'ਚ ਖੀਰ, ਪੂੜੇ ਆਮ ਹੀ ਬਣਦੇ ਸਨ।

ਪਰ ਬਰਸਾਤ ਦਾ ਇਕ ਹੋਰ ਪੱਖ ਵੀ ਸੀ। ਕੱਚੀਆਂ ਕੰਧਾਂ ਤੇ ਕੌਲਿਆਂ ਦੇ ਲਿਉੜ ਡਿਗਦੇ ਸਨ। ਵਰ੍ਹਦੇ ਮੀਂਹ ਵਿਚ ਪਾਣੀ ਵਿਚ ਛਪਲ ਛਪਲ ਕਰਦੇ ਲੋਕ ਗਲੀਆਂ(ਸੁਰਾਖ, ਮੋਰੀਆਂ) ਮੁੰਦਦੇ ਤੇ ਲਿਉੜ ਲਾਉਂਦੇ ਫਿਰਦੇ ਸਨ। ਹਰ ਪਿੰਡ ਦੀਆਂ ਕੱਚੀਆਂ ਪਹੀਆਂ ਤੇ ਗਲੀਆਂ ਵਿੱਚ ਵੱਡੇ ਵੱਡੇ ਚਲ੍ਹੇ ਇਕ ਆਮ ਗੱਲ ਸੀ ਜਿਨ੍ਹਾਂ ਨੂੰ ਪੈਦਲ ਪਾਰ ਕਰਨਾ ਔਖਾ ਸੀ ਅਤੇ ਜਿਨ੍ਹਾਂ ਵਿਚ ਗੱਡੇ ਅੜਦੇ ਹੀ ਅੜਦੇ ਸਨ। ਇਹ ਤਾਂ ਭਲਾ

ਹੋਵੇ ਸ. ਲਛਮਣ ਸਿੰਘ ਗਿੱਲ ਦਾ ਜਿਹੜਾ ਭਾਵੇਂ ਕੁਝ ਮਹੀਨੇ ਹੀ ਪੰਜਾਬ ਦਾ ਮੁਖ ਮੰਤਰੀ ਰਿਹਾ, ਪਰ ਉਨੇ ਸਮੇਂ ਵਿਚ ਹੀ ਸਾਰੇ ਪਿੰਡਾਂ ਨੂੰ ਸੰਪਰਕ ਸੜਕਾਂ (ਪੱਕੀਆਂ) ਰਾਹੀਂ ਸ਼ਹਿਰਾਂ ਨਾਲ ਜੋੜਨ ਦੀ ਮੁਹਿੰਮ ਵਿੱਢ ਕੇ ਇਕ ਇਤਿਹਾਸਕ ਕਾਰਨਾਮਾ ਕਰ ਗਿਆ ਜਿਸ ਬਿਨਾਂ 'ਹਰਾ ਇਨਕਲਾਬ' ਆਉਣਾ ਅਸੰਭਵ ਸੀ।

ਸੜਕਾਂ ਤੇ ਮਾਰਗਾਂ ਦੀ ਗੱਲ ਚੱਲੀ ਹੈ ਤਾਂ ਮੇਰੇ ਪੁਆਧ ਦੀਆਂ ਵੱਡੀਆਂ ਸੜਕਾਂ ਦੀ ਗੱਲ ਵੀ ਕਰ ਹੀ ਲਈਏ। ਇੱਕ ਵੱਡੀ ਪੱਕੀ ਸੜਕ ਅੰਬਾਲਾ ਸ਼ਹਿਰ ਤੋਂ ਕਾਲਕਾ ਨੂੰ ਜਾਂਦੀ ਸੀ ਪਰ ਘੱਗਰ ਦਰਿਆ ਉਤੇ ਕੋਈ ਪੁਲ ਨਾ ਹੋਣ ਕਰਕੇ ਮੁਬਾਰਕਪੁਰ ਤੇ ਢਕੋਲੀ ਦੇ ਵਿਚਾਲੇ ਵਗਦੇ ਘੱਗਰ ਦੇ ਵਿਚੋਂ ਦੀ ਲੰਘਣਾ ਪੈਂਦਾ ਸੀ। ਪੰਚਕੂਲੇ ਕੋਈ ਖਾਸ ਵਸੋਂ ਨਜ਼ਰ ਨਹੀਂ ਆਉਂਦੀ ਸੀ ਸਿਵਾਏ ਜੈਨੇਂਦਰਾ ਗੁਰੂਕੁਲ ਦੇ। ਉੱਥੋਂ ਇਕ ਸੜਕ ਮਨੀਮਾਜਰੇ, ਖਰੜ ਤੇ ਕੁਰਾਲੀ ਵਿੱਚ ਨੂੰ ਲੰਘਦੀ ਰੋਪੜ ਤੱਕ ਜਾਂਦੀ ਸੀ। ਆਮ ਲੋਕ ਪੈਦਲ ਹੀ ਸਫ਼ਰ ਕਰਦੇ ਸਨ। ਵਿਆਹ, ਸ਼ਾਦੀ ਜਾਂ ਮੁਕਾਣ ਜਾਣ ਲਈ ਗੱਡੇ ਵਰਤੇ ਜਾਂਦੇ ਸਨ ਕਿਉਂਕਿ ਜ਼ਨਾਨੀਆਂ ਨੇ ਘੱਗਰੇ ਵੀ ਚੁੱਕਣੇ ਹੁੰਦੇ ਸੀ। ਲੰਬੇ ਸਫ਼ਰ ਲਈ ਤਾਂਗਾ ਜਾਂ ਜੱਕਾ(ਯੱਕਾ) ਸੀ। 1943 ਵਿਚ ਅੰਬਾਲਾ ਬੱਸ ਸਿੰਡੀਕੇਟ ਬਣ ਜਾਣ ਲਈ ਰੋਪੜ ਤੋਂ ਅੰਬਾਲਾ ਤੇ ਰੋਪੜ ਤੋਂ ਕਾਲਕਾ ਲਈ ਬੱਸਾਂ ਚੱਲਣ ਲੱਗ ਪਈਆਂ ਸਨ ਜਿਹੜੀਆਂ ਪਟਰੋਲ ਨਾਲ ਚਲਦੀਆਂ ਸਨ। ਡੀਜ਼ਲ ਇੰਜਣ ਦੀ ਕਾਢ 1950 ਵਿੱਚ ਪੰਜਾਬ ਵਿਚ ਆਈ। ਕੁਰਾਲੀ ਤੋਂ ਮੁਰਿੰਡੇ ਤੱਕ ਕੱਚੀ ਸੜਕ ਹੁੰਦੀ ਸੀ ਜਿਸ ਦੀ ਸਾਂਭ ਸੰਭਾਲ ਡਿਸਟ੍ਰਿਕਟ ਬੋਰਡ ਅੰਬਾਲਾ ਦੀ ਜ਼ੁੰਮੇਵਾਰੀ ਸੀ। ਇਸੇ ਤਰ੍ਹਾਂ ਖਰੜ ਤੋਂ ਬਨੂੜ ਤੇਪਲਾ ਹੁੰਦੀ ਹੋਈ ਇਕ ਕੱਚੀ ਸੜਕ ਘੱਗਰ ਦੇ ਪੁਲ ਕੋਲ ਜਾ ਕੇ ਜਰਨੈਲੀ ਸੜਕ ਨਾਲ ਮਿਲ ਜਾਂਦੀ ਸੀ। ਰੋਪੜ ਤੋਂ ਦੁਲਚੀ ਮਾਜਰੇ ਤੇ ਕਾਈਂਨੌਰ ਨੂੰ ਹੁੰਦੀ ਹੋਈ ਇਕ ਕੱਚੀ ਸੜਕ ਮੁਰਿੰਡੇ ਤੱਕ ਜਾਂਦੀ ਸੀ। ਖਰੜ ਤੋਂ ਮੁਰਿੰਡੇ, ਖਮਾਣੋਂ ਕਲਾਂ ਹੁੰਦੀ ਹੋਈ ਸਮਰਾਲੇ ਜਾਣ ਵਾਲੀ ਸੜਕ ਵੀ ਕੱਚੀ ਸੀ। ਇਸ ਕੱਚੀ ਸੜਕ ਉਤੇ ਕੁਰਾਲੀ ਤੋਂ ਸਮਰਾਲੇ ਤੱਕ ਇਕ ਪ੍ਰਾਈਵੇਟ ਉੱਦਮੀ ਬਸ ਚਲਾਉਂਦਾ ਹੁੰਦਾ ਸੀ ਜਿਹੜਾ ਸ਼ਾਇਦ ਖਮਾਣੋ ਕਲਾਂ ਲਾਗਲੇ ਪਿੰਡ ਮਨੈਲੀ ਧਨੌਲਾ ਪਿੰਡ ਦਾ ਇਕ ਮਿਸਤਰੀ ਸਿੰਘ ਸੀ। ਇਹ ਬੱਸ ਖਮਾਣੋਂ ਤੋਂ ਲਖਣਪੁਰ, ਛੋਟੀ ਨਾਨੋਵਾਲ ਤੇ ਕਕਰਾਲਾ ਕਲਾਂ ਵਿਚ ਦੀ ਹੁੰਦੀ ਹੋਈ ਸਮਰਾਲੇ ਪਹੁੰਚਦੀ ਸੀ। ਮੁਰਿੰਡੇ ਤੋਂ ਨੁਗਾਵੇਂ ਤੱਕ ਦੀ ਕੱਚੀ ਸੜਕ ਵਿਚ ਟੋਏ ਨਹੀਂ ਸਨ ਦਿਖਦੇ ਸਗੋਂ ਹਾਥੀ-ਡੁਬੋ ਟੋਇਆਂ ਵਿਚ ਕਿਧਰੇ ਕਿਧਰੇ ਸੜਕ ਦਿਖਾਈ ਦੇ ਜਾਂਦੀ ਸੀ।

ਬਸੀ ਪਠਾਣਾਂ ਤੋਂ ਮੁਰਿੰਡੇ ਤੱਕ ਮੋਨੋ ਰੇਲ ਚਲਦੀ ਸੀ ਜਿਸਨੂੰ ਖਚਰਾਂ ਖਿਚਦੀਆਂ ਸਨ। ਮੋਨੋ ਦਾ ਇਕ ਪਹੀਆ ਰੇਲ ਗੱਡੀ ਦੇ ਪਹੀਏ ਵਰਗਾ ਹੁੰਦਾ ਸੀ ਤੇ ਲੋਹੇ ਦੀ ਲਾਈਨ ਤੇ ਚਲਦਾ ਸੀ। ਦੂਜਾ ਪਹੀਆ ਲੱਕੜ ਦਾ ਬਣਿਆ ਹੋਇਆ ਹੁੰਦਾ ਸੀ ਤੇ ਕਾਫ਼ੀ ਵੱਡਾ ਹੁੰਦਾ ਸੀ ਅਤੇ ਦੂਰ ਕੱਚੇ ਰਾਹ ਤੇ ਚਲਦਾ ਹੁੰਦਾ ਸੀ। ਕਾਲਕਾ-ਅੰਬਾਲਾ ਸੜਕ ਤੇ ਝਰਮੜੀ ਤੋਂ ਅੱਗੇ ਜਾ ਕੇ ਇਕ ਸੜਕ ਨਾਰਾਇਣਗੜ੍ਹ ਵੱਲ ਨੂੰ ਜਾਂਦੀ ਸੀ। ਕੇਵਲ ਸ਼ਹਿਜ਼ਾਦਪੁਰ ਤੱਕ ਸੜਕ ਪੱਕੀ ਸੀ। ਅੱਗੇ 6 ਮੀਲ ਪੈਰੀਂ ਤੁਰ ਕੇ ਜਾਣਾ ਪੈਂਦਾ ਸੀ।

# ਪੁਆਧ ਕੇ ਰਸਮ-ਰਿਵਾਜ, ਰਹਿਣ-ਸਹਿਣ ਅਰ ਆਚਾਰ-ਵਿਹਾਰ

*ਡਾ. ਗੁਰਮੀਤ ਸਿੰਘ ਬੈਦਵਾਣ*

*(ਲੇਖਕ ਤੋਂ ਇਹ ਲੇਖ ਲੋਕ-ਬੋਲੀ ਪੁਆਧੀ ਵਿੱਚ ਉਚੇਚੇ ਤੌਰ ਤੇ ਲਿਖਵਾਇਆ ਗਿਆ ਹੈ - ਸੰਪਾਦਕ)*

ਬੰਦੇ ਕਾ ਪਿਛੋਕੜ ਈ ਖਿੱਤੇ ਕਾ ਪਿਛੋਕੜ ਹੋਆ । ਇਸੀ ਪਿਛੋਕੜ ਨੂੰ ਹੁਣ 'ਸਮਾਜਕ ਬਿਰਸਾ' ਬੀ ਕੈਹਣ ਲਗ ਪੇ । ਪਿਛਲੇ ਟੈਮਾਂ ਮਾ ਰੋਜ ਕੇ ਕਾਰ-ਬਿਹਾਰ ਇਬ ਬਰਗੇ ਨਹੀਂ ਤੇ । ਜਦ ਕਾ ਰੈਹਣ-ਸੈਹਣ, ਕਲਾ-ਕਲੰਤਰੀ, ਧਰਮ ਕੇ ਕੰਮ ਅਰ ਮਨਪ੍ਰਚਾਵਾ ਉਸ ਟੈਮ ਕੀਆਂ ਲੋੜਾਂ ਥੋੜਾਂ ਕੇ ਮੁਤਾਬਕ ਤਾ । ਮ੍ਹਾਰੇ ਇਹ ਚਾਰ ਗਰੌਂ ਕੁੰਬੜਾ, ਸੁਹਾਣਾ, ਮੌਲ਼ੀ ਅਰ ਮਟੌਰ ਪੁਆਧ ਕੇ ਗੜ੍ਹ ਮੰਨੇ ਜਹੈਂ ਤੇ । ਅਰ ਦੂਸਰਾ ਇਹ ਰੋਪੜ ਤੇ ਅੰਬਾਲੇ ਤੱਕ ਕੇ ਖਿੱਤੇ ਮਾ ਇਸ ਕੇ ਗੱਭੈ ਤੇ । ਬੜੇ ਪਰਾਣੇ ਨਗਰ ਐਂ। ਡੇਢ ਕੁ ਸੌ ਸਾਲ ਪਹਿਲਾਂ ਮੌਲ਼ੀ ਮਾ ਤੇ ਉਠ ਕੈ ਕੁਸ ਲੋਕਾਂ ਨੈ ਚੁੰਨੀ-ਮੱਛਲ਼ੀ ਕੋਲ ਬਾਸੀਆਂ ਜਾ ਬਸਾਈ । ਬੈਦਵਾਣ ਗੋਤ ਹੋਣੇ ਕਰਕੇ ਯੌਹ ਗਰੌਂ ਬੈਦਵਾਣਾਂ ਕੀ ਬਾਸੀਆਂ ਬਣ ਗਿਆ । ਕੁੰਭੜਾ, ਸੁਹਾਣਾ, ਮੌਲ਼ੀ ਅਰ ਮਟੌਰ ਤਾਂ ਚੰਡੀਗੜ੍ਹ ਅਰ ਮੁਹਾਲ਼ੀ ਕੇ ਨੇੜੈ ਹੋਣੇ ਕਰਕੈ ਆਪਣਾ ਰੰਗ ਢੰਗ, ਰਸਮ-ਰਿਵਾਜ, ਰੈਹਣ ਸੈਹਣ ਕੁਸ ਸਹਿਰ ਬਰਗਾ ਕਰਨ ਲਗ ਪੇ । ਪਰ ਸਹਿਰਾਂ ਅਰ ਸੜਕਾਂ ਤੇ ਪਿੱਛੇ ਹਟਵਾਂ ਮਾਹ੍ਰਾ ਗਰੌਂ ਹੁਣ ਤੱਕ ਬੀ ਆਪਣੇ ਪਿੰਡੇ ਪਰ ਪੁਆਧੀ ਖਿੱਤੇ ਕੇ ਅਤੀਤ ਨੂੰ ਹੰਢਾ ਰਿਹਾ ਐ।

ਪਿਛਲੇ ਟੈਮ ਕੇ ਕੁਸ ਰਸਮ-ਰੁਆਜ ਤਾਂ ਹੁਣ ਬੀ ਉਸੀ ਤਰ੍ਹਾਂ ਕਰੇ ਜਾ ਰਹੇ ਐਂ, ਜਿਸ ਤਰ੍ਹਾਂ ਜਦ ਉਨਕਾ ਅਸਲ ਮਕਸਦ ਹੋਏ ਕਰੈ ਤਾ । ਹੁਣ ਸਮਾਂ ਮਸੀਨੀ ਹੈ, ਮਕਾਨ ਬੀ ਪੱਕੇ ਹੋਗੇ। ਪੁਆਧੀ ਕੇ ਅਤੀਤ ਕੀ ਬਾਤ ਤਾਂ ਕੱਚੇ ਰਸਤਿਆਂ ਅਰ ਕੱਚੇ ਕੋਠਿਆਂ ਕੇ ਪੱਕੇ ਦਿਲਾਂ ਅਰ ਨਰੋਏ ਜੁੱਸੇ ਆਲ਼ੇ ਪੁਰਖਿਆਂ ਕੇ ਕਾਰ-ਬਿਹਾਰ ਮਾ ਤੇ ਹੀ ਪੂਰੀ ਹੋ ਸਕੂਗੀ । ਬੰਦੇ ਕੀ ਕਹਾਣੀ ਉਸ ਕੇ ਜਨਮ ਤੇ ਹੀ ਸੁਰੂ ਹੋ ਜਹਾ । ਜਦ ਕਿਆ ਤਾ ਬਈ, ਨਿਆਣੇ ਕੇ ਜੰਮਣੇ ਤੇ ਪਹਿਲਾਂ ਈ ਗਰਭਵਤੀ ਨੂੰ ਕਈ ਤਰ੍ਹਾਂ ਕੀਆਂ ਰੋਕਾਂ ਟੋਕਾਂ ਸੁਰੂ ਹੋ ਜਾਣੀਆਂ । ਜਿਤਰਾਂ ਮੜੀਆਂ ਕੇ ਲਾਗ ਨੂੰ ਨੀ ਲੰਘਣਾ, ਕਿਸੀ ਕੈੜੇ ਥੌੜ ਪਰ ਨੀ ਜਾਣਾ ਜਿੱਥੇ ਕਿਸੀ ਭੂਤ-ਪ੍ਰੇਤ ਕਾ ਰੋਲ਼ਾ ਹੋਐ । ਦਾਈਆਂ ਆਪਣੇ ਗਰੌਂ ਮਾ ਯਾ ਆਂਢ-ਗੁਆਂਢ ਕੇ ਗਰੌਆਂ ਮਾ ਆਮ ਮਿਲ ਜੇ ਕਰੈ ਤੀਆ । ਕਿਸੀ ਹਸਪਤਾਲ ਕਾ ਕੋਈ ਚੱਕਰ ਨੀ । ਤੀਮੀ ਨੈ ਢਿੱਲੀ-ਮੱਠੀ ਹੋਣਾ ਤਾਂ ਘਰ

ਕੀਆਂ ਸਿਆਣੀਆਂ ਨੈ ਘਰਾਂ ਈ ਸੁੰਢ-ਜੁਐਣ ਦੇ ਦੇਣੀ । ਸਾਰੇ ਨਿਆਣੇ ਗਰੌਆਂ ਮਾ ਈ ਜੰਮਣੇ । ਹੁਣ ਮਾਂਗੋਂ ਕਿਸੀ ਕਾ ਕਾਟ ਕੂਟ ਨਹੀਂ ਤਾ ਬਣਾਇਆ ਜਹੈ । ਫੇਰ ਨਿਆਣੇ ਕਾ ਜਨਮ ਹੋਣੇ ਪਰ ਉਸ ਨੂੰ ਗੁੜਤੀ ਦੇਣੀ । ਗੁੜਤੀ ਆਮ ਤੌਰ ਪਰ ਦਾਈ ਓ ਦਹੇ ਕਰੈ ਤੀ । ਸੱਤਮੇ-ਅੱਠਮੇਂ ਦਿਨ ਨਮੇ ਜੰਮੇ ਜੁਆਕ ਕੀ ਮਾਂ ਨੂੰ ਚੌਂਕੈ ਚੜ੍ਹਾਉਣਾ । ਨਮੇ ਮਹਿਮਾਨ ਕੀ ਜਾਣ ਪਛਾਣ ਕਰਾਉਣੈ ਬਾਸਤੈ ਉਸ ਦਿਨ ਔਸ-ਪੜੌਸ ਕੇ ਜੁਆਕਾਂ ਨੂੰ ਰੋਟੀ ਖਲਾਣੀ ਤਾਂ ਕਿ ਉਹਨਾਂ ਨੂੰ ਪਤਾ ਲਗ ਜੈ ਬਈ ਮ੍ਹਾਰੇ ਗੈਲ ਖੇਲਣੇ ਆਲ਼ਾ ਇੱਕ ਹੋਰ ਆੜੀ ਨਮਾ ਰਲ਼ਿਆ । ਜਣੇਪੇ ਆਲ਼ੇ ਘਰ ਕੇ ਦਰਵਾਜੇ ਮੂਹਰੈ ਅੰਬ ਕੇ ਪੱਤੇ ਸਵਾ ਮਹੀਨਾ ਬੰਨ੍ਹੇ ਰਹੈਂ ਤੇ । ਇਹ ਇਸ ਕਰਕੈ ਬਈ ਇੱਕ ਤਾਂ ਹਰਾ ਖਬਲ ਯਾ ਹਰੇ ਪੱਤੇ ਸ਼ੁਭ ਸਗਨ ਗਿਣਿਆ ਜਹੈ ਤਾ ਦੂਆ ਯੋਹ ਬਈ ਆਉਣ ਜਾਣ ਆਲ਼ਾ ਇਤਹਾਤ ਗੈਲ ਅੰਦਰ ਆਵੈ ।

ਖੇਲਦੇ ਖਾਂਦੇ ਨਿਆਣਿਆਂ ਨੈਂ ਜੁਆਨ ਹੋ ਜਾਣਾ । ਕੁੜੀਆਂ ਕੇ ਪੜ੍ਹਨੇ ਨੂੰ ਕੋਈ ਤਰਜੀਹ ਨੀ ਦਹੈ ਤਾ । ਛੋਕਰਿਆਂ ਨੂੰ ਧਰਮਸ਼ਾਲਾ ਮਾ ਗੁਰਦੁਆਰੇ ਕੇ ਭਾਈ ਕੋਲ ਗੁਰਮੁਖੀ ਪੜ੍ਹਨ ਭੇਜ ਦਹੈਂ ਤੇ । ਕੁਸ ਨੈ ਪੜ੍ਹ ਜਾਣਾ ਕੁਸ ਨੈ ਸਮਝ ਲੇਣਾ ਬਈ 'ਪੜ੍ਹਿਆ ਅਨਪੜ੍ਹਿਆ ਪਰਮਗਤ ਪਾਵੇ ।' ਬਸ ਫੇਰ ਕਿਆ ਹੋਣਾ, ਡਾਂਗ ਚੱਕਣੀ ਅਰ ਡੰਗਰਾਂ ਕਿ ਪਿੱਛੈ ਹੋ ਲੇਣਾ । ਹੁਣ ਮਾਂਗੋਂ ਜਦ ਸਾਰੀ ਜਮੀਨ ਬੌਹਣ-ਬੀਜਣ ਜੋਗੀ ਨਹੀਂ ਤੀ ਹੋਐ । ਜੰਗਲ-ਢੱਕੀਆਂ, ਲੰਬੀਆਂ ਚਰਾਗਾਹਾਂ ਮਾ ਡੰਗਰਾਂ ਕੇ ਚੌਣੇ ਫਿਰੀ ਜਾਣੇ । ਦੁੱਧ ਘੀ ਖੁੱਲ੍ਹੇ ਬਰਤਣੇ । ਗੱਭਰੂਆਂ ਕੇ ਜੁੱਸੇ ਤਕੜੇ ਹੋਣੇ । ਪਿੜਾਂ ਮਾ ਛਿੰਜਾਂ ਪੈਣੀਆਂ, ਘੁੰਡੀਆਂ ਕੇ ਸਿੰਗ ਫਸਣੇ । ਬੜੇਵੇਂ ਖਾਣੀਆਂ ਨੈ ਨਿਤਰਨਾ, ਝੰਡੀਆਂ ਪੱਟਣੀਆਂ । ਹੁਣ ਮਾਂਗੋ ਦੁੱਧ-ਘੀ ਮੁੱਲ ਨੀਂ ਤਾ ਬਿਕੈ । ਦੁੱਧ ਬੇਚਣੇ ਨੂੰ ਪੁੱਤ ਬੇਚਣੇ ਕੇ ਬਰਾਬਰ ਸਮਝਿਆ ਜਹੈ ਤਾ । ਉਧਰ ਧੀਆਂ - ਭੈਣਾਂ ਨੈ ਵੀ ਕੱਤਦੀਆਂ ਬੁਣਦੀਆਂ ਅਰ ਰੋਟੀ ਟੁੱਕਰ ਕਰਦੀਆਂ ਨੈ ਜੁਆਨ ਹੋ ਜਾਣਾ । ਨਾਈ (ਰਾਜੇ) ਨੂੰ ਭੇਜ ਕੈ ਹਾਣ ਪ੍ਰਵਾਣ ਕਾ ਬਰ (ਛੋਕਰਾ) ਟੋਲ੍ਹਣਾ । ਫੇਰ ਸਗਨ ਕਾ ਰੱਪਈਆ ਭੇਜਣਾ । ਬਿਆਹ ਜਾਤਾਂ ਗੋਤਾਂ ਅਰ ਖਾਨਦਾਨੀਆਂ ਦੇਖ ਕੈ ਈ ਕਰੇ ਜਹੈਂ ਤੇ । ਐਮੀ ਨੀ ਬਈ ਲੰਡੇ ਨੂੰ ਲੇਗੇ ਖੁੰਢੇ । ਬਿਆਹਾਂ ਬਾਸਤੈ ਫੇਰ ਪੰਡਤਾਂ ਤੇ ਸਾਹੇ ਕਢਾਉਣੇ । ਸਾਹੇ ਬੰਨੇ ਛੋਕਰੇ, ਕੁੜੀਆਂ ਨੂੰ ਐਰੇ ਗੈਰੇ ਘੁੰਮਣੇ ਤੇ ਰੋਕਣਾ । ਬਿਆਹਾਂ ਕੇ ਆਟੇ ਪਹਿਲਾਂ ਤਾਂ ਘਰਾਂ ਮਾ ਈ ਚੱਕੀਆਂ ਪਰ ਪੀਹੇ ਜਹੈਂ ਤੇ । ਫੇਰ ਆਟਾ ਗੂਟਾ ਜਿਆਦਾ ਹੋਣੇ ਕਰਕੈ ਘਰਾਟਾਂ ਪਰ ਜਾਣ ਲਗਗੇ । ਦਾਲ਼ਾਂ ਦੂਲ਼ਾਂ ਘਰ ਕੀਆਂ ਚੱਕੀਆਂ ਮਾ ਈ ਪੀਹਣੀਆਂ। ਚੱਕੀਆਂ ਪੀਂਹਦੀਆਂ ਤੀਮੀਆਂ ਨੈ ਕੁੜੀਆਂ ਕੇ ਬਿਆਹ ਕੇ ਸੁਹਾਗ ਗਾਣੇ ਅਰ ਛੋਕਰੇ ਆਲ਼ੇ ਕੇ ਘਰਾਂ ਘੋੜੀਆਂ । ਕੱਚਿਆਂ ਦਲ੍ਹਾਨਾਂ ਮਾ ਕੰਧਾਂ ਕੇ ਗੈਲ ਗੈਲ ਪਾਂਡੂ ਕੀ ਤੋਈ ਕੱਢ ਕੈ ਗੋਹੇ ਗੈਲ ਲਿਪ ਦਹੈਂ ਤੇ । ਬਿਆਹ ਤੇ ਚਾਰ ਦਿਨ ਪਹਿਲਾਂ ਕੜਾਹੀ ਚੜਾਉਣੀ । ਸਰੀਕੇ ਨੈ ਭੱਠੀ ਪਰ ਕੰਮ ਕਰਾਉਣ ਆ ਜਾਣਾ । ਲਾਗੀਆਂ ਨੈ ਬੰਨ ਲਾਉਣਾ, ਜੀਹਨੂੰ ਬਟਣਾ ਮਲਣਾ ਬੀ ਕਿਹਾ ਜਹੈ ਤਾ । ਕਣਕ ਕੀਆਂ ਮਿੱਠੀਆਂ ਅਰ

ਛੋਲਿਆਂ ਕੀਆਂ ਸਲੂਣੀਆਂ ਬੱਕਲ਼ੀਆਂ ਬੰਡਣੀਆਂ । ਬਿਆਹ ਤੇ ਇੱਕ ਦਿਨ ਪਹਿਲਾਂ ਜਿੱਦਣ ਮੇਲ਼ ਹੋਣਾ ਉਦਣ ਦੁਪਹੈਰੇ ਨੂੰ ਨਿਊਂਦਾ ਲਿਆ ਜਹੇ ਤਾ । ਨਿਊਂਦੇ ਗੈਲ ਬਿਆਹ ਕੇ ਖਰਚੇ ਮਾ ਮਦਦ ਮਿਲ ਜਹੈ ਤੀ । ਹੁਣ ਮਾਂਗੋਂ ਹਜਾਰਾਂ ਲੱਖਾਂ ਕੀ ਫਸਲ ਨਹੀਂ ਤੀ ਹੋਐ, ਬਈ ਕੋਈ ਕੱਲਾ ਈ ਬਿਆਹ ਕਰ ਲੰਦਾ । ਸਾਰਾ ਭਾਈਚਾਰਾ, ਅੰਗ ਸਾਕ ਮਿਲ ਕੈ ਈ ਕਾਰਜ ਨੂੰ ਸਿਰੈ ਚੜ੍ਹਾਮੈ ਤੇ । ਇਬ ਤਾਂ ਲੱਖ ਆਮ ਹੋ ਗਿਆ। ਜਦ ਤਾਂ ਸਿਆਣੇ ਕਹੈ ਕਰੈਂ ਤੇ ਬਈ ਲਾਖ ਯਾ ਤਾਂ ਦਰੱਖਤਾਂ ਪਰ ਹੋਆ ਹਯਾ ਫੇਰ ਮੂਰਖ ਕੇ ਮੂੰਹ ਮਾ ।

ਗੱਡਿਆਂ, ਰੱਥਾਂ, ਘੋੜਿਆਂ ਅਰ ਊਠਾਂ ਪਰ ਜੰਨਾਂ ਜਾਣੀਆਂ । ਕੱਚਿਆਂ ਰਾਹਾਂ ਮਾ ਗੱਡੇ ਅਰ ਰੱਥਾਂ ਧੂੜ-ਧੂੜ ਪੱਟ ਦਹੈਂ ਤੇ । ਸਾਰੇ ਪੋਹਣ (ਸਵਾਰ ਹੋ ਕੇ ਜਾਣ ਦੇ ਸਾਧਨ) ਇੱਕ ਬਾਰ ਤਾਂ ਐ ਲੱਗਣੇ ਬਈ ਜਿੱਤਰਾਂ ਕਿਸੀ ਫੌਜ ਨੈ ਚੜ੍ਹਾਈ ਕਰਦੀ ਹੋਆ । ਅਗਲੇ ਸਿਰੈ ਜਾ ਕੇ ਡੇਰੇ ਮਾ ਜੰਨ ਤਾਰੀ ਜਾਣੀ । ਦੋ ਦੋ, ਤਿੰਨ-ਤਿੰਨ ਦਿਨ ਜੰਨ ਨੈ ਰਹਿਣਾ । ਅੰਨਦ ਕਾਰਜ ਅਰ ਫੇਰਿਆਂ ਤੇ ਬਿਨਾਂ ਜਨੇਤੀਆਂ ਕੀ ਸੇਵਾ ਪਾਣੀ ਕਰਨੀ । ਪੋਹਣਾ ਮਾ ਆਏ ਬਲਦ, ਊਠ ਅਰ ਘੋੜਿਆਂ ਕਾ ਦਾਣਾ ਪਾਣੀ ਬੀ ਮਿਥ ਮਿਥ ਕੈ ਦੇਣਾ । ਪਸ਼ੂਆਂ ਨੂੰ ਨਿਹਾਰੀਆਂ ਦੇਣੀਆਂ ਅਰ ਜਨੇਤੀਆਂ ਨੂੰ ਪਦਾਰਥ । ਜੰਨ ਕੀ ਵਦੈਗੀ ਕੇ ਟੈਮ ਮਿਸਰੀ ਅਰ ਲੈਚੀਆਂ ਬਰਤਣੀਆਂ । ਜਿਨ੍ਹਾ ਪਾ ਥੋੜਾ ਬੌਹਤਾ ਮਰੱਬਾ ਤਾ ਯਾ ਕੋਈ ਮਲਾਏ ਮਲੂਏ ਮਾ ਗਿਆ ਬਾ ਹੋਏ ਕਰੈ ਤਾ ਉਹ ਦਾਜ ਮਾ ਘੋੜੀ ਜੋੜੀ ਬੀ ਦੇ ਦਹੈਂ ਤੇ । ਬਿਆਂਦੜ ਛੋਕਰੇ ਕੇ ਘਰਾਂ ਛੋਕਰੇ ਬਹੂ ਪਰ ਛੋਕਰੇ ਕੀ ਮਾਂ ਵੋਹਸੜਾ ਲੇ ਕੈ ਪਾਣੀ ਬਾਰ ਕੈ ਪੀਬੈ ਤੀ । ਯੋਹ ਰਸਮ ਤਾਂ ਹੁਣ ਬੀ ਉਸੀ ਤਰ੍ਹਾਂ ਐ । ਘਰ ਕੇ ਬੜੇ-ਬਡੇਰੇ ਕੀ ਸਮਾਧ ਪਰ ਨਮੀ ਜੋੜੀ ਨੂੰ ਮੱਥਾ ਟਿਕਾਇਆ ਜਾਣਾ ਜਰੂਰੀ ਸਮਝਿਆ ਜਹੈ ਤਾ । ਗੁਰਦੁਆਰੇ, ਖੇੜੇ, ਖੁਆਜੇ ਅਰ ਮੰਦਰ ਮਾ ਬੀ ਚਲਿਆ ਜਾਣਾ । ਫੇਰ ਨਮੀ ਜੋੜੀ ਆਪਸ ਮਾ ਛਟੀਆਂ ਖੇਲੈ ਕਰੈ ਤੀ, ਬਿਆਹ ਆਲੇ ਛੋਕਰੇ ਕੀ ਮਾਂ ਆਪਣੇ ਸੱਸ ਬਣਨੇ ਕੀ ਖੁਸ਼ੀ ਮਾ ਆਪਣੇ ਪਿਉਕਿਆਂ ਕੈ ਕੋਠੀ ਝਾੜ ਲੈ ਕੇ ਚਲੀ ਜਹੈ ਤੀ ।

ਪੁਆਧੀ ਖਿੱਤੇ ਕਾ ਸਿਰਕੱਢ ਚਿੰਤਕ ਗਵੱਈਆ ਆਸਾ ਰਾਮ ਬੈਦਵਾਣ ਰਾਤਾਂ ਨੂੰ ਗਰੋਆਂ ਮਾ ਖਾੜੇ ਲਾਏ ਕਰੈ ਤਾ । ਲੋਕਾਂ ਪਾ ਸਿੱਖਿਆ ਅਰ ਮੰਨੋਰੰਜਨ ਕਾ ਇਹ ਬੀ ਇੱਕ ਸਾਧਨ ਤਾ । ਪੰਜਾਬ ਕੀ ਲੋਕ-ਧਾਰਾ ਮਾ ਆਸਾ ਰਾਮ ਕੀਆਂ ਬੋਲੀਆਂ ਕੀ ਬੜੀ ਕੀਮਤ ਐ । ਉਹ ਕੱਲਾ ਗਵੱਈਆ ਈ ਨੀ ਦੂਰ ਦ੍ਰਿਸ਼ਟੀ ਕਾ ਮਾਲਕ ਬੀ ਤਾ । ਉਸ ਕੇ ਹੇਠਲੇ ਬੋਲਾਂ ਕਾ ਹੁਣ ਬੀ ਜ਼ਿਕਰ ਹੋਈ ਜਾ ਰਿਹਾ :

"ਸੀਸੀਆਂ ਮਾ ਦੁੱਧ ਬਿਕੂਗਾ
ਭਾਗਾਂ ਆਲ਼ਿਆਂ ਨੂੰ ਘੀ ਅੱਖੈਂ ਦਿਖੂਗਾ।"

ਇੱਕ ਬਾਰ ਹਾੜ ਮਾ ਮੀਂਹ ਨਾ ਪਬੈ । ਜੇਠ ਬੀ ਸੁੱਕਾ ਲੰਘ ਗਿਆ । ਭਗਤ ਆਸਾ ਰਾਮ ਕਾ ਖਾੜਾ ਲੱਗਿਆ ਬਾ । ਅੰਬਾਲੇ ਕੇ ਲਾਗ ਤਾਂ ਗਰੋਂ ਔਜਲਾਂ

ਫਜੈਲਪੁਰ । ਉਸ ਗਰੋਂ ਮਾ ਪਰਾਣੀ ਰਿਸ਼ਤੇਦਾਰੀ ਹੋਣੇ ਕਰਕੈ ਮੇਰੇ ਬਾਪੂ ਜੀ ਕੇ ਤਾਇਆ ਬੀਰ ਸੈਂ ਬੀ ਉਥੈ ਖਾੜਾ ਸੁਣਨ ਚਲੇ ਗਏ । ਉਥੈ ਕਿਸੀ ਨੈ ਬੋਲ ਮਾਰਦਿਆਂ ਕਿਹਾ ਕਿ ਲੈ ਭਗਤ ਰੁਪੱਈਆ । ਥਾਰੀ ਬੈਦਵਾਣਾਂ ਕੀ ਕੁੜੀ ਮ੍ਹਾਰੈ ਬਿਆਹੀ ਬੀ ਐ । ਤੌਂਹ ਮੇਰਾ ਸਾਲ਼ਾ ਲਗਾਂ । ਭਗਤ ਆਸਾ ਰਾਮ ਨੈ ਰੁਪੱਈਆ ਬਾਪਸ ਕਰਕੈ ਬੋਲੀ ਪਾਈ ਥਈ :

"ਹਰਿ ਕਾ ਬਚਨ ਨਿਰਾਲ਼ਾ,
ਭੈਣ ਨੂੰ ਘਰੇ ਰੱਖ ਲੀਂ ।
ਤੌਂਹ ਬਣੀ ਨਾ ਕਿਸੀ ਕਾ ਸਾਲ਼ਾ ।"

ਪੁਰਖਿਆਂ ਤੇ ਇਹ ਬੀ ਪਤਾ ਲਗਿਆ ਕਿ ਉਸ ਬੰਦੇ ਨੈ ਭਗਤ ਤੇ ਮਾਫ਼ੀ ਮੰਗੀ ਅਰ ਮੀਂਹ ਬਾਸਤੇ ਬੇਨਤੀ ਕਰੀ । ਆਸਾ ਰਾਮ ਨੈ ਅੱਧੀ ਰਾਤ ਲੰਘੇ ਤੇ ਮਲ੍ਹਾਰ ਗਾ ਕੈ ਇੰਦਰ ਨੂੰ ਖੁਸ਼ ਕਰਿਆ । ਤੜਕਸਾਰ ਮੀਂਹ ਪੈਣ ਲਗਿਆ । ਕਈ ਵਾਰ ਫੇਰ ਮੀਂਹ ਨਾ ਪੈਣਾ ਤਾਂ ਜੁਆਕਾਂ ਨੈ ਕੱਠੇ ਹੋ ਕੇ ਲੀਰਾਂ ਕੀ ਗੁੱਡੀ ਬਣਾਉਣੀ ਅਰ ਖੇਤਾਂ ਮਾ ਜਾ ਕੇ ਫੂਕਣੀ । ਗੁੱਡੀ ਫੂਕ ਕੈ ਘਰਾਂ ਨੂੰ ਗੌਂਦੇ ਆਉਣਾ ।

"ਗੁੱਡੀ ਫੂਕੀ ਆਲੇ ਮਾ,
ਮੀਂਹ ਪਿਆ ਪਟਿਆਲੇ ਮਾ।
ਰੱਬਾ ਰੱਬਾ ਮੀਂਹ ਬਰਸਾ
ਸਭ ਕੀ ਕੋਠੀ ਦਾਣੇ ਪਾ ।"

ਪੁਆਧੀ ਕੇ ਖਿੱਤੇ ਕਾ ਬੜਾ ਕੰਮ ਖੇਤੀਬਾੜੀ ਈ ਤਾ । ਖੇਤੀ ਕੇ ਕੰਮ ਗੈਲ ਡੰਗਰ ਬੱਛਾ, ਲੁਹਾਰਾਂ, ਤਰਖਾਣਾਂ, ਚਮਾਰਾਂ, ਝੂਰਾਂ, ਨਾਈਆਂ, ਪੰਡਿਤਾਂ ਅਰ ਸ਼ਾਹਾਂ ਕਾ ਹੋਣਾ ਬੀ ਜਰੂਰੀ ਤਾ । ਸਾਰੇ ਖਿੱਤੇ ਮਾ ਪਾਣੀ ਕੀ ਬੜੀ ਕਿੱਲਤ ਰਹੈ ਤੀ । ਐਧਰ ਰੋਪੜ ਆਲੇ ਪਾਸੇ ਸਤਿਲੁਜ ਕੇ ਨੇੜੇ ਨੇੜੇ ਤਾਂ ਫਸਲ ਬਾੜੀ ਅਰ ਡੰਗਰ ਬੱਛੇ ਨੂੰ ਕੁਸ਼ ਫੈਦਾ ਤਾ । ਅੰਬਾਲੇ ਆਲੇ ਪਾਸੇ ਘੱਗਰ ਨਦੀ ਬੀ ਕਦੀ ਕਦੀ ਚੀਨੇ ਕੇ ਚੌਲਾਂ ਨੂੰ ਭਾਗ ਲਾ ਜਹੈ ਤੀ । ਕਿਸੀ ਕਿਸੀ ਕੇ ਖੇਤ ਮਾ ਟਿੰਡਾ ਆਲ਼ਾ ਹਲਟ ਖੂਹ ਹੋਐ ਕਰੈ ਤਾ। ਘਰਾਂ ਬਾਸਤੈ ਡੂੰਘਿਆਂ ਖੂਹਾਂ ਪਰ ਤੇ ਝੂਰ ਈ ਪਾਣੀ ਭਰੇ ਕਰੈਂ ਤੇ । ਲੁਹਾਰ, ਤਰਖਾਣ ਹਲ, ਪੰਜਾਲੀ ਗੱਡੇ ਅਰ ਰਥਾਂ ਸੁਆਰ ਕਰੈਂ ਤੇ । ਝਿਊਰ ਬਹਿੰਗੋ ਪਰ ਪਾਣੀ ਢੋਏ ਕਰੈਂ ਤੇ । ਚਾਰ ਚਾਰ ਪੰਜ ਪੰਜ ਘੜੇ ਇਕੋ ਬਾਰ ਬਹਿੰਗੇ ਮਾ ਫਸਾ ਲਹੈਂ ਤੇ ।

ਅੱਸੂ ਕੱਤਕ ਕੇ ਮਹੀਨਿਆਂ ਮਾ ਕਪਾਹਾਂ ਚੁਗਣੀਆਂ । ਕਪਾਹਾਂ ਨੂੰ ਘਰਾਂ ਮਾ ਈ ਬੇਲਣਿਆਂ ਗੈਲ ਬੇਲਣਾ । ਬੜੇਵੇਂ ਅਰ ਕਪਾਹ ਲੈਹਦੇ ਕਰਨੇ । ਇਹਨਾਂ ਦਿਨਾਂ ਮਾ ਤੀਮੀਆਂ ਇੱਕ ਗੀਤ ਗਾਏ ਕਰੈਂ ਤੀਆਂ :-

ਚੁੱਲ੍ਹਾ ਛੱਡ ਕੈ ਚਰਖਾ ਡਾਹਇਆ ।
ਚਰਖਾ ਛੱਡ ਕੇ ਚੱਕੀ
ਇਬ ਕਰੀਰ ਕਾ ਬੇਲਣਾ
ਮੈਂ ਬੇਲ ਬੇਲ ਕੈ ਥੱਕੀ !

ਬੜੇਵੇਂ ਉਬਾਲ ਕੈ ਮ੍ਹੈਸਾਂ ਨੂੰ ਪਾਣੇ । ਬੜੇਵੇਂ ਖਾਣੀਆਂ ਮੈਸਾਂ ਕੇ ਦੂੱਧ ਪਰ ਗਿੱਠ ਗਿੱਠ ਮਲ਼ਾਈ ਚੜ੍ਹ ਜਹੈ ਤੀ । ਕਪਾਹ ਗੈਲ ਰਜਾਈਆਂ ਬਿਛਾਉਣੇ ਗਰੋਂ ਕੇ ਪਿੰਜੇ ਤੇ ਭਰਵਾਣੇ । ਪਿੰਜੇ ਨੈ ਤਾੜੇ ਗੈਲ ਰੂੰਈ ਪਿੰਜਣੀ ਅਰ ਰਜਾਈਆਂ ਬਿਛਾਉਣਿਆਂ ਅਰ ਸਰਹਾਣਿਆਂ ਮਾ ਪਾਣੀ । ਬਾਕੀ ਕੀ ਬੇਲੀ ਬੀ ਕਪਾਹ ਨੂੰ ਪੂਣੀਆਂ ਬਣਾ ਕੇ ਕੱਤਣਾ, ਅਟੇਰਨਾ । ਅੱਟੀਆਂ ਜੁਲਾਹੇ ਨੂੰ ਦੇ ਕੈ ਉਸ ਤੇ ਬਰਕ ਬਣਾਉਣੀ । ਘਰ ਕਾ ਖੱਦਰ ਤਿਆਰ ਕਰਕੈ ਕੁੜਤੇ, ਪਜਾਮੇ ਅਰ ਧੋਤੀਆਂ ਬਣਾਉਣੀਆਂ । ਬਾਹਰ ਖੂਹਾਂ ਟੋਭਿਆਂ ਪਰ ਨ੍ਹਾਉਣਾ ਅਰ ਕੱਪੜੇ ਧੋਣੇ । ਸਾਬਣ ਕੋਈ ਸ਼ੁਕੀਨ ਈ ਬਰਤੈ ਤਾ । ਕਦੀ ਕਿਸੀ ਖਾਸ ਮਹਿਮਾਨ ਕੇ ਆਉਣੇ ਪਰ ਸਾਬਣ ਕੀ ਟਿੱਕੀ ਲਿਆਈ ਜਾਣੀ । ਘਰਾਂ ਕੇ ਮੂਹਰੇ ਡਿਊਢੀਆਂ ਹੋਏ ਕਰੈਂ ਤੀਆਂ । ਕਈ ਬਾਰ ਕਪਾਹਾਂ ਕੇ ਗੱਡੇ ਲੱਦ ਕੈ ਤਬੇਲਿਆਂ ਅੰਦਰ ਖੜ੍ਹਾਏ ਜਾਣੇ । ਇਸ ਤਰ੍ਹਾਂ ਤਾਂ ਕਰਨਾ ਜਦ ਮੀਂਹ ਕਿਣੀ ਯਾ ਬੱਦਲਵਾਈ ਕਾ ਡਰ ਹੋਏ ਕਰੈ ਤਾ ।

ਕਪਾਹ ਤੇ ਬਿਨਾ ਗੰਨਾ, ਕਣਕ, ਬਾਜਰਾ, ਛੋਲੇ, ਮੱਕੀ, ਸਰੋਂ, ਤਿਲ ਅਰ ਮੂੰਗਫਲੀ ਕੀ ਖੇਤੀ ਬੀ ਹੋ ਜਹੈ ਤੀ । ਗੰਨੇ ਘੁਲਾੜੀਆਂ ਮਾ ਪੀੜਨੇ । ਗੁੜ ਬਣਾਉਣਾ, ਘੁਲਾੜੀ ਵਿੱਚ ਬਲਦ ਜੋੜ ਕੈ ਸਾਰੀ ਸਾਰੀ ਰਾਤ ਹੱਕਣੇ । ਠੰਡ ਲਗਣੀ ਤਾਂ ਧੂਣੀਆਂ ਬਾਲ ਕੈ ਸੇਕਣਾ, ਹਰੇ ਛੋਲਿਆਂ ਕੀਆਂ ਹੋਲ਼ਾਂ ਭੁੰਨ ਕੈ ਖਾਣੀਆਂ । ਹੋਲ਼ਾਂ ਤੇ ਇੱਕ ਟਿੱਚਰ ਯਾਦ ਆਗੀ । ਕਈ ਬਾਰ ਕਿਸੇ ਛੋਟੇ ਨਿਆਣੇ ਨੂੰ ਕਹਿਣਾ ਬਈ ਕਹਿ ਹੋਲਾਂ । ਉਸ ਨੇ ਕਹਿਣਾ ਹੋਲ਼ਾਂ । ਉਸ ਨੂੰ ਕਹਿਣਾ ਹੋਲ਼ਾਂ, ਹੋਲ਼ਾਂ ਤੇਰੀ ਮਾਂ ਖੋਗੀ ਮੈਂ ਕਿਉਂ ਟੋਲ਼ਾਂ । ਇਸ ਤਰ੍ਹਾ ਕੇ ਹਾਸੇ ਠੱਠੇ ਚਲਦੇ ਰਹੈਂ ਤੇ ਫੱਗਣ, ਚੇਤ ਕੇ ਬਾਅਦ ਹਾਜਰੀ ਮਾ ਕਣਕ ਛੋਲਿਆਂ ਅਰ ਜੌਆਂ ਕੀ ਮਿੱਸੀ ਰੋਟੀ (ਬੇਰੜਾ) ਮੱਖਣੀ ਗੈਲ ਖਾਣੀ ਤਾਂ ਸੁਆਦ ਆ ਜਹੈ ਤਾ ।

ਸਾਰੇ ਈ ਕੰਮ ਧੰਦੇ ਬੜੀ ਮਿਹਨਤ ਮੁਸ਼ਕਤ ਆਲੇ ਹੋਏ ਕਰੈਂ ਤੇ । ਬੌਹਤਾ ਜੋਰ ਚੰਗੇ ਬਲ਼ਦਾਂ ਪਰ ਹੋਐ ਤਾ । ਬਲ਼ਦਾਂ ਬਾਰੇ ਕਿਹਾ ਜਹੈ ਤਾ ਕਿ "ਧੀ ਘਰਾਣੇ ਕੀ, ਬਲ਼ਦ ਲਾਣੇ ਕਾ" ਭਾਵ ਚੰਗੇ ਘਰਾਣੇ ਕੀ ਧੀ ਘਰ ਕੇ ਕੰਮ ਕਾਰ ਨੂੰ ਸੰਭਾਲ ਸਕਾ ਅਰ ਲਾਣੇ ਕਾ ਬਲ਼ਦ ਕਦੀ ਰਾਹ ਮਾ ਧੋਖਾ ਨਾ ਦਹੈ । ਦਸ-ਦਸ ਗੱਡਿਆਂ ਕੀਆਂ ਲੈਨਾਂ ਅੰਬਾਲੇ ਤੇ ਪੰਜੌਰ ਅਰ ਰੋਪੜ ਤੇ ਸ਼ਿਮਲੇ ਤੱਕ ਕਰਾਇਆ ਢੋਣ ਨੂੰ ਤੁਰ ਪੈ ਕਰੈਂ ਤੀਆਂ । ਪੰਜੌਰ ਤੇ ਲੈ ਕੇ ਸ਼ਿਮਲੇ ਤੱਕ ਕਾ ਇੱਕ ਗੱਡੇ ਕਾ ਇੱਕ ਗੇੜੇ ਕਾ ਕਿਰਾਇਆ ਸਿਰਫ਼ ਬੀਹ ਰੱਪਈਏ ਹੋਏ ਕਰੈ ਤਾ । ਇੱਕ ਬਾਰ ਸ਼ਿਮਲੈ ਜਾ ਕੈ ਇੱਕ ਚੜ੍ਹਾਈ ਆਲ਼ੇ ਮੋੜ ਪਰ ਵੱਡੇ ਬਾਬਾ ਜੀ (ਬਾਪੂ ਜੀ ਕੇ ਤਾਇਆ ਸੀ ) ਨੈ ਬਲ਼ਦਾਂ ਨੂੰ ਹੱਲਾ ਸ਼ੇਰੀ ਦੇਣ ਬਾਸਤੇ ਜੋਰ ਕੀ ਆਵਾਜ ਕੱਢੀ । ਉਪਰ ਕੋਠੀ ਮਾ ਅੰਗਰੇਜ ਅਫ਼ਸਰ ਸੁੱਤਾ ਪਿਆ ਤਾ । ਉਸ ਕੇ ਅਰਦਲੀ ਨੈ ਦੌੜ ਕੈ ਬਾਬਾ ਜੀ ਨੂੰ ਚੁੱਪ ਕਰਾਇਆ ਕਿ ਜੇ ਸੈਹਬ ਉੱਠ-ਕੜਿਆ ਤਾਂ ਜੁਰਮਾਨਾ ਕਰ ਦਿਉਗਾ । ਪੁਰਖਿਆਂ ਨੈ ਮਿਹਨਤ ਬੀ ਕਰੀ ਅਰ ਗੁਲਾਮੀ ਬੀ ਝੱਲੀ । ਪੈਸੇ ਕੀ ਕਿੱਲਤ ਕਰਕੇ ਸੌ ਪਾਪੜ

ਬੇਲਣੇ ਪਮੈ ਤੇ । ਮ੍ਹਾਰੇ ਗਰੋਂ ਮਾ ਸੁਰਜਣ ਸੈਂ ਤਾਏ ਕੇ ਬਲ਼ਦ ਤਕੜੇ ਹੋਏ ਕਰੈਂ ਤੇ । ਉਸ ਨੈ ਗੱਡਿਆਂ ਗੈਲ ਕਿਰਾਏ ਕਾ ਸੌ ਰੁਪਈਆ ਬਣਾ ਲਿਆ । ਉਸ ਕੇ ਸੌ ਕੇ ਲੋਟ ਨੂੰ ਸਾਰਾ ਗਰੋਂ ਦੇਖਣ ਗਿਆ । ਬਈ ਸੌ ਕਾ ਲੋਟ ਕਿਹਾ ਜਾ ਹੋਆ ।

ਬਾਹਰ ਸਫਰ ਪਰ ਜਾਣੇ ਕੇ ਟੈਮ ਕੱਪੜੇ ਧੋਣੇ ਬਾਸਤੇ ਨਿੰਮ ਕੀਆਂ ਨਿੰਮੋਲੀਆਂ ਕਾ ਸਾਬਣ ਗੈਲ ਰੱਖਣਾ । ਖੱਦਰ ਕੇ ਕੁੜਤੇ ਬੀ ਘਰਾਂ ਤਿਆਰ ਕਰਨੇ ਅਰ ਨਿੰਮ ਕਾ ਸਾਬਣ ਬੀ । ਕੱਪੜਾ ਬਾਹਰ ਤੇ ਘੱਟ ਈ ਆਬੈ ਤਾ । ਕਈ ਤਾਂ ਖੱਦਰ ਕੇ ਕੁੜਤਿਆਂ ਗੈਲ ਏ ਜਿੰਦਗੀਆਂ ਕੱਢਗੇ । ਮੇਰੇ ਯਾਦ ਐ ਇੱਕ ਬਾਰ ਮੱਕੀ ਗੁੱਡਦੇ ਟੈਮ ਹਾੜ ਮਾ ਗਰਮੀ ਗੈਲ ਕੱਪੜੇ ਨੁਚੜਣ ਲਗ ਗੇ । ਬਾਬੇ ਨੈ ਤਾਂ ਆਪਣਾ ਖੱਦਰ ਕਾ ਕੁੜਤਾ ਖੋਲ੍ਹ ਕੈ ਮੋਢਿਆਂ ਤੇ ਢੂਹੀ ਆਲੇ ਪਾਸੇ ਨੂੰ ਗੇਰ ਲਿਆ ਅਰ ਕਹਿਣ ਲੱਗੇ ਕਿ ਲੈ ਬਈ ਹੁਣ ਜਿਹੜਾ ਬੀ ਹਬਾ ਕਾ ਬੁੱਲਾ ਆਊ, ਉਹ ਸ਼ਿਮਲੇ ਕਾ ਭੁਲੇਖਾ ਪਾਊ । ਖੱਦਰ ਪਸੀਨੇ ਗੈਲ ਭਿੱਜ ਕੈ ਠੰਢਾ ਹੋ ਜਹੈ ਤਾ ।

ਮੁਰਗੇ ਕੀ ਪਹਿਲੀ ਬਾਂਗ ਗੈਲ ਤੜਕੇ ਨੂੰ ਬਿਹੜੇ ਮਾ ਦੋਹਣ ਬੋਲ ਪੈਣੀਂ । ਚਾਟੀਆਂ ਮਾ ਮਧਾਣੀਆਂ ਗੂੰਜ ਪੈਣੀਆਂ । ਭਜਨ ਪਾਠ ਆਲ਼ਿਆ ਘਰ ਦੂਰ ਪਾਰ ਜਾਣ ਆਲਿਆਂ ਕੀਆਂ ਬਾਲਟੀਆਂ ਖੂਹਾਂ ਪਰ ਖੜਕ ਪੈਣੀਆਂ । ਹਾਲ਼ੀਆਂ ਨੈ ਬਲ਼ਦਾਂ ਕੇ ਪਿੱਛੇ ਟਿੱਚ ਟਿੱਚ ਸ਼ੁਰੂ ਕਰ ਦੇਣੀ । ਆਮ ਸਫ਼ਰ ਪੈਦਲ ਈ ਤਹਿ ਕਰਨਾ ਪਬੈ ਤਾ। ਸੜਕਾਂ ਉਹਨਾਂ ਬੇਲਿਆਂ ਮਾ ਆਮ ਨੀਂ ਤੀਆਂ । ਰਸਤੇ ਕੱਚੇ ਹੋਏ ਕਰੈਂ ਤੇ । ਮੇਰੇ ਬਾਪੂ ਜੀ ਕਈ ਬੇਰ ਮੇਰੇ ਗਰੋਂ ਬਾਸੀਆਂ ਬੈਦਵਾਣ ਤੇ ਅੰਬਾਲੇ ਤੱਕ ਪੈਦਲ ਈ ਜਾਏ ਕਰੈਂ ਤੇ । ਜਦ ਦੁਪਹਿਰੇ ਕੀ ਰੋਟੀ ਕੇ ਟੈਮ ਘਰ ਮੁੜ ਆਮੈ ਤੇ ਤਾਂ ਪੁੱਛੇ ਤੇ ਕਹਿਣਾ ਕਿ ਯੌਹ ਪਿਆ ਅੰਬਾਲਾ । ਢਾਈ ਕੋਹ ਬਾਟ ਸਾਰੀ । ਇਹਾ ਜਾ ਢਾਈ ਕੋਹ ਅੰਬਾਲਾ ਉਹ ਸਾਲ ਮਾਂ ਕਈ ਬਾਰ ਕਰ ਦਹੈਂ ਤੇ । ਖਾਸ ਖਾਸ ਦਾਣਾਂ ਮੰਡੀਆਂ ਰੋਪੜ, ਕੁਰਾਲੀ, ਖੈੜ, ਰਾਜਪੁਰੇ ਅਰ ਅੰਬਾਲੇ ਮਾ ਈ ਹੋਐਂ ਤੀਆਂ ।

ਗਰੋਆਂ ਮਾ ਕੋਠੇ ਆਮ ਕਰਕੈ ਕੱਚੇ ਈ ਹੋਐਂ ਕਰੈਂ ਤੇ । ਇਹ ਕੋਠੇ ਅੱਜ ਕੱਲ ਕੇ ਲੈਟਰਾਂ ਮਾਂਗੋਂ ਨਾ ਤਾਂ ਗਰਮੀਆਂ ਮਾ ਬਹੁਤੇ ਤਪੈਂ ਤੇ ਨਾ ਹੀ ਪੋਹ ਮਾਘ ਮਾ ਠੰਡੇ ਹੋਐਂ ਤੇ । ਮੰਜੇ ਬੱਬੜ੍ਹ ਕੇ ਬਾਣ ਕੇ ਯਾ ਸਣ ਕੇ ਬੁਣ ਜਹੈਂ ਤੇ । ਮਨੀਮਾਜਰੇ ਆਲੇ ਪਾਸੇ ਬੱਬੜ ਬਹੁਤ ਹੋਏ ਕਰੈ ਤੀ । ਊਠਾਂ ਯਾ ਗੱਡਿਆਂ ਪਰ ਮਨਸਾ ਦੇਵੀ ਕੇ ਦਰਸਣਾਂ ਨੂੰ ਜਾਣਾ। ਆਂਦੇ ਬੇਆਂ ਨੈ ਬੱਬੜ ਲਿਆਣੀ ਅਰ ਗਾਂਦੇ ਆਣਾ ;

"ਮੁੰਜ ਬੱਬੜ੍ਹ ਕਾ ਸੌਦਾ,
ਦਰਸ਼ਣ ਦੇਵੀ ਕਾ ।"

ਇਸ ਤੇ ਬਿਨਾ ਇੱਕ ਹੋਰ ਦੇਵੀ ਐ ਨੈਣਾ ਦੇਵੀ । ਸੌਣ ਭਾਦੋਂ ਕੇ ਮਹੀਨੇ ਮਾ ਜਿਹੜੀ ਅੱਠਿਓਂ ਆਣੀ ਉਸ ਨੂੰ ਸਾਰੇ ਪੁਆਧ ਮਾ ਦੇਵੀ ਕੀ ਕੜਾਹੀ ਚੜ੍ਹੇ ਕਰੈ ਤੀ। ਸਾਰੇ ਘਰਾਂ ਮਾ ਦੁਪਹਿਰ ਨੂੰ ਕੜਾਹ ਕਰਕੇ ਖਾਏ ਕਰੈਂ ਤੇ ।

ਫੱਗਣ ਚੇਤ ਕੇ ਮਹੀਨੇ ਮਾ ਨੰਦਪੁਰ ਜੀ ਕੇ ਹੋਲੇ ਮਹੱਲੇ ਮਾ ਜਾਣਾ, ਇੱਜਤ

ਅਣਖ ਕੀ ਰਾਖੀ ਅਰ ਧਰਮ ਕਾ ਪਿਆਰ ਇਹਨਾਂ ਮੇਲਿਆਂ ਮਾ ਤੇ ਸਿੱਖਣੇ ਨੂੰ ਮਿਲੈ ਤਾ । ਮ੍ਹਾਰੇ ਲਾਕੇ ਕਾ ਇੱਕ ਧਰਮੀ ਜੋਧਾ ਨੰਦਪੁਰ ਕਲੌੜ ਕਾ ਦਿੱਤਾ ਸਿੰਘ ਗਿਆਨੀ ਹੋਏ ਕਰੈ ਤਾ । ਇਸ ਨੈ ਹਿੰਦੂਆਂ ਕੇ ਦਯਾਨੰਦ ਨੂੰ ਧਰਮ ਕੀ ਬਹਿਸ ਮਾ ਹਰਾ ਦਿਆ ਤਾ । ਉਹ ਬਹੁਤ ਗਿਆਨੀ ਤਾ । ਸੁਣਨੇ ਮਾ ਆਇਆ ਬਈ ਉਸਨੈ ਅੰਗਰੇਜਾਂ ਕੇ ਇਸਾਈ ਧਰਮ ਨੂੰ ਸਿੱਖੀ ਮਾ ਬੜਨੇ ਤੇ ਰੋਕਿਆ । ਧਰਮ ਕਰਮ ਇਸ ਖਿੱਤੇ ਮਾ ਬਹੁਤ ਤਾ । ਛੋਟੇ ਸੈਹਬਜਾਦਿਆਂ ਕੀ ਫਤੇਗੜ ਮਾ ਸੋਕ ਸਭਾ ਗਿਆਰਾਂ ਪੋਹ ਨੂੰ ਭਰਨੀ ਸੁਰੂ ਹੋਏ ਕਰੈ ਤੀ । ਸਿਆਣੇ ਸਿਆਣੇ ਬੰਦਿਆਂ ਨੈ ਇਸ ਸੋਕ ਸਭਾ ਮਾ ਜਾਣਾ ਅਫ਼ਸੋਸ ਕਰਕੇ ਮੁੜ ਆਣਾ । ਹੌਲੀ ਹੌਲੀ ਉਥੇ ਦਵਾਨ ਲੱਗਣ ਲਗ ਪੇ, ਢਾਡੀ ਅਰ ਕਬੀਸਰੀ ਗੌਣ ਲਗ ਪੇ । ਨੰਦਪੁਰ ਜੀ ਅਰ ਫਤੇਗੜ ਮਾਂਗੋਂ ਚਮਕੌਰ ਕੀ ਧਰਤੀ ਕੇ ਕਿੱਸੇ ਬੀ ਲੋਕਾਂ ਨੂੰ ਜਬਾਨੀ ਯਾਦ ਤੇ । ਲੋਕਾਂ ਕਾ ਬਰਤ ਬਿਹਾਰ ਇਹਨਾਂ ਧਾਰਮਿਕ ਸਥਾਨਾਂ ਕੀ ਭੈਅ ਅਰ ਪਿਆਰ ਮਾ ਢਲਣਾ ਸੁਰੂ ਹੋ ਗਿਆ । ਮਿਲ ਜੁਲ ਕੈ ਕੰਮ ਕਰਨੀ ਕੀ ਰੀਤ ਬਧਣ ਲੱਗੀ। ਜੋਰੀ ਜੁਲਮੀ ਮਨੋਮਾਨੀ ਘੱਟਣ ਲਗ ਪੀ । ਧਾਰਮਕ ਅਕੀਦੇ ਲੋਕਾਂ ਕੇ ਆਚਾਰ ਬਿਹਾਰ ਮਾ ਆਣ ਲਗ ਪੇ । ਲੋਕ ਸੱਚੀ ਸੁੱਚੀ ਕਿਰਤ ਨੂੰ ਧਰਮ ਕੀ ਕਮਾਈ ਸਮਝਣ ਲਗ ਪੇ ।

ਸਾਰੇ ਕੰਮਾਂ ਕਾਰਾਂ ਨੂੰ ਕਰਦਿਆਂ ਕਰਾਂਦਿਆਂ ਇੱਕ ਦਿਨ ਜ਼ਿੰਦਗੀ ਕੀ ਸੰਝ ਬੀ ਹੋ ਜਾਣੀ । ਮਰਨਾ ਤਾਂ ਹਰੇਕ ਨੈ ਈ ਹੋਐ ਤਾ । ਬੰਦੇ ਕੇ ਮਰਨੇ ਪਰ ਖਾਸਾ ਖਲਜਗਣ ਜਾ ਪੈ ਜੇ ਕਰੈ ਤਾ । ਤੀਮੀਆਂ ਨੇ ਘੜਾ ਘੁੜਾ ਭੰਨਣਾ । ਚਿਖਾ ਨੂੰ ਅੱਗ ਬੜੇ ਛੋਕਰੇ ਨੈ ਦਖਾਣੀ । ਕੋਰੇ ਘੜੇ ਮਾ ਮੋਰੀ ਕਰਕੈ ਦਰੱਖਤ ਗੈਲ ਬੰਨ੍ਹ ਦੇਣਾ ਬਈ ਬੂੰਦ ਬੂੰਦ ਪਾਣੀ ਮਰਨੇ ਆਲੇ ਨੂੰ ਰਸਤੇ ਮਾ ਮਿਲਦਾ ਰਹੂ । ਕਈ ਤਾਂ ਮੜ੍ਹੀ ਨੂੰ ਬੀ ਕੀਲ ਦਹੈਂ ਤੇ ਬਈ ਮਰਨੇ ਆਲ਼ਾ ਕਿਤੀ ਉੱਠ ਕੈ ਘਰਾਂ ਨੂੰ ਏ ਨਾ ਆ ਜਹੈ । ਫੁੱਲ ਚੁਗ ਕੇ ਹਰਿਦੁਆਰ ਜੀ ਪਾ ਕੇ ਆਣੇ । ਗੁਰਬਾਣੀ ਕੇ ਪਾਠ ਕਾ ਭੋਗ ਪਾਣਾ । ਬੁੜ੍ਹੇ ਕਾ ਹਗਾਮਾ ਕਰਨਾ । ਕਿਸੀ ਜਵਾਨ ਮੌਤ ਪਰ ਖਾਸਾ ਅਫਸੋਸ ਗੁਆਂਢ ਕੇ ਗਰੌਆਂ ਮਾ ਬੀ ਫੈਲ ਜੈਹੈ ਤਾ । ਗਰੌਂ ਮਾ ਕਿਸੀ ਕੇ ਚੁੱਲ੍ਹੇ ਪਰ ਰੋਟੀ ਨੀ ਤੀ ਪੱਕੈ ।

ਅਜਾਦੀ ਤੇ ਪਹਿਲਾਂ ਸਾਰੇ ਧਰਮਾਂ ਕੇ ਲੋਕ ਬਿਨਾਂ ਕਿਸੀ ਫਰਕ ਕੇ ਰਹੇ ਕਰੈਂ ਤੇ । ਹੱਲਿਆਂ ਆਲ਼ੇ ਸਾਲ ਪਾਕਸਤਾਨ ਕਾ ਰੌਲ਼ਾ ਗੌਲ਼ਾ ਹੋ ਗਿਆ । ਘਰ ਕੇ ਜੀਆਂ ਮਾਗੋਂ ਰਹਿ ਰਹੇ ਮੁਸਲਮਾਨਾਂ ਨੂੰ ਸਭ ਕੁਸ ਛੱਡ ਕੈ ਦੌੜਨਾ ਪੈ ਗਿਆ । ਉਹਨਾਂ ਜੀਆਂ ਕਾ ਇਤਰਾਂ ਜਾਣਾ ਪੁਆਧ ਕੇ ਇਲਾਕੇ ਕੇ ਲੋਕਾਂ ਕੇ ਦਿਲਾਂ ਮਾਂ ਡੂੰਘੇ ਜਖਮ ਕਰ ਗਿਆ । ਪੀੜ੍ਹੀਆਂ ਲੰਘ ਗਈਆਂ ਪਰ ਉਹ ਘੌਹ ਹਲੇ ਤੱਕ ਬੀ ਹਰੇ ਐਂ। ਰੱਬ ਉਹਨਾਂ ਲੋਕਾਂ ਕੀ ਖੈਰ ਕਰੈ ।

# ਪੁਆਧ ਦੀਆਂ ਅਲੋਪ ਹੋ ਰਹੀਆਂ ਵਿਆਹ ਰਸਮਾਂ ਤੇ ਉਹਨਾਂ ਦੇ ਲੋਕ-ਗੀਤ

*ਕਮਲ ਕੁਮਾਰ*
*ਐਮ. ਏ., ਐਮ. ਫਿਲ.*

ਜੇਕਰ ਕਿਸੇ ਦੇਸ਼, ਕੌਮ, ਕਬੀਲੇ ਦੀ ਲੋਕ-ਸੰਸਕ੍ਰਿਤੀ ਦੇ ਦਰਸ਼ਨ ਦਿਦਾਰ ਕਰਨੇ ਹੋਣ ਤਾਂ ਉਸ ਦੇਸ਼, ਕੌਮ, ਕਬੀਲੇ ਦੇ ਲੋਕਾਂ ਦੇ ਸੰਸਕਾਰ ਤੇ ਸੰਸਕਾਰਾਂ ਨਾਲ ਜੁੜੇ ਹੋਏ ਰਸਮੋ ਰਿਵਾਜ ਅਹਿਮ ਭੂਮਿਕਾ ਨਿਭਾਅ ਸਕਦੇ ਹਨ । ਇਹ ਲੋਕ ਜੀਵਨ ਦਾ ਅਕਸ ਹੁੰਦੇ ਹਨ । ਇਹਨਾਂ ਵਿੱਚ ਲੋਕ - ਮਾਨਸ ਦੀ ਅਭਿਵਿਅਕਤੀ ਹੋਈ ਹੁੰਦੀ ਹੈ । ਲੋਕ-ਮਾਨਸ ਦਾ ਇਹ ਵਿਸ਼ਵਾਸ ਹੈ ਕਿ ਜੇਕਰ ਕਿਸੇ ਸੰਸਕਾਰ ਸਮੇਂ ਇਹ ਰਸਮੋ ਰਿਵਾਜ ਨਾ ਕੀਤੇ ਜਾਣ ਅਤੇ ਨਾ ਹੀ ਇਹਨਾਂ ਨਾਲ ਸਬੰਧਿਤ ਗੀਤ ਗਾਏ ਜਾਣ ਉਦੋਂ ਤੱਕ ਉਹ ਸੰਸਕਾਰ ਸੰਪੂਰਨ ਹੋਇਆਂ ਨਹੀਂ ਸਮਝਿਆ ਜਾਂਦਾ । ਇਹ ਰਸਮਾਂ ਸਿਰਫ਼ ਲੋਕ ਵਿਸ਼ਵਾਸ ਹੀ ਨਹੀਂ ਸਗੋਂ ਇਨ੍ਹਾਂ ਰਸਮਾਂ ਦੇ ਪਿੱਛੇ ਵਿਗਿਆਨਕ ਕਾਰਨ ਕੰਮ ਕਰ ਰਹੇ ਹੁੰਦੇ ਹਨ । ਉਦਾਹਰਨ ਵਜੋਂ ਵਿਆਂਹਦੜ ਕੁੜੀ/ਮੁੰਡੇ ਨੂੰ ਬਟਣਾ ਲਗਾਉਣ ਦੀ ਰਸਮ ਕੀਤੀ ਜਾਂਦੀ ਹੈ । ਲੋਕ-ਮਾਨਸ ਲਈ ਮਹਿਜ ਇਹ ਇੱਕ ਰਸਮ ਹੈ ਪਰ ਬਟਣਾ ਲਗਾਉਣ ਨਾਲ ਬੰਨਾ/ਬੰਨੀ ਦੇ ਰੂਪ ਵਿੱਚ ਚੋਖਾ ਨਿਖਾਰ ਆਉਂਦਾ ਹੈ। ਇਹ ਰਸਮਾਂ ਰਿਸ਼ਤਾ-ਨਾਤਾ ਪ੍ਰਣਾਲੀ ਲਈ ਵੀ ਵਧੇਰੇ ਮਹੱਤਵ ਦੀਆਂ ਧਾਰਨੀ ਹਨ । ਜਿਵੇਂ ਕੋਈ ਕੋਟ-ਕਚਿਹਰੀ ਦੇ ਵਿਆਹ ਵਾਲੇ ਜੋੜੇ ਦਾ ਕਿਸੀ ਕਾਰਨ ਆਪਸ ਵਿੱਚ ਲੜਾਈ ਝਗੜਾ ਹੋ ਜਾਂਦਾ ਹੈ ਤਾਂ ਉਹ ਦੋਵੇਂ ਇਕ ਦੂਜੇ ਨੂੰ ਤਾਅਨੇ ਮਿਹਣੇ ਦੇਣਗੇ, ਪਤੀ ਆਪਣੀ ਪਤਨੀ ਨੂੰ ਆਖੇਗਾ ਕਿ ਤੂੰ ਕਿਹੜਾ ਮੇਰੇ ਨਾਲ ਫੇਰੇ ਲਏ ਨੇ ਤੇ ਅੱਗੋਂ ਜਵਾਬ ਮਿਲੇਗਾ ਕਿ ਤੂੰ ਕਿਹੜੇ ਮੇਰੇ ਘਰ ਸਿਹਰਾ ਬੰਨ੍ਹ ਕੇ ਢੁੱਕਿਆ ਸੀ । ਦੂਜਾ ਮਹੱਤਵ ਦਾ ਕਾਰਨ ਇਹ ਹੈ ਕਿ ਇਹਨਾਂ ਰਸਮਾਂ ਦਾ ਨਿਭਾਅ ਕਿਸੇ ਨਾ ਕਿਸੇ ਰਿਸ਼ਤੇ ਦੁਆਰਾ ਕੀਤਾ ਜਾਂਦਾ ਹੈ । ਇਸ ਤਰ੍ਹਾਂ ਇਹ ਰਸਮਾਂ ਰਿਸ਼ਤਾ ਨਾਤਾ ਪ੍ਰਣਾਲੀ ਨੂੰ ਹੋਰ ਵੀ ਮਜ਼ਬੂਤ ਕਰਦੀਆਂ ਹਨ ।

ਮਨੁੱਖੀ ਜ਼ਿੰਦਗੀ ਵਿੱਚ ਤਿੰਨ ਪ੍ਰਮੁੱਖ ਸੰਸਕਾਰ ਹਨ । ਜਨਮ, ਮੌਤ ਤੇ ਵਿਆਹ । ਵਿਆਹ ਸੰਸਕਾਰ ਬਾਕੀ ਸੰਸਕਾਰਾਂ ਨਾਲੋਂ ਵਧੇਰੇ ਮਹੱਤਵ ਰੱਖਦਾ ਹੈ ਕਿਉਂਕਿ ਜਨਮ ਅਤੇ ਮੌਤ ਦਾ ਸੰਸਕਾਰ ਤਾਂ ਕੇਵਲ ਇਸ ਸੰਸਾਰ ਵਿੱਚ ਆਣ ਤੇ ਜਾਣ

ਨਾਲ ਸਬੰਧਿਤ ਹੈ ਜਦੋਂ ਕਿ ਵਿਆਹ ਇੱਕ ਅਜਿਹਾ ਸੰਸਕਾਰ ਹੈ ਜਿਹੜਾ ਮਨੁੱਖੀ ਨਸਲ ਵਿੱਚ ਵਾਧਾ ਤੇ ਵਿਕਾਸ ਕਰਨ ਦੀ ਪ੍ਰਕ੍ਰਿਆ ਨਾਲ ਜੁੜਿਆ ਹੋਇਆ ਹੈ । ਕਿਸੇ ਕੁਲ ਦੀ ਵੇਲ ਵੱਧਦੀ ਹੈ ਅਧੂਰਾ ਮਨੁੱਖ ਪੂਰਾ ਹੋ ਜਾਂਦਾ ਹੈ । ਇਹ ਹੀ ਕਾਰਨ ਹੈ ਕਿ ਇਹ ਸੰਸਕਾਰ ਸਮੇਂ ਇੱਕ ਵੱਡਾ ਜਸ਼ਨ ਬਣ ਜਾਂਦਾ ਹੈ ਤੇ ਇਸ ਸੰਸਕਾਰ ਨੂੰ ਨਿਭਾਉਣ ਲਈ ਅਨੇਕਾਂ ਰਸਮਾਂ ਕੀਤੀਆਂ ਜਾਂਦੀਆਂ ਹਨ ।

ਪੁਆਧ ਦੇ ਲੋਕਾਂ ਨੂੰ ਪੁਆਧੀਏ, ਇਥੋਂ ਦੀ ਬੋਲੀ ਨੂੰ ਪੁਆਧੀ ਬੋਲੀ ਤੇ ਇਹਨਾਂ ਦੇ ਗੀਤਾਂ ਨੂੰ ਪੁਆਧੀ ਗੀਤ ਆਖਿਆ ਜਾਂਦਾ ਹੈ । ਇਹ ਗੀਤ ਕਿਸੇ ਨਾ ਕਿਸੇ ਸੰਸਕਾਰ ਨਾਲ ਜੁੜੇ ਹੁੰਦੇ ਹਨ ਤੇ ਹਰੇਕ ਸੰਸਕਾਰ ਨਾਲ ਅਨੇਕਾਂ ਰਸਮਾਂ । ਪੁਆਧ ਇੱਕ ਅਜਿਹਾ ਇਲਾਕਾ ਹੈ ਜਿੱਥੇ ਵਿਆਹ ਸੰਸਕਾਰ ਸਮੇਂ ਅਨੇਕਾਂ ਰਸਮਾਂ ਕੀਤੀਆਂ ਜਾਂਦੀਆਂ ਹਨ ਤੇ ਇਹਨਾਂ ਰਸਮਾਂ ਨਾਲ ਸਬੰਧਿਤ ਗੀਤ ਗਾਏ ਜਾਂਦੇ ਹਨ ।

*ਘੀ ਉਂਗਲ ਡਬੋਣਾ*

ਘਿਉ ਦਾ ਪੰਜਾਬੀ ਜਨ-ਜੀਵਨ ਵਿੱਚ ਬੜਾ ਮਹੱਤਵ ਹੈ । ਘਿਉ ਕਾਰਨ ਪੰਜਾਬੀਆਂ ਦਾ ਸਰੀਰ ਜ਼ਿਆਦਾ ਰਿਸ਼ਟ ਪੁਸ਼ਟ ਬਣਿਆ ਹੈ । ਸਿਆਣਿਆਂ ਦੀ ਕਹਾਵਤ ਹੈ 'ਘਿਉ ਖਾਉ ਚਾਹੇ ਉਧਾਰ ਲੈ ਕੇ' । ਘਿਉ ਨੂੰ ਇੱਕ ਸ਼ੁੱਧ ਤੇ ਪਵਿੱਤਰ ਵਸਤੂ ਸਮਝਿਆ ਜਾਂਦਾ ਹੈ ਇਸ ਲਈ ਧਾਰਮਿਕ ਕਾਰਜਾਂ ਸਮੇਂ ਇਸ ਦੀ ਵਰਤੋਂ ਕੀਤੀ ਜਾਂਦੀ ਹੈ । ਇਕ ਕਹਾਵਤ ਮਸ਼ਹੂਰ ਹੈ : "ਤੇਰੀਆਂ ਤਾਂ ਭਾਈ ਪੰਜੇ ਉਂਗਲੀਆਂ ਘਿਉ ਵਿੱਚ ਹਨ ।" ਇਹ ਕਹਾਵਤ ਉਸ ਲਈ ਆਖੀ ਜਾਂਦੀ ਹੈ ਜਿਸ ਆਦਮੀ ਨੂੰ ਸਭ ਕੁਝ ਮਿਲ ਰਿਹਾ ਹੋਵੇ । ਘੀ ਉਂਗਲ ਡਬੋਣ ਦੇ ਵੀ ਕੁਝ ਅਜਿਹੇ ਹੀ ਅਰਥ ਨਿਕਲਦੇ ਹਨ । ਇੱਕ ਕੌਲੀ ਵਿੱਚ ਘਿਉ ਪਾ ਕੇ ਸ਼ਰੀਕੇ-ਭਾਈਚਾਰੇ ਸਾਹਮਣੇ ਵਿਆਂਹਦੜ ਕੁੜੀ/ਮੁੰਡੇ ਦੀ ਉਂਗਲੀ ਘਿਉ ਵਿੱਚ ਡਬੋਈ ਜਾਂਦੀ ਹੈ ਜਿਸ ਦਾ ਅਰਥ ਬੰਨਾ/ਬੰਨੀ ਨੂੰ ਆਉਣ ਵਾਲੇ ਜੀਵਨ ਲਈ ਸਾਰੀਆਂ ਬਰਕਤਾਂ ਪ੍ਰਾਪਤ ਹੋਣ।

ਘੋਹ ਘੀ ਉਂਗਲ ਤੇਰੀ
ਮਾਮੀ ਨੂੰ ਰੇ ਭਾਇਆ (ਚੰਗਾ ਲੱਗਿਆ)
ਸੱਤਵੰਤੀ ਨੂੰ ਰੇ ਭਾਇਆ
ਸੁਹਾਗਣ ਨੂੰ ਰੇ ਭਾਇਆ
ਸੱਤਬੀਰਨੀ ਨੂੰ ਰੇ ਭਾਇਆ

*ਚੱਕੀ ਹੱਥ ਲਾਉਣਾ*

ਪੁਰਾਣੇ ਸਮੇਂ ਵਿੱਚ ਵਿਆਹ ਦਾ ਰਾਸ਼ਨ ਜਿਵੇਂ ਆਟਾ, ਮੈਦਾ, ਬੇਸਣ, ਦਾਲਾਂ ਤੇ ਮਸਾਲੇ ਆਦਿ ਹੱਥ ਚੱਕੀਆਂ ਨਾਲ ਹੀ ਤਿਆਰ ਕੀਤਾ ਜਾਂਦਾ ਸੀ । ਹੌਲੀ ਹੌਲੀ ਇਸ ਨੇ ਇੱਕ ਰਸਮ ਦਾ ਰੂਪ ਧਾਰਨ ਕਰ ਲਿਆ । ਸ਼ਰੀਕੇ ਭਾਈਚਾਰੇ ਵਿਚੋਂ ਸੱਤ ਸੁਹਾਗਣਾਂ ਨੂੰ ਬੁਲਾ ਕੇ ਚੱਕੀ ਹੱਥ ਲੁਆਇਆ ਜਾਂਦਾ ਹੈ ਤੇ ਫਿਰ ਬੰਨਾ/ਬੰਨੀ ਦਾ।

ਇਹ ਨੀ ਸਾਤ ਸੁਹਾਗਣ ਸਾਤ ਬੇਲੇ
ਇਹ ਚੱਕੀ ਹਾਥ ਲੁਆਈ ਏ ।
ਜਾਂ
ਨਿੱਕੜਾ ਪੀਹ ਨੀ ਮ੍ਹਾਰੀ ਚੱਕੀਏ ਭੈਣੇ
ਤੈਨੇ ਮ੍ਹਾਰਾ ਕਾਰਜ ਸਬਾਰਿਆ ਹੋ...
ਕੌਣ ਸੇ ਦੇਸਾਂ ਤੇ ਚੱਕੜੀ ਆਂਦੀ
ਕੌਣ ਸੇ ਦੇਸਾਂ ਤੇ ਹੱਥੜਾ ਹੋ...
ਦੱਖਣ ਦੇਸੇ ਤੇ ਚੱਕੜੀ ਆਂਦੀ
ਪੱਛੋਂ ਦੇਸ ਤੇ ਹੱਥੜਾ ਹੋ...

*ਚੌਕਾਂ ਪੂਰਨਾ*

ਗਊ ਨੂੰ ਹਿੰਦੂ ਧਰਮ ਵਿੱਚ ਪਵਿੱਤਰ ਸਮਝਿਆ ਜਾਂਦਾ ਹੈ ਇਥੋਂ ਤੱਕ ਕੇ ਇਸ ਦੇ ਗੋਬਰ ਤੇ ਮੂਤਰ ਨੂੰ ਵੀ ਪਵਿੱਤਰ ਹੋਣ ਦਾ ਦਰਜਾ ਪ੍ਰਾਪਤ ਹੈ । ਇਸ ਲਈ ਜਦੋਂ ਵੀ ਕੋਈ ਧਾਰਮਿਕ ਕਾਰਜ ਕਰਨਾ ਹੋਵੇ ਤਾਂ ਧਰਤ ਨੂੰ ਪਵਿੱਤਰ ਕਰਨ ਲਈ ਇਸ ਦੇ ਗੋਬਰ ਨਾਲ ਧਰਤ ਨੂੰ ਲਿਪਿਆ ਜਾਂਦਾ ਹੈ । ਬੰਨਾ/ਬੰਨੀ ਨੂੰ ਬਟਣਾ ਲਗਾਉਣ ਸਮੇਂ 'ਚੌਂਕਾ ਪੂਰਨ' ਲਈ ਇਸੇ ਦੇ ਗੋਬਰ ਦੀ ਵਰਤੋਂ ਕੀਤੀ ਜਾਂਦੀ ਹੈ।

ਚੌਂਕਾ ਭਰੇਂਦਿਆਂ ਬ੍ਰਾਮਣਾ ਤੈਨੋ ਕਿਆ ਵੇ ਲੋੜੀਦਾ
ਜੀਬੇ ਮੇਰੀ ਜਜਮਾਨਣੀ ਨੀ ਮੈਨੋ ਗੋਹਾ ਲੋੜੀਦਾ
ਗੋਹਾ ਤਾਂ ਸਾਡੇ ਬਥੇਰੜਾ ਚੌਂਕਾ ਲਿਪਣੇ ਦੀ ਕਰ ਵੇ ।
ਜਾਂ
ਗੰਗਾਂ ਕੈ ਜਮਨਾ ਤੇ ਪਾਰ ਵੇ
ਕਿ ਗੋਊਆਂ ਚਰੇਂਦੀਆਂ
ਊਸੀ ਕਾ ਗੋਹਾ ਮੰਗਾਏ ਕੈ
ਕੈ ਧਰਤ ਲਪਾਈਐਂ
ਗੰਗਾ ਕੈ ਜਮਨਾ ਤੇ ਪਾਰ ਵੇ
ਕਿ ਕਣਕਾਂ ਕਾ ਬੂਟੜਾ
ਊਸੀ ਕਾ ਮੈਦਾ ਬਣਾਏ ਕੈ
ਕਿ ਧਰਤ ਲਪਾਈਐ ।

ਚੌਂਕੀ ਚੜ੍ਹਾਉਣਾ

ਵਿਆਹ ਸੰਸਕਾਰ ਸਮੇਂ ਕੋਈ ਵੀ ਸ਼ਗਨ ਕਰਨ ਲਈ ਚੌਂਕੀ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਸਲਾਮੀਆਂ ਲਗਾਉਣ ਸਮੇਂ ਲਾੜੇ ਨੂੰ ਚੌਂਕੀ 'ਤੇ ਬਿਠਾਇਆ ਜਾਂਦਾ ਹੈ, ਲਾਵਾਂ/ਫੇਰਿਆਂ ਸਮੇਂ, ਬੰਨ ਲਗਾਉਣ ਸਮੇਂ ਚੌਂਕੀ ਦੀ ਵਰਤੋਂ ਕੀਤੀ ਜਾਂਦੀ ਹੈ।

ਆ ਵੇ ਬੀਰਾ ਲੈ ਸ਼ਗਨਾਂ ਦੀ ਚੌਂਕੀ
ਚੌਂਕੀ ਕੋ ਫੁਮਣੇ ਚਾਰ,
ਨੀ ਅੱਜ ਮ੍ਹਾਰੇ ਬੀਰੇ ਕੇ
ਛੋਟੀ ਸੀ ਬੰਨੋ ਨਾਲ
ਨੀ ਅੱਜ ਮ੍ਹਾਰੇ ਬੀਰੇ ਕੇ ।

*ਬਟਣਾ ਲਗਾਉਣਾ*

ਵਿਆਂਹਦੜ ਕੁੜੀ / ਮੁੰਡੇ ਨੂੰ ਪੰਜ ਜਾਂ ਸੱਤ ਬਟਣੇ ਲਗਾਉਣ ਦੀ ਰਸਮ ਕੀਤੀ ਜਾਂਦੀ ਹੈ । ਛੇ ਬਟਣੇ ਸ਼ਰੀਕੇ ਭਾਈਚਾਰੇ ਵਲੋਂ ਲਗਾਏ ਜਾਂਦੇ ਹਨ ਸੱਤਵਾਂ ਬੰਨ ਨਾਨਕਿਆਂ ਵਲੋਂ ਲਗਾਇਆ ਜਾਂਦਾ ਹੈ । ਬੇਸਣ, ਹਲਦੀ, ਤੇਲ ਨਾਲ ਤਿਆਰ ਕੀਤਾ ਬਟਣਾ ਬੰਨਾ/ਬੰਨੀ ਨੂੰ ਲਗਾਉਣਾ ਇੱਕ ਰਸਮ ਹੀ ਨਹੀਂ ਸਗੋਂ ਇਸ ਨਾਲ ਉਹਨਾਂ ਦਾ ਰੰਗ ਰੂਪ ਹੋਰ ਵੀ ਜ਼ਿਆਦਾ ਨਿਖਰ ਜਾਂਦਾ ਹੈ ।

ਬੋਇ ਬੋ ਕਟੋਰਾ ਬਟਣੇ ਕਾ
ਜਿੰਦ ਨੀ ਮਲੇਦੀਆਂ ਦੋ ਜਣੀਆਂ
ਜਿੰਦ ਨੀ ਦਰਾਣੀਆਂ ਜਠਾਨੜੀਆਂ

ਜਾਂ

ਵੇ ਤੂੰ ਲੈ ਬੀਰਾ ਲੈ ਵੇ
ਗੋਰਾ ਰੰਗ ਬਟਣੇ ਦਾ
ਆਪਣੇ ਬਾਬਲ ਕੋ ਪਿਆਰਾ
ਗੋਰਾ ਰੰਗ ਬਟਣੇ ਦਾ

*ਮ੍ਹੈਂਦੀ ਲਗਾਉਣਾ*

ਲਾਲ ਰੰਗ ਸੁਹਾਗ ਦਾ ਪ੍ਰਤੀਕ ਹੈ ਤੇ ਮ੍ਹੈਂਦੀ ਇਹ ਰੰਗ ਪ੍ਰਦਾਨ ਕਰਨ ਵਾਲੀ ਵਸਤੂ ਹੈ । ਸ਼ਗਨਾਂ ਦੇ ਮੌਕੇ ਤੇ ਇਸ ਦੀ ਵਰਤੋਂ ਕਰਨਾ ਸ਼ੁੱਭ ਸਮਝਿਆ ਜਾਂਦਾ ਹੈ ।

ਮ੍ਹੈਂਦੀ ਕਾ ਬੂਟਾ ਸੂਹਾ ਰੰਗ ਲਾਲ
ਕ੍ਹੇੜੀ ਸੁਹਾਗਣ ਦਾਰਨੀ ਐ ਬੀਰਾ
ਕ੍ਹੇੜੀ ਸੁਹਾਗਣ ਦਾਰਨੀ ਐ
ਮ੍ਹੈਂਦੀ ਕਾ ਬੂਟਾ ਸੂਹਾ ਰੰਗ ਲਾਲ
ਮਾਂ ਤਾਂ ਸੁਹਾਗਣ ਦਾਰਨੀ ਐ ਬੀਰਾ
ਮਾਂ ਤਾਂ ਸੁਹਾਗਣ ਦਾਰਨੀ ਐ ।

*ਨ੍ਹਾਈ ਧੋਈ*

ਇਸ ਰਸਮ ਸਮੇਂ ਵਿਆਂਹਦੜ ਕੁੜੀ / ਮੁੰਡੇ ਦੇ ਮਾਮਾ ਮਾਮੀ ਦੀ ਹਾਜ਼ਰੀ ਲਾਜ਼ਮੀ ਹੈ । ਨਾਨਕਿਆਂ ਵਲੋਂ ਪਹਿਲਾਂ ਬੰਨਾ / ਬੰਨੀ ਨੂੰ ਬੰਨ ਲਗਾਇਆ ਜਾਂਦਾ ਹੈ

ਫਿਰ ਨਹਾਇਆ ਜਾਂਦਾ ਹੈ । ਬੰਨੇ ਨੂੰ ਚੌਂਕੀ ਤੋਂ ਚੁੱਕ ਕੇ ਉਸ ਦਾ ਮਾਮਾ ਉਤਾਰਦਾ ਹੈ ਤੇ ਬੰਨੀ ਨੂੰ ਮਾਮੀ । ਨ੍ਹਾਈ ਧੋਈ ਸਮੇਂ ਨਾਨਕੀਆਂ ਇਹ ਸਿੱਠਣੀ ਨੁਮਾ ਗੀਤ ਗਾਉਂਦੀਆਂ ਹਨ ।

ਮ੍ਹਾਰੇ ਆਂਗਣ ਚੀਕੜ ਏ
ਕ੍ਹੀਨੈ ਡੋਲਿਆ ਪਾਣੀ
ਦਾਦੇ ਕਾ ਪੋਤਾ ਨ੍ਹਾਤਿਆ ਵੇ
ਉਨ੍ਹੈ ਡੋਲਿਆ ਪਾਣੀ
ਆਈ ਜੇ ਦਾਦੀ ਤਿਸਲ ਪੜੀ
ਟੰਗਾਂ ਤਾਣਮ ਤਾਣੀ
ਲੈਂਡੇ ਮਾ ਤੇ ਲਿਕੜੀ ਵੇ
ਜਿਮੇ ਗੈਬਣ ਝੋਟੀ
ਦੂਹੇ ਦੜ ਦੜ ਛੇਤੀ
ਜਿਮੇ ਧਾਣ ਪੁਰਾਣੇ ।

*ਸਲਾਮੀ ਦੇਣਾ*

ਇਹ ਰਸਮ ਵਿਆਂਹਦੜ ਮੁੰਡੇ ਦੇ ਘਰ ਕੀਤੀ ਜਾਂਦੀ । ਮੁੰਡੇ ਨੂੰ ਸ਼ਗਨਾ ਦੀ ਚੌਂਕੀ ਤੇ ਬਿਠਾਇਆ ਜਾਂਦਾ । ਉਸ ਦੇ ਪੱਲ੍ਹੇ ਵਿੱਚ ਰਿਸ਼ਤੇਦਾਰਾਂ ਵਲੋਂ ਲਿਆਂਦੇ ਤੋਹਫ਼ੇ ਪਾਏ ਜਾਂਦੇ ਜਿਨ੍ਹਾਂ ਨੂੰ ਸਲਾਮੀ ਦੇਣਾ ਆਖਿਆ ਜਾਂਦਾ ਹੈ ।

ਪਹਿਲੀ ਸਲਾਮੀ ਬੀਰ ਮਾਂਏਂ ਲਿਆਈ
ਲੈਂ ਲਈਂ ਵੇ ਬੀਰਾ ਸੀਸ ਨਿਮ੍ਹਾਈਂ
ਬਾਬਲ ਕਾ ਖੱਟਿਆ ਬ੍ਹਾਰੀ ਮਾਂਏਂ ਲਿਆਈ
ਲੈ ਲਈਂ ਵੇ ਬੀਰਾ ਸੀਸ ਨਿਮ੍ਹਾਈਂ ।

*ਸਿਹਰਾ ਬੰਦੀ*

ਇਹ ਰਸਮ ਵਿਆਂਹਦੜ ਮੁੰਡੇ ਦੇ ਮਾਮੇ ਵਲੋਂ ਨਿਭਾਈ ਜਾਂਦੀ ਹੈ । ਪਰ ਸਿਹਰਾ ਮੁੰਡੇ ਦੀ ਭੈਣ ਲੈ ਕੇ ਆਉਂਦੀ ਹੈ । ਭੈਣ ਨੂੰ ਆਪਣੇ ਵੀਰ ਦੇ ਵਿਆਹ ਦਾ ਡਾਢਾ ਚਾਅ ਹੁੰਦਾ ਹੈ ਉਸ ਦੀਆਂ ਅਨੇਕਾਂ ਸੱਧਰਾਂ, ਅਕਾਂਖਿਆਵਾਂ ਪੂਰੀਆਂ ਹੋਣ ਦੀ ਆਸ ਬੱਝ ਦੀ ਹੈ ਉਹ ਆਪਣੇ ਵੀਰ ਲਈ ਮਾਲਣ ਤੋਂ ਸਿਹਰਾ ਮੰਗਵਾਉਂਦੀ ਹੈ ।

ਪੁੱਛ ਪਛੈਂਦੀ ਮਾਲਣ ਆਈ
ਅਜੈਬ ਸਿੰਘ ਕਾ ਘਰ ਕ੍ਹੇੜਾ ਨੀ
ਗੁੰਦ ਲਿਆ ਮ੍ਹਾਰੀ ਮਾਲਣ ਸਿਹਰਾ ਨੀ
ਗੁੰਦ ਕੇ ਪਰਾਤ ਮਾ ਪਾਇਆ ਨੀ
ਅੱਜ ਦਿਨ ਖੁਸ਼ੀਆਂ ਕਾ ਆਇਆ ਨੀ ।

**ਸੁਰਮਾਂ ਪਾਉਣਾ**

ਇਸ ਰਸਮ ਨੂੰ ਵਾਚਿਆਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਇਹ ਰਸਮ ਲਾੜੇ ਦੀ ਭਾਬੀ ਹੀ ਕਿਉਂ ਨਿਭਾਉਂਦੀ ? ਮਾਂ ਜਾਂ ਭੈਣ ਕਿਉਂ ਨਹੀਂ ? ਅਸਲ ਵਿੱਚ ਅੱਖਾਂ ਵਿੱਚ ਸੁਰਮਾ ਪਾਉਣ ਦੀ ਪ੍ਰਕ੍ਰਿਆ ਕਾਮੁਕਤਾ ਦਾ ਪ੍ਰਤੀਕ ਹੈ ਜਿਸ ਨੂੰ ਸਿਰਫ਼ ਭਾਬੀ ਹੀ ਨਿਭਾਅ ਸਕਦੀ ਹੈ ਮਾਂ ਜਾਂ ਭੈਣ ਨਹੀਂ । ਇਸ ਲਈ ਸਾਡੇ ਸਮਾਜ ਨੇ ਇਹ ਰਸਮ ਲਾੜੇ ਦੀ ਭਾਬੀ ਨੂੰ ਸੌਂਪੀ ਹੈ ।

ਪਹਿਲੀ ਸਲਾਈ ਰਸ ਭਰੀ ਦਿਓਰਾ
ਦੂਜੀ ਸਲਾਈ ਵੇ ਬੰਦ
ਤੀਜੀ ਸਲਾਈ ਤਾਂ ਪਾਮਾਂ
ਜੇ ਮੋਹਰਾਂ ਦੇਮੇਂਗਾ
ਵੇ ਦਿਓਰ ਪਿਆਰਿਆ ਵੇ ਪੰਜ ।

***ਖੇੜਾ ਪੂਜਣਾ***

ਖੇੜਾ ਅਸਲ ਵਿੱਚ ਮਾਲ-ਡੰਗਰ ਦਾ ਦੇਵਤਾ ਮੰਨਿਆ ਜਾਂਦਾ ਹੈ । ਪਸ਼ੂ ਧਨ ਨਾਲ ਘਰ ਵਿੱਚ ਖੁਸ਼ੀਆਂ ਖੇੜਾ ਹੁੰਦਾ ਹੈ ਇਸ ਲਈ ਵਿਆਹ ਦੇ ਸ਼ੁੱਭ ਮੌਕੇ ਖੇੜੇ ਨੂੰ ਮੱਥਾ ਟੇਕਣਾ ਜ਼ਰੂਰੀ ਸਮਝਿਆ ਜਾਂਦਾ ਹੈ । ਲਾੜੇ ਦੇ ਮਾਤਾ ਪਿਤਾ ਤੇ ਪੂਰਾ ਭਾਈਚਾਰਾ ਮਿਲ ਕੇ ਖੇੜਾ ਪੂਜਦੇ ਹਨ ।

ਪਾਂਚ ਪਤਾਸੇ ਲੌਂਗਾਂ ਕਾ ਜੋੜਾ
ਲੈ ਖੇੜੇ ਪਾ ਜਾਈਓ ਜੀ
ਜਿਸ ਡਾਲ਼ੀ ਮ੍ਹਾਰਾ ਖੇੜਾ ਬੈਠਾ
ਵ੍ਹਾ ਡਾਲੀ ਝੁਕ ਜਾਈਓ ਜੀ
ਵ੍ਹਾ ਡਾਲੀ ਝੁਕ ਜਾਈਓ ਰੇ ਕੰਨੂਵੇ
ਵ੍ਹਾ ਡਾਲੀ ਫਲ਼ ਲਾਈਓਰੀ ।

**ਜੰਡੀ ਵੱਢਣਾ**

ਲੋਕ ਵਿਸ਼ਵਾਸ ਹੈ ਕਿ ਬਦ ਰੂਹਾਂ ਅਜਿਹੇ ਸ਼ੁੱਭ ਕਾਰਜਾਂ ਵਿੱਚ ਵਿਗਨ ਜ਼ਰੂਰ ਪਾਉਂਦੀਆਂ ਹਨ ਇਸ ਲਈ ਬਾਰਾਤ ਚੜ੍ਹਨ ਤੋਂ ਪਹਿਲਾਂ ਲਾੜੇ ਤੋਂ ਜੰਡੀ ਵੱਢਣ ਦੀ ਰਸਮ ਕਰਵਾਈ ਜਾਂਦੀ ਹੈ ਤਾਂ ਜੋ ਰਸਤੇ ਵਿੱਚ ਕੋਈ ਰੁਕਾਵਟ ਨਾ ਆਵੇ ।

ਮ੍ਹਾਰਾ ਲਾੜਾ ਜੰਡੀ ਬੱਢਦਾ ਨੀ
ਕੇਹਾ ਫਬਦਾ ਨੀ
ਇਹ ਲੱਖ ਵਰ੍ਹਿਆਂ ਸੈ ਜੀਵੈ
ਘੋਲ ਪਤਾਸੇ ਪੀਵੈ
ਮਾਨੂੰ ਚੰਗਾ ਲੱਗਦਾ ਨੀ
ਘੋੜੀ ਚੜ੍ਹਿਆ ਮ੍ਹਾਰਾ ਬੀਰ
ਕੇਹਾ ਫਬਦਾ ਨੀ ।

*ਮਿਲਣੀ ਦੀ ਰਸਮ*

ਇਹ ਰਸਮ ਕੁੜੀ ਵਾਲਿਆਂ ਵੱਲੋਂ ਨਿਭਾਈ ਜਾਂਦੀ ਹੈ । ਇਸ ਨੂੰ ਕੁੜਮਾਂ ਦੀ ਮਿਲਣੀ ਵੀ ਆਖਿਆ ਜਾਂਦਾ ਹੈ । ਪੰਜਾਬੀ ਸੱਭਿਆਚਾਰ ਵਿੱਚ ਕੁੜਮ ਦਾ ਰਿਸ਼ਤਾ ਵਿਸ਼ੇਸ਼ ਸਥਾਨ ਰੱਖਦਾ ਹੈ । ਇਸ ਰਸਮ ਵਿੱਚ ਕੁੜੀ ਵਾਲਿਆਂ ਵੱਲੋਂ ਮੁੰਡੇ ਦੇ ਪਿਤਾ, ਚਾਚਾ, ਮਾਮਾ, ਮਾਸੜ, ਫੁੱਫੜ ਆਦਿ ਨੂੰ ਤੋਹਫੇ ਦਿੱਤੇ ਜਾਂਦੇ । ਇਸ ਰਸਮ ਵਿੱਚ ਕੁੜੀ ਦਾ ਪਿਓ, ਮੁੰਡੇ ਦੇ ਪਿਓ ਨਾਲ ਮਿਲਣੀ ਕਰਦਾ ਹੈ । ਫਿਰ ਕੁੜੀ ਦਾ ਮਾਮਾ ਲੜਕੇ ਦੇ ਮਾਮੇ ਨਾਲ ਮਿਲਣੀ ਕਰਦਾ ਹੈ । ਇਸੇ ਤਰ੍ਹਾਂ ਮੁੰਡੇ ਦਾ ਚਾਚਾ ਕੁੜੀ ਦੇ ਚਾਚੇ ਨਾਲ ਮਿਲਣੀ ਕਰਦਾ ਹੈ । ਉਸ ਸਮੇਂ ਕੁੜੀ ਵਾਲੇ ਪਾਸੇ ਦੀਆਂ ਔਰਤਾਂ ਇਹ ਗੀਤ ਛੁਹ ਲੈਂਦੀਆਂ ਹਨ ।

ਮੇਲ ਕਰੋ ਮਹਾਰਾਜ
ਮੇਲਾ ਮਿਲਣੀ ਕਾ
ਇਸ ਮਿਲਣੀ ਮਾ
ਕੌਣ ਕੌਣ ਚਾਹੀਏ
ਨੀ ਮ੍ਹਾਰਾ ਅਜੈਬ ਸਿੰਘ
ਬੜਾ ਸਰਦਾਰ
ਮੇਲਾ ਮਿਲਣੀ ਕਾ
ਮੇਲ ਕਰੋ ਮਹਾਰਾਜ

ਸਾਂਤ ਕਰਵਾਉਣਾ

ਇਸ ਰਸਮ ਵਿੱਚ ਨੌਆਂ ਗ੍ਰਹਿਆਂ ਦੀ ਪੂਜਾ ਕੀਤੀ ਜਾਂਦੀ । ਇਸ ਰਸਮ ਵਿੱਚ ਕੁੜੀ ਦਾ ਮਾਮਾ ਤੇ ਪਿਤਾ ਸ਼ਾਮਿਲ ਹੁੰਦੇ ਹਨ । ਗਊ ਦੇ ਗੋਹੇ ਨਾਲ ਧਰਤ ਲਿਪ ਕੇ ਮੈਦੇ ਤੇ ਹਲਦੀ ਨਾਲ ਚੌਂਕਾ ਪੂਰਿਆ ਜਾਂਦਾ ਹੈ । ਪਾਧੇ-ਪੰਡਿਤ ਦੁਆਰਾ ਇਹਨਾਂ ਗ੍ਰਹਿਆਂ ਦੇ ਮੰਤਰ ਉਚਾਰੇ ਜਾਂਦੇ ਹਨ । ਸਿੱਖਾਂ ਵਿੱਚ ਇਹ ਰਸਮ ਪਾਠੀ ਤੋਂ ਕਰਵਾ ਲਈ ਜਾਂਦੀ ਹੈ ।

ਸਾਂਤ ਕਰਾਵੈ ਈਸਰ ਬਾਬਲ ਕਾ
ਢੂਡੜੇ ਗਏ ਰੀ ਉਦਾਸ
ਕੇ ਪਿਤਰੋਂ ਕੇ ਪਾਸ
ਕੇ ਪਿਤਰ ਉਨ ਕੇ ਸੁਰਗ ਗਏ ।

ਵੇਦੀ ਕਰਵਾਉਣਾ

ਇਹ ਰਸਮ ਹਿੰਦੂ ਧਰਮ ਵਿੱਚ ਕਰਵਾਈ ਜਾਂਦੀ ਹੈ । ਸਿੱਖਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਲਾਵਾਂ ਪੜ੍ਹੀਆਂ ਜਾਂਦੀਆਂ ਹਨ, ਜਦੋਂ ਕਿ ਹਿੰਦੂ ਧਰਮ ਵਿੱਚ ਮੰਡਪ ਵਿੱਚ ਅਗਨੀ ਦੇਵਤੇ ਦੀ ਹਾਜ਼ਰੀ ਵਿੱਚ ਸੱਤ ਫੇਰੇ ਲਏ ਜਾਂਦੇ ਹਨ। ਸੱਤਵੇਂ ਫੇਰੇ ਸਮੇਂ ਕੁੜੀ ਅੱਗੇ ਹੋ ਜਾਂਦੀ ਹੈ ਜਿਸ ਦਾ ਅਰਥ ਆਪਣੇ ਪਤੀ ਤੋਂ

ਪਹਿਲਾਂ ਇਸ ਜਹਾਨ ਤੋਂ ਰੁਖ਼ਸਤ ਕੁੜੀ ਪਤਨੀ ਹੋਵੇਗੀ ਭਾਵ ਇਹ ਕੇ ਉਹ ਇਸ ਸੰਸਾਰ ਤੋਂ ਸੁਹਾਗਣ ਜਾਣਾ ਚਾਹੁੰਦੀ ਹੈ । ਕੁੜੀ ਦੇ ਸ਼ਰੀਕੇ ਭਾਈਚਾਰੇ ਦੀਆਂ ਔਰਤਾਂ ਲਾੜੇ ਨੂੰ ਬੇਦੀ ਅੰਦਰ ਆਉਣ ਲਈ ਆਖਦੀਆਂ ਹਨ ਜਿੱਥੇ ਉਸ ਦਾ ਸਹੁਰਾ ਆਪਣੀ ਲਾਡਲੀ ਧੀ ਨੂੰ ਦਾਨ ਕਰਨ ਲਈ ਬੈਠਾ ਹੁੰਦਾ ਹੈ ।

ਬੇਦੀ ਮਾਂ ਕਿਉਂ ਨਾ ਆਂਦਾ
ਵੇ ਰੰਗ ਰੱਤੜਿਆ ਕ੍ਹਾਨਾ
ਬੇਦੀ ਮਾ ਥ੍ਹਾਰਾ ਸ੍ਹੌਰਾ ਜੋ ਬੈਠਾ
ਬੇਟੀ ਕਾ ਦਾਨ ਕਰੇਂਦਾ
ਵੇ ਰੰਗ ਰੱਤੜਿਆ ਕ੍ਹਾਨਾ
ਗੌਊਆਂ ਕਾ ਦਾਨ ਪਾਂਧੇ ਪੰਡਿਤ ਲੈਂਦੇ
ਧੀਆਂ ਕਾ ਦਾਨ ਜਮਾਈ
ਵੇ ਰੰਗ ਰੱਤਿਆ ਕ੍ਹਾਨਾ ।

*ਚੂਲੀਆਂ ਛੱਡਣਾ*

ਇਸ ਰਸਮ ਵਿੱਚ ਬਾਬਲ ਕੁਸ਼ੇ ਦੇ ਛੱਲੇ ਆਪਣੇ ਹੱਥਾਂ ਦੇ ਵਿਚਕਾਰ ਦੀਆਂ ਵੱਡੀਆਂ ਉਂਗਲਾਂ ਵਿੱਚ ਪਾ ਕੇ ਉਂਜਲ ਵਿੱਚ ਗੰਗਾ ਜਲ ਭਰਕੇ ਇਹ ਰਸਮ ਨਿਭਾਉਂਦਾ ਹੈ ਜਿਸ ਦਾ ਮਤਲਬ ਉਹ ਆਪਣੀ ਬੇਟੀ ਦਾ ਤਿਆਗ (ਭਾਵ ਦਾਨ) ਕਰ ਰਿਹਾ ਹੈ।

ਹੁਣ ਤੱਕਿਆਂ ਕਿਆ ਤੱਕਦਾ ਵੇ
ਬਾਬਲਾ ਛੱਡ ਦ੍ਹੇ ਧਰਮ ਦੀਆਂ
ਛੱਡ ਦ੍ਹੇ ਧਰਮ ਦੀਆਂ ਚੂਲੀਆਂ
ਬਾਬਲ ਬੈਠੇ ਮੈਂ ਲੜ ਫੜਿਆ
ਹੁਣ ਤੋੜ ਨਿਭਾਮੀ ਵੇ
ਕ੍ਹਾਨਾ ਮੈਂ ਲੜ ਫੜਿਆ ਤੇਰਾ ।

*ਬੰਨੋ ਨੂੰ ਡੋਲ਼ੇ ਤੋ ਉਤਾਰਨਾ*

ਇਹ ਰਸਮ ਉਸ ਸਮੇਂ ਕੀਤੀ ਜਾਂਦੀ ਹੈ ਜਦੋਂ ਮੁੰਡਾ ਨਵੀਂ ਵਿਆਹੀ ਬੰਨੋ ਨੂੰ ਘਰ ਲੈ ਕੇ ਆਉਂਦਾ ਹੈ । ਮੁੰਡੇ ਦੀ ਭੈਣ ਵਲੋਂ ਇਹ ਰਸਮ ਨਿਭਾਈ ਜਾਂਦੀ ਹੈ । ਉਹ ਆਪਣੀ ਨਵੀਂ ਭਾਬੋ ਨੂੰ ਕੁਝ ਸ਼ਗਨ ਦੇ ਕੇ ਉਸ ਨੂੰ ਡੋਲ਼ਿਓ ਉਤਾਰਦੀ ਹੈ ਤੇ ਨਾਲ ਹੀ ਉਸ ਨੂੰ ਕਈ ਅਸ਼ੀਸ਼ਾਂ ਦਿੰਦੀ ਹੈ ।

ਗਾਡੀ ਮਾ ਤੇ ਉੱਤਰ ਬਹੁੜੀਏ
ਕਰ ਕਰ ਨੀਚੀ ਨਾੜ
ਸੱਸ ਆਪਣੀ ਕੇ ਪੈਰ ਪੂਜ
ਚਰਨ ਲਈ ਨਮਸਕਾਰ
ਜਿਉਂਦੇ ਰਹੇ ਥ੍ਹਾਰੇ ਭਾਈ ਭਤੀਜੇ

ਬਣਿਆ ਰਹੇ ਪਰਿਵਾਰ
ਬੀਰ ਮ੍ਹਾਰੇ ਕੀ ਬੇਲ ਬਧੇ
ਥ੍ਹਾਰੀ ਗੋਦੀ ਰਾਜ ਕੁਮਾਰ ।

*ਪਾਣੀ ਵਾਰਨਾ*

ਪਾਣੀ ਵਾਰਨ ਦੀ ਰਸਮ ਲਾੜੇ ਦੀ ਮਾਂ ਦੁਆਰਾ ਕੀਤੀ ਜਾਂਦੀ ਹੈ । ਉਹ ਆਪਣੇ ਪੁੱਤਰ-ਬਹੂ ਤੋਂ ਸੱਤ ਵਾਰ ਪਾਣੀ ਵਾਰ ਕੇ ਗੜਬਾ ਮੂੰਹ ਨੂੰ ਲਗਾਉਣ ਦੀ ਕੋਸ਼ਿਸ਼ ਕਰਦੀ ਹੈ ਪਰ ਲਾੜਾ ਉਸ ਨੂੰ ਅਜਿਹਾ ਕਰਨ ਤੋਂ ਵਰਜਦਾ ਹੈ । ਪਾਣੀ ਵਾਰਨ ਦਾ ਅਰਥ ਮਾਂ ਆਪਣੇ ਪੁੱਤ-ਬਹੂ ਦੀਆਂ ਸਾਰੀਆਂ ਬਲਾਵਾਂ ਆਪਣੇ ਸਿਰ ਲੈਣਾ ਚਾਹੁੰਦੀ ਹੈ । ਪਰ ਪੁੱਤਰ ਅਜਿਹਾ ਨਹੀਂ ਕਰਨ ਦਿੰਦਾ ।

ਪਾਣੀ ਵਾਰ ਬੰਨ੍ਹੇ ਕੀ ਮਾਂਏਂ
ਨੀ ਬੰਨਾ ਬਾਹਰ ਖੜ੍ਹਿਆ
ਥ੍ਹਾਰੇ ਆਲੇ ਦੁਆਲੇ ਮਾ ਧਨੀਆਂ
ਥ੍ਹਮੇ ਸਾਂਭੇਗਾ ਬੁੱਢਾ ਬਨੀਆ
ਨੀ ਬੰਨਾ ਬਾਹਰ ਖੜ੍ਹਿਆ ।

**ਜਠੇਰਿਆਂ ਦੀ ਪੂਜਾ**

ਵਿਆਹ ਤੋਂ ਦੂਜੇ ਦਿਨ ਮੁੰਡਾ ਤੇ ਮੁੰਡੇ ਦੇ ਪਰਿਵਾਰ ਵਲੋਂ ਵੱਡੇ ਵਡੇਰਿਆਂ ਦੀ ਪੂਜਾ ਕੀਤੀ ਜਾਂਦੀ ਹੈ । ਪਿੱਪਲ ਜਾਂ ਅੰਬ ਦੁਆਲੇ ਘਰ ਦਾ ਵੱਡਾ ਬੰਦਾ ਹੱਥ ਵਿੱਚ ਸੂਤ ਲੈ ਕੇ ਅੱਗੇ ਹੁੰਦਾ ਹੈ ਸਮੇਤ ਲਾੜਾ/ਲਾੜੀ ਮੈਂਬਰ ਦੇ ਘਰ ਦੇ ਵੱਡੇ ਅੰਬ ਜਾਂ ਪਿੱਪਲ ਦੁਆਲੇ ਸੱਤ ਫੇਰੇ ਲੈਂਦੇ ਹਨ । ਵੱਡਿਆਂ ਵਡੇਰਿਆਂ ਤੋਂ ਨਵੀਂ ਜੋੜੀ ਲਈ ਦੁਆਵਾਂ ਮੰਗਦੇ ਹਨ । ਇਸ ਸਮੇਂ ਮਾਂ ਗਾਉਂਦੀ ਹੈ ।

ਮੈਂ ਆਮਾਂਗੀ ਕਿਆ ਜੀ
ਜੋੜੀ ਨਮੀ ਲੈ ਕੇ ਹਰ ਸਾਲ
ਤਨੂੰ ਮੱਥਾ ਟੇਕਦੀ
ਮੈਂ ਤਾਂ ਭਰੇ ਕਬੀਲੇ
ਵੇ ਬੱਡਿਆਂ ਬਡੇਰਿਆਂ
ਵੇ ਗੈਲ ।

*ਕੰਗਣਾ ਖੇਡਣਾ*

ਜਠੇਰਿਆਂ ਦੀ ਪੂਜਾ ਤੋਂ ਬਾਅਦ ਨਵੀਂ ਬੰਨੋਂ ਦੀ ਸੰਗ ਦੂਰ ਕਰਨ ਲਈ ਕੰਗਣਾ ਖੇਡਿਆ ਜਾਂਦਾ ਹੈ । ਇਸ ਰਸਮ ਨੂੰ ਮੁੰਡੇ ਦੀ ਭੈਣ ਕਰਵਾਉਂਦੀ ਹੈ । ਉਹ ਨਵੀਂ ਭਾਬੋ ਦਾ ਪੱਖ ਪੂਰਦੀ ਹੈ । ਇੱਕ ਪਰਾਤ ਵਿੱਚ ਕੱਚੀ ਲੱਸੀ ਪਾ ਕੇ ਉਸ ਵਿੱਚ ਬੰਨ੍ਹੇ ਹੋਏ ਕੰਗਣੇ ਖੋਲ੍ਹ ਕੇ ਪਾ ਦਿੱਤੇ ਜਾਂਦੇ ਹਨ । ਜੇਕਰ ਕੰਗਣੇ ਦੀਆਂ ਗੰਢਾਂ ਨਾ ਖੁਲ੍ਹੱਣ ਤਾਂ ਗੰਢਾਂ ਦੇਣ ਵਾਲੇ ਨੂੰ ਸਿੱਠਣੀਆਂ ਦਿੱਤੀ ਜਾਂਦੀਆਂ ਹਨ ।

ਕਿਨ ਕੰਜਰੀ ਲੈ ਦਿੱਤੀਆਂ
ਗੱਠਾਂ ਚੀਰਮੀਆਂ, ਚੀਰਮੀਆਂ
ਪ੍ਰਗਾਸੋ ਕੰਜਰੀ ਨੈ ਦਿੱਤੀਆਂ ।
ਗੱਠਾਂ ਚੀਰਮੀਆਂ ।

ਖੁੱਲ੍ਹਿਆ ਹੋਇਆ ਕੰਗਣਾ ਤੇ ਆਟੇ ਦੇ ਬਣਾਏ ਹੋਏ ਦੀਵੇ ਕੱਚੀ ਲੱਸੀ ਵਾਲੀ ਪਰਾਤ ਵਿੱਚ ਪਾ ਦਿੱਤੇ ਜਾਂਦੇ ਹਨ । ਲਾੜਾ ਲਾੜੀ ਵਿਚੋਂ ਜਿਹੜਾ ਪਹਿਲਾਂ ਹੱਥ ਮਾਰ ਕੇ ਕੰਗਣਾ ਕੱਢ ਲਿਆਵੇਗਾ, ਉਸ ਨੂੰ ਸਾਰੀ ਉਮਰ ਉਸ ਦੀ ਅਧੀਨਗੀ ਸਵੀਕਾਰ ਕਰਨੀ ਪਵੇਗੀ । ਇਸ ਲਈ ਕਈ ਵਾਰ ਲਾੜਾ ਜ਼ੋਰ ਅਜਮਾਈ ਕਰਕੇ ਵੀ ਲਾੜੀ ਹੱਥੋਂ ਕੰਗਣਾ ਖੋਹ ਲੈਂਦਾ ਹੈ । ਸ਼ਰੀਕਣਾ ਨਵੀਂ ਲਾੜੀ ਨੂੰ ਸਿੱਠਣੀਆਂ ਦੇਣੀਆਂ ਸ਼ੁਰੂ ਕਰ ਦਿੰਦੀਆਂ ਹਨ ।

ਤੌਂਹ ਖੇਲ ਲੁੱਚੀ ਕੀ ਕਾਂਗਣਾ
ਤੇਰੀ ਮਾਂਏ ਭੈਣ ਸਭ ਮਾਂਗਣਾ ।
ਤੌਂਹ ਖੇਲ ਬਦਮਾਸਣ ਵਾਲੀਆਂ
ਤੇਰੀ ਮਾਂਏ ਭੈਣ ਸਭ ਕਾਲੀਆਂ ।

ਇਸ ਤਰ੍ਹਾਂ ਇਹ ਰਸਮਾਂ ਵਿਆਹ ਸੰਸਕਾਰ ਨੂੰ ਨੇਪਰੇ ਚਾੜ੍ਹਦੀਆਂ ਹਨ । ਵਿਸ਼ਵੀਕਰਨ ਦੇ ਇਸ ਦੌਰ ਵਿੱਚ ਸਭ ਕੁਝ ਪਰਿਵਰਤਿਤ ਹੋ ਰਿਹਾ ਹੈ । ਸਮੁੱਚੀ ਲੋਕ-ਜੀਵਨ ਸ਼ੈਲੀ ਵਿੱਚ ਵੱਡੇ ਪਰਿਵਰਤਨ ਵਾਪਰ ਰਹੇ ਹਨ । ਇਸ ਪਰਿਵਰਤਨ ਦਾ ਜਿੱਥੇ ਸਾਨੂੰ ਲਾਭ ਹੈ ਉੱਥੇ ਇਸ ਦਾ ਨੁਕਸਾਨ ਵੀ ਹੈ, ਅਜਿਹੇ ਬਦਲਾਵ ਨੇ ਸਾਨੂੰ ਆਪਣੇ ਲੋਕ ਵਿਰਸੇ ਤੋਂ ਦੂਰ ਕਰ ਦਿੱਤਾ ਹੈ । ਪੜ੍ਹੀ ਲਿਖੀ ਪੀੜ੍ਹੀ ਨੇ ਤਾਂ ਪਹਿਲਾਂ ਹੀ ਇਸ ਅਨਮੋਲ ਵਿਰਸੇ ਨੂੰ ਆਪਣੇ ਹੱਥਾਂ ਵਿਚੋਂ ਕੇਰ ਦਿੱਤਾ ਹੈ । ਅਜਿਹੀ ਸਥਿਤੀ ਵਿੱਚ ਇਸ ਲੋਕ ਵਿਰਸੇ ਦੀ ਸਾਂਭ ਸੰਭਾਲ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਜੇਕਰ ਅਸੀਂ ਇਸ ਪ੍ਰਤੀ ਅਣਗਹਿਲੀ ਕੀਤੀ ਤਾਂ ਆਉਣ ਵਾਲੀ ਸਾਡੀ ਨਵੀਂ ਪੀੜ੍ਹੀ ਆਪਣੇ ਇਸ ਅਨਮੋਲ ਵਿਰਸੇ ਤੋਂ ਵਿਰਵੀ ਰਹਿ ਜਾਵੇਗੀ ।

# ਪੁਆਧ ਦੀਆਂ ਔਰਤਾਂ ਦੀ ਜੀਵਨ-ਸ਼ੈਲੀ 'ਚ ਕਲਾ ਦਰਪਣ

*ਦਲਜੀਤ ਕੌਰ ਦਾਊਂ*

ਕਲਾ ਜ਼ਿੰਦਗੀ ਹੈ। ਕਲਾ ਤੋਂ ਬਿਨਾਂ ਜੀਵਨ ਨੀਰਸ ਹੈ। ਖਾਲੀ ਹੈ, ਖੁਸ਼ਕ ਹੈ। ਜ਼ਿੰਦਗੀ ਦੇ ਖਲਾਅ ਨੂੰ ਭਰਨ ਲਈ, ਸੁਹਜ ਅਤੇ ਆਨੰਦਮਈ ਬਨਾਉਣ ਲਈ ਕਿਸੇ ਨਾ ਕਿਸੇ ਕਲਾ ਦਾ ਹੋਣਾ ਜ਼ਰੂਰੀ ਹੈ।

ਪ੍ਰਾਚੀਨ ਮਨੁੱਖ ਵੀ ਕਲਾ ਤੋਂ ਵਾਂਝਾ ਨਹੀਂ ਸੀ ਕਿਉਂਕਿ ਕਲਾ ਮਨੁੱਖ ਦੇ ਅੰਦਰੋਂ ਉਪਜਦੀ ਹੈ, ਤਾਂ ਹੀ ਮਨੁੱਖ ਨੇ ਆਪਣੀ ਸੰਵੇਦਨਾ ਨੂੰ ਪੱਥਰਾਂ, ਪੱਤਿਆਂ, ਰੁੱਖਾਂ ਦੇ ਤਣਿਆਂ ਅਤੇ ਦੀਵਾਰਾਂ ਤੇ ਚਿੱਤਰਿਆ। ਅਜੰਤਾ-ਇਲੋਰਾ ਦੀਆਂ ਗੁਫ਼ਾਵਾਂ ਇਸ ਗੱਲ ਦੀ ਸਾਖ਼ਸ਼-ਸ਼ਾਹਦੀ ਭਰਦੀਆਂ ਹਨ। ਮਨੁੱਖ ਨੂੰ ਆਪਣੇ ਆਲੇ-ਦੁਆਲੇ ਪ੍ਰਾਕਿਰਤੀ ਵਿੱਚੋਂ ਜੋ ਕੁਝ ਵੀ ਮਿਲਿਆ, ਉਸੇ ਨੂੰ ਹੀ ਉਸਨੇ ਆਪਣੀ ਕਲਾ ਦਾ ਮਾਧਿਅਮ ਬਣਾ ਲਿਆ।

ਪ੍ਰਾਚੀਨ ਪੰਜਾਬ ਦੇ ਪਿੰਡਾਂ ਵਿੱਚ ਵਸਦੇ ਲੋਕਾਂ ਅੰਦਰ ਕਲਾ ਦੀ ਕੋਈ ਕਮੀ ਨਹੀਂ ਸੀ। ਭਾਵੇਂ ਉਹ ਪੜ੍ਹੇ ਲਿਖੇ ਨਹੀਂ ਸਨ। ਇਸ ਕਲਾ ਨੂੰ ਪੁਆਧ ਦੇ ਇਲਾਕੇ ਦੀਆਂ ਔਰਤਾਂ ਨੇ ਆਪਣੀ ਜੀਵਨ-ਸ਼ੈਲੀ ਰਾਹੀਂ ਆਪਣੀ ਵੇਦਨਾ, ਸੰਵੇਦਨਾ ਤੇ ਹੁੱਨਰ ਨੂੰ ਵੱਖ-ਵੱਖ ਮਾਧਿਅਮਾਂ ਰਾਹੀਂ ਅਭੀਵਿਅਕਤ ਕੀਤਾ ਹੈ। ਇਸ ਨੂੰ ਅਸੀਂ ਹੇਠ ਲਿਖੇ ਸਿਰਲੇਖਾਂ ਅੰਦਰ ਵੰਡ ਸਕਦੇ ਹਾਂ।

1. ਸੂਤੀ ਧਾਗੇ ਦੀ ਕਲਾ
2. ਬਨਸਪਤੀ ਵਸਤਾਂ ਦੀ ਕਲਾ
3. ਗਾਰਾ-ਮਿੱਟੀ ਦੀ ਕਲਾ

ਇਨ੍ਹਾਂ ਵਸਤਾਂ ਦੀ ਕਲਾ ਨੂੰ ਫਿਰ ਅੱਗੇ ਦੋ ਉਪ ਸਿਰਲੇਖਾਂ ਹੇਠਾਂ ਵੰਡਿਆ ਜਾ ਸਕਦਾ ਹੈ।

1. ਘਰੇਗੀ ਵਸਤਾਂ ਦੀ ਉਪਭੋਗਤਾ ਵਾਲੀ ਕਲਾ
2. ਘਰ ਦੀ ਸਜਾਵਟ ਵਾਲੀ ਕਲਾ।

**ਸੂਤੀ ਧਾਗੇ ਦੀ ਕਲਾ :-** ਇਹ ਕਲਾ ਖੇਤਾਂ ਵਿੱਚ ਕਪਾਹ ਬੀਜਣ ਤੋਂ ਸ਼ੁਰੂ ਹੋਈ। ਦੇਸੀ, ਸਫ਼ੇਦ ਤੇ ਖਾਕੀ ਕਪਾਹ ਖੇਤਾਂ ਵਿੱਚ ਬੀਜੀ ਜਾਂਦੀ ਸੀ। ਖਿੜਨ ਉਪਰੰਤ ਔਰਤਾਂ ਫੁੱਟਾਂ ਨੂੰ ਆਪਣੇ ਹੱਥਾਂ ਨਾਲ ਬੜੇ ਹੀ ਕਲਾਮਈ ਢੰਗ ਨਾਲ ਚੁਣ ਕੇ ਬੇਲਣੇ

ਰਾਹੀਂ ਰੂੰ ਅਤੇ ਵੜੇਵੇਂ ਵੱਖ ਵੱਖ ਕਰ ਲੈਂਦੀਆਂ ਅਤੇ ਉਨ੍ਹਾਂ ਦੇ ਦਿਲ ਦੀ ਸੰਵੇਦਨਾਂ ਇੱਕ ਲੋਕ-ਗੀਤ ਵਿੱਚ ਵਹਿ ਤੁਰਦੀ।

ਕਰੀਰ ਦਾ ਬੇਲਣਾ, ਮੈਂ ਵੇਲ ਵੇਲ ਥੱਕੀ।

ਰੂੰ ਤੋਂ ਗੋਹੜੇ ਅਤੇ ਪੂਣੀਆਂ ਬਣਾ ਕੇ ਚਰਖੇ 'ਤੇ ਨੱਢੀਆਂ, ਮੁਟਿਆਰਾਂ, ਬੁੱਢੀਆਂ ਸੁਆਣੀਆਂ ਰਾਤੀਂ ਜਾਂ ਦਿਨੇ ਤ੍ਰਿਞਣਾਂ 'ਚ ਕੱਤਦੀਆਂ ਅਤੇ ਪਿਆਰ ਭਰੇ ਗੀਤ ਗਾਉਂਦੀਆਂ

1.ਮੈਂ ਕੱਤਾਂ ਪ੍ਰੀਤਾਂ ਨਾਲ
ਚਰਖਾ ਚੰਨਣ ਦਾ।

2. ਚਰਖਾ ਮੈਂ ਆਪਣਾ ਕੱਤਾਂ,
ਤੰਦ ਤੇਰਿਆਂ ਦੁੱਖਾਂ ਦੀ ਪਾਵਾਂ।

ਉਨ੍ਹਾਂ ਦਿਨਾਂ ਵਿੱਚ ਚਰਖਾ ਲੜਕੀ ਨੂੰ ਦਾਜ ਵਿੱਚ ਦਿੱਤਾ ਜਾਂਦਾ ਸੀ। ਇਸ ਧਾਗੇ ਨੂੰ ਸੂਤ ਕਤਣਾਂ ਕਹਿੰਦੇ ਸਨ ਇਸ ਤੋਂ ਕੱਪੜਾ ਬਣਦਾ ਸੀ ਜਿਸ ਨੂੰ ਖੱਦਰ ਕਿਹਾ ਜਾਂਦਾ। ਖੱਦਰ ਤੋਂ ਬਿਸਤਰਿਆਂ ਦੀਆਂ ਚਾਦਰਾਂ, ਸਿਰਹਾਣੇਂ, ਗੱਦੀਆਂ, ਝੋਲੇ, ਮੇਜ ਪੋਸ਼, ਅੰਗੀਠੀ ਪੋਸ਼ ਬਣਾਏ ਜਾਂਦੇ ਸਨ। ਘਰ ਵਿੱਚ ਕੁੜੀਆਂ, ਔਰਤਾਂ ਇਨ੍ਹਾਂ 'ਤੇ ਫੁੱਲ ਵੇਲ ਬੂਟੇ, ਚਿੜੀਆਂ, ਤੋਤੇ, ਮੋਰ, ਘੋੜੇ, ਸ਼ੇਰ ਆਦਿ ਸੂਤੀ ਧਾਗੇ ਨਾਲ ਕਸ਼ੀਦਦੀਆਂ। ਇਨ੍ਹਾਂ ਤੋਂ ਇਲਾਵਾ ਖੱਦਰ ਨੂੰ ਲਾਲ ਤੇ ਨੀਲਾ ਰੰਗ ਕੇ ਉੱਤੇ ਰੇਸ਼ਮ ਦੇ ਧਾਗੇ ਨਾਲ ਕਸ਼ੀਦਾਕਾਰੀ ਕਰਦੀਆਂ। ਛੋਟੀਆਂ ਛੋਟੀਆਂ ਬੂਟੀਆਂ ਤੋਂ ਸ਼ੁਰੂ ਕਰਕੇ ਸੰਘਣੀ ਕਸ਼ੀਦਾਕਾਰੀ ਵੀ ਕਰਦੀਆਂ ਜਿਸ ਨੂੰ ਬਾਗ ਕਢਣਾ ਕਿਹਾ ਜਾਂਦਾ ਸੀ। ਕਈ ਕੁੜੀਆਂ ਤਾਂ ਇੰਨੀ ਸੰਘਣੀ ਫੁੱਲਕਾਰੀ ਕਢਦੀਆਂ, ਤਿੱਲ ਸੁੱਟਣ ਨੂੰ ਕੱਪੜਾ ਖਾਲੀ ਨਾ ਬਚਦਾ। ਇਸਨੂੰ ਫੁੱਲਕਾਰੀ ਦੀ ਕਲਾ ਕਿਹਾ ਜਾਂਦਾ ਸੀ। ਫੁਲਕਾਰੀਆਂ ਵੀ ਕੁੜੀਆਂ ਤ੍ਰਿਞੰਣਾਂ ਵਿੱਚ ਕਢਦੀਆਂ। ਇਹ ਵੀ ਕੁੜੀਆਂ ਨੂੰ ਦਾਜ ਵਿੱਚ ਦਿੱਤੀਆਂ ਜਾਂਦੀਆਂ।

ਕੱਤੇ ਹੋਏ ਸੂਤ ਨੂੰ ਔਰਤਾਂ ਘਰਾਂ ਵਿੱਚ ਲਾਲ, ਪੀਲਾ, ਨੀਲਾ, ਆਬੀ ਰੰਗ ਦਿੰਦੀਆਂ ਤੇ ਉਸ ਤੋਂ ਬਿਸਤਰਿਆਂ ਲਈ ਦਰੀਆਂ ਬਣਾਉਂਦੀਆਂ। ਦਰੀਆਂ ਵਿੱਚ ਪੱਟੀਆਂ, ਬਾਡਰ, ਗੁਲਖਹਿਰੇ, ਅਠ ਕਲੀਏ, ਚੌਵੀ ਕਲੀਏ, ਟਾਪਟਾ, ਲੂਣ ਮਿਰਚ, ਸਾਰ ਪਾਸੇ ਦੀ ਡੱਬੀ, ਬੀਜ, ਗੋਭੀ ਦਾ ਫੁੱਲ, ਬੈਂਗਣ, ਅੰਬ, ਤੋਤੇ, ਮੋਰ, ਚਿੜੀਆਂ, ਘੋੜੇ, ਸ਼ੇਰ ਆਦਿ ਬੁਣਤੀ ਵਿਚ ਬੁਣਦੀਆਂ। ਵਹੁਟੀ ਦੇ ਦਾਜ ਵਿੱਚ ਆਈਆਂ ਦਰੀਆਂ ਨੂੰ ਪਿੰਡ ਦੀਆਂ ਕੁੜੀਆਂ ਅਤੇ ਔਰਤਾਂ ਖੋਲ੍ਹ-ਖੋਲ੍ਹ ਦੇਖਦੀਆਂ। ਵਧੀਆ ਦਰੀਆਂ ਬੁਣਨ ਵਾਲੀ ਔਰਤ ਨੂੰ ਸੁਘੜ, ਸੂਝਵਾਨ, ਰਕਾਨ ਸਮਝਿਆ ਜਾਂਦਾ ਸੀ।

ਇਸੇ ਸੂਤ ਨੂੰ ਪਾਣੀ ਵਿੱਚ ਗਿੱਲਾ ਕਰਕੇ ਮੋਟੇ ਤਕਲੇ 'ਤੇ ਚਰਖੇ ਨਾਲ ਡੋਰਾਂ ਮੇਲੀਆਂ ਜਾਂਦੀਆਂ ਸਨ। ਵੱਡੇ-ਵੱਡੇ ਨੀਚਲਿਆਂ ਨੂੰ ਲੱਛੇ ਬਣਾ ਕੇ ਰੰਗਿਆ ਜਾਂਦਾ ਫਿਰ ਰੰਗ-ਬਿਰੰਗੇ ਫੁੱਲ, ਅੱਠ ਕਲੀਏ, ਚੌਵੀ ਕਲੀਏ ਪਾ ਕੇ ਮੰਜੇ ਅਤੇ ਪੀੜ੍ਹੀਆਂ ਬੁਣਦੀਆਂ ਸਨ। ਇਨ੍ਹਾਂ ਹੀ ਡੋਰਾਂ ਨਾਲ ਔਰਤਾਂ ਦਰੀਆਂ ਦਾ ਤਾਣਾਂ ਵੀ ਤਣਦੀਆਂ ਸਨ। ਦਰੀਆਂ ਬੁਣਨ ਉਪਰੰਤ ਉਨ੍ਹਾਂ ਦੇ ਬੰਬਲ ਵੱਟਦੀਆਂ, ਜੁਲਾਹੇ ਤੋਂ

ਬੁਣੀਆਂ ਹੋਈਆਂ ਖੇਸੀਆਂ (ਡੱਬੀਆਂ ਵਾਲੀਆਂ ਤੇ ਚਿੱਟੀਆਂ ਖਾਕੀ ਰੰਗ ਦੀਆਂ) ਘਰ ਆ ਜਾਂਦੀਆਂ ਤਾਂ ਚੁਲ੍ਹੇ ਚੌਂਕੇ ਤੋਂ ਵਿਹਲੀਆਂ ਹੋ ਕੇ ਔਰਤਾਂ ਖੇਸੀਆਂ ਦੇ ਵੀ ਸਾਦੇ ਤੇ ਜਾਲੀਦਾਰ ਬੰਬਲ ਵੱਟਦੀਆਂ। ਦੁਰੀਆਂ ਬਾਰੇ ਇਕ ਲੋਕ ਬੋਲੀ ਪ੍ਰਚਲਤ ਹੈ:

ਦਰੀ ਫੁੱਲਾਂ ਦੀ ਦਹੇਜ ਵਿੱਚ ਦੇਣੀ,
ਮਾਂਵਾਂ ਧੀਆਂ ਬੁਣਨ ਲੱਗੀਆਂ।

ਪੁਆਧ ਦੇ ਇਲਾਕੇ ਵਿੱਚ ਔਰਤਾਂ ਨੂੰ ਘਰ ਆਏ ਮਹਿਮਾਨਾਂ ਅਤੇ ਕੁੜੀਆਂ ਨੂੰ ਦਾਜ ਵਿੱਚ ਦੇਣ ਲਈ ਬਿਸਤਰੇ ਅਤੇ ਹੋਰ ਘਰ ਵਿੱਚ ਵਰਤੋਂ ਵਾਲਾ ਸਮਾਨ ਤਿਆਰ ਕਰਨ ਦਾ ਕਾਫੀ ਆਹਰ ਰਹਿੰਦਾ ਸੀ। ਉਹ ਘਰ ਦੇ ਪਸ਼ੂ ਬਲਦ ਅਤੇ ਕਟਰੂੰਆਂ ਲਈ ਵੀ ਦੋੜਿਆਂ ਅਤੇ ਦਰੀਆਂ ਤੋਂ ਝੁੱਲ ਤਿਆਰ ਕਰਦੀਆਂ, ਚਾਰੋਂ ਪਾਸੇ ਰੰਗਦਾਰ ਕਪੜੇ ਦੀ ਕੋਰ ਲਾ ਕੇ ਢੁੱਠਾਂ ਤੇ ਕਸ਼ੀਦਾਕਾਰੀ ਕਰਦੀਆਂ। ਉਨ੍ਹਾਂ ਦੇ ਮੱਥਿਆਂ ਲਈ ਮਖੇਰਨੇਂ ਬਣਾਉਂਦੀਆਂ। ਗਲਾਂ ਲਈ ਰੰਗ ਬਰੰਗੇ ਮਣਕੇ ਅਤੇ ਨਿੱਕੀਆਂ ਨਿੱਕੀਆਂ ਟੱਲੀਆਂ ਪਰੋ ਕੇ ਹਾਰ ਬਣਾਉਂਦੀਆਂ, ਘੋੜੀ ਲਈ ਦੁਸ਼ਾਲਾ ਸਜਾਉਂਦੀਆਂ ਜੋ ਉਸਦੇ ਦਾਜ ਵਿੱਚ ਦੇਣੀ ਹੁੰਦੀ ਸੀ।

**ਨਾਲੇ** :- ਨਾਲੇ ਵਾਲੇ ਅੱਡਿਆਂ ਤੇ ਸਫੇਦ ਅਤੇ ਕਈ ਰੰਗਾਂ ਦੇ ਨਾਲੇ ਬੁਣਦੀਆਂ। ਇਨ੍ਹਾਂ ਵਿੱਚ ਕਈ ਤਰ੍ਹਾਂ ਦੇ ਨਮੂਨੇ ਪਾਉਂਦੀਆਂ ਜਿਵੇਂ ਲਹਿਰੀਆ, ਡੱਬੀਆਂ ਅਤੇ ਮਹਲ-ਮੋਰੀਆਂ। ਇਨ੍ਹਾਂ ਨੂੰ ਉਦੜਨ ਤੋਂ ਬਚਾਉਣ ਲਈ ਅਤੇ ਸੁਹਜ ਦੇਣ ਲਈ ਕਈ ਤਰ੍ਹਾਂ ਦੇ ਬੰਬਲ ਵਟਦੀਆਂ। ਘੱਗਰੇ ਵਾਲੇ ਨਾਲਿਆਂ ਦੇ ਬੰਬਲਾਂ 'ਤੇ ਸਿਤਾਰੇ ਵੀ ਜੜਦੀਆਂ। ਘਗਰਿਆਂ ਨੂੰ ਕਈ ਰੰਗਾਂ ਦੀ ਲੌਣ ਲਾਉਂਦੀਆਂ।

**ਪਰਾਂਦੀਆਂ** :- ਸੂਤੀ ਅਤੇ ਊਨੀ ਧਾਗਿਆਂ ਤੋਂ ਕਈ ਰੰਗਾਂ ਦੀਆਂ ਪਰਾਂਦੀਆਂ ਬਣਾਉਂਦੀਆਂ ਜਿਵੇਂ ਕਾਲੀਆਂ, ਲਾਲ, ਹਰੀਆਂ ਪਰਾਂਦੀਆਂ ਬਣਾ ਕੇ ਕਈ ਤਰ੍ਹਾਂ ਦੇ ਫੂੰਦੇ, ਗੁੰਦਮੇਂ-ਫੁੰਮਣ, ਜਲੇਬੀਦਾਰ ਫੁੰਮਣ ਲਾ ਕੇ ਸਤਾਰਿਆਂ ਨਾਲ ਸਜਾਉਂਦੀਆਂ।

**ਕਰੋਸ਼ੀਆ** :- ਕਰੋਸ਼ੀਏ ਦੀ ਕਲਾ ਵੀ ਬਹੁਤ ਪ੍ਰਚੱਲਤ ਸੀ। ਕਰੋਸ਼ੀਆ ਤੇ ਧਾਗਾ ਲੈ ਕੇ ਰੁਮਾਲ , ਮੇਜ਼ਪੋਸ਼, ਅੰਗੀਠੀ ਪੋਸ਼, ਥਾਲ ਦੇ ਵੱਡੇ ਰੁਮਾਲ ਬਣਾ ਕੇ ਚਾਰੇ ਪਾਸੇ ਜਾਲੀ ਬਣਾ ਕੇ ਫੁੰਦਿਆਂ ਨਾਲ ਸਜਾਉਂਦੀਆਂ। ਇਹ ਕਲਾ ਕੁੜੀਆਂ ਲੋਕ ਗੀਤਾਂ ਵਾਂਗ ਹੀ ਆਪ ਮੁਹਾਰੇ ਸਿਖਦੀਆਂ ਰਹਿੰਦੀਆਂ। ਤਿਆਰ ਕੀਤੀਆਂ ਚੀਜ਼ਾਂ ਦਾਜ ਵਿੱਚ ਲੈ ਜਾਂਦੀਆਂ।

**ਪੱਖੀਆਂ** :- ਪੱਖੀਆਂ ਤਿਆਰ ਕਰਨ ਲਈ ਕੁੜੀਆਂ ਕੱਪੜੇ ਤੇ ਕਸ਼ੀਦਾ ਕਾਰੀ ਰਾਹੀਂ ਕਈ ਪੰਛੀ ਤੇ ਜਾਨਵਰਾਂ ਦੇ ਨਮੂਨੇ, ਫੁੱਲਾਂ ਅਤੇ ਬੇਲਾਂ ਦੇ ਨਮੂਨੇ ਬਣਾ ਕੇ ਉਤੇ ਸ਼ੀਸ਼ੇ, ਸਿਤਾਰੇ ਅਤੇ ਘੁੰਗਰੂ ਲਾਉਂਦੀਆਂ, ਪੱਖੀ ਦੇ ਦੁਆਲੇ ਕਈ ਤਰ੍ਹਾਂ ਦੀਆਂ ਝਾਲਰਾਂ ਲਾ ਕੇ ਸਜਾਉਂਦੀਆਂ। ਇਹ ਧਾਗੇ ਦੀਆਂ ਤਾਰਾਂ ਅਤੇ ਨਾਈਲੋਨ ਦੀਆਂ ਤਾਰਾਂ ਤੋਂ ਵੀ ਤਿਆਰ ਕਰ ਲੈਂਦੀਆਂ ਸਨ। ਪੱਖੀਆਂ ਬਾਰੇ ਲੋਕ ਬੋਲੀ

ਪ੍ਰਚੱਲਤ ਹੈ :

ਲੈ ਦੇ ਮੈਨੂੰ ਮਖਮਲ ਦੀ,
ਪੱਖੀ ਘੁੰਗਰੂਆਂ ਵਾਲੀ।

ਘਰ ਆਏ ਮਹਿਮਾਨ ਲਈ ਸੰਦੂਕ ਜਾਂ ਪੇਟੀ 'ਚੋਂ ਘੁੰਗਰੂਆਂ ਵਾਲੀ ਪੱਖੀ ਹੀ ਕੱਢ ਕੇ ਦਿੱਤੀ ਜਾਂਦੀ । ਝੱਲ ਮਾਰਨ ਤੋਂ ਬੜੀ ਪਿਆਰੀ ਸੰਗੀਤਕ ਧੁਨ ਉਪਜਦੀ।

**ਬਾਂਦਰਵਾਲ :-** ਪੁਆਧ ਦੇ ਇਲਾਕੇ ਦੀ ਸਜਾਵਟ ਵਾਲੀ ਸਭ ਤੋਂ ਪ੍ਰਸਿੱਧ ਅਤੇ ਸ਼ਲਾਘਾ ਯੋਗ ਚੀਜ਼ ਬਾਂਦਰਵਾਲ ਹੁੰਦਾ ਸੀ ਜੋ ਦਰਵਾਜੇ ਦੀ ਸਜਾਵਟ ਲਈ ਬਣਾਇਆ ਜਾਂਦਾ ਸੀ। ਜਿਸ ਵਹੁਟੀ ਦੇ ਦਾਜ ਵਿੱਚ ਬਾਂਦਰਵਾਲ ਹੁੰਦਾ ਸੀ, ਉਸ ਦੀ ਪੱਕੀ ਨਿਸ਼ਾਨੀ ਹੁੰਦੀ ਸੀ ਕਿ ਉਹ ਪੁਆਧ ਦੇ ਇਲਾਕੇ 'ਚੋਂ ਆਈ ਹੈ। ਇਹ ਕਲਾ ਪੁਆਧ ਦੇ ਖੇਤਰ ਨਾਲ ਗੂੜ੍ਹਾ ਸਬੰਧ ਰਖਦੀ ਸੀ।

ਇਸ ਤੋਂ ਇਲਾਵਾ ਕੱਪੜੇ ਦੀਆਂ ਕਾਤਰਾਂ ਤੋਂ ਔਰਤਾਂ ਪੰਛੀਆਂ ਅਤੇ ਜਾਨਵਰਾਂ ਦੇ ਰੂਪ ਧਾਰ ਖਿਡਾਉਂਣੇ, ਬਣਾ ਕੇ ਸਿਤਾਰੇ ਤੇ ਗਾਨੀਆਂ ਨਾਲ ਸਜਾ ਦਿੰਦੀਆਂ ਜੋ ਬੱਚਿਆਂ ਨੂੰ ਖੇਡਣ ਲਈ ਦਿੰਦੀਆਂ। ਸਜਾਵਟ ਲਈ ਦਰਵਾਜ਼ੇ ਦੀਆਂ ਸਰਦਲਾਂ ਅਤੇ ਕੀਲੀਆਂ 'ਤੇ ਵੀ ਟੰਗ ਦਿੰਦੀਆਂ। ਕੁੜੀਆਂ ਦੇ ਖੇਡਣ ਲਈ ਗੁੱਡੀਆਂ ਪਟੋਲੇ ਬਣਾ ਦਿੰਦੀਆਂ, ਦੀਆ ਸਿਲਾਈ ਦੀਆਂ ਖਾਲੀ ਡੱਬੀਆਂ ਤੋਂ ਛੁਣਛਣੇ, ਸੋਫੇ, ਮੰਜੇ ਬਣਾ ਦਿੰਦੀਆਂ ਅਤੇ ਸਿਰਾਂ 'ਤੇ ਘੜੇ ਚੁੱਕਣ ਲਈ ਇਨੂੰਏ ਬਣਾ ਕੇ ਰੰਗਦਾਰ ਫੁੰਦਿਆਂ ਨਾਲ ਸਜਾ ਦਿੰਦੀਆਂ। ਕਾਤਰਾਂ ਦਾ ਨਿੱਕਾ ਜਿਹਾ ਕੁਸ਼ਨ ਬਣਾ ਕੇ ਦਲਾਨ ਵਿਚ ਕਿਸੇ ਖੂੰਜੇ ਕੰਧ ਤੇ ਟੰਗ ਦਿੰਦੀਆਂ ਇਸ ਵਿਚ ਸੂਈ ਧਾਗਾ ਰੱਖ ਦਿੰਦੀਆਂ। ਹੋਰ ਨਿੱਕੀਆਂ ਮੋਟੀਆਂ ਚੀਜ਼ਾਂ ਸੰਭਾਲਣ ਲਈ ਥੈਲੀਆਂ ਸਿਉਂਦੀਆਂ ਉਨ੍ਹਾਂ ਨੂੰ ਗੋਟਾ ਅਤੇ ਸਿਤਾਰਿਆਂ ਨਾਲ ਸਜਾ ਦਿੰਦੀਆਂ। ਦਲ੍ਹਾਨ 'ਚ ਲੱਗੀ ਕਿਸੇ ਕਿੱਲੀ ਉੱਤੇ ਟੰਗ ਦਿੰਦੀਆਂ।

**ਮੌਲੀ :-** ਵਿਆਹ ਤੋਂ ਕੁਝ ਦਿਨ ਪਹਿਲਾਂ ਤਾਈਆਂ ਚਾਚੀਆਂ ਵਿਆਹ ਵਾਲੇ ਘਰ ਇੱਕਠੀਆਂ ਹੋ ਕੇ ਮੌਲੀ ਕੱਤਦੀਆਂ, ਅਟੇਰਦੀਆਂ ਅਤੇ ਅਟੀਆਂ ਨੂੰ ਲਾਲ, ਪੀਲਾ, ਹਰਾ ਰੰਗ ਦਿੰਦੀਆਂ। ਮੌਲੀ ਵਿੱਚ ਆਮ ਤੌਰ ਤੇ ਲਹਿਰੀਆ ਅਤੇ ਡੱਬੀਆਂ ਦਾ ਨਮੂਨਾ ਬਣਾਇਆ ਜਾਂਦਾ ਸੀ।

ਮਹਿੰਦੀ ਪਾਉਣ ਲਈ ਟੂੱਲ (ਲਾਲ ਕੱਪੜਾ) ਦੀ ਥੈਲੀ ਸਿਉਂਦੀਆਂ ਅਤੇ ਗੋਟਾ ਲਾ ਕੇ ਸਜਾਉਂਦੀਆਂ।

**ਬਨਸਪਤੀ ਕਲਾ :-** ਦਿੱਬ ਅਤੇ ਖਜੂਰ ਦੇ ਪੱਤਿਆਂ ਨੂੰ ਰੰਗ ਕੇ, ਨਮੂਨੇ ਪਾ ਕੇ ਬੋਹੀਏ, ਟੋਕਰੀਆਂ, ਚੰਗੇਰ ਅਤੇ ਛਿਕੂ ਬਣਾਉਂਦੀਆਂ। ਚੰਗੇਰ-ਗਲੋਟੇ, ਸੂਤ ਦੇ ਪਿੰਨੇ, ਅਤੇ ਅੱਟੀਆਂ ਰੱਖਣ ਦੇ ਕੰਮ ਆਉਂਦੀ। ਖਜੂਰ ਦੇ ਪੱਤਿਆਂ ਤੋਂ ਝੱਲ ਮਾਰਨ ਲਈ ਪੱਖੇ ਬਣਾਉਂਦੀਆਂ।

**ਸੁਹਾਗ ਪਟਿਆਰੀ :-** ਵਿਆਹ ਸਮੇਂ ਸ਼ਰੀਕੇ ਵਾਲੀਆਂ ਔਰਤਾਂ ਕੁੜੀ ਨੂੰ ਦਿੱਬ ਅਤੇ ਖਜੂਰ ਦੇ ਪੱਤਿਆਂ ਤੋਂ ਸੁਹਾਗ ਪਟਿਆਰੀ (ਢੱਕਣ ਵਾਲੀ ਗੋਲ ਟੋਕਰੀ) ਬਣਾ ਕੇ ਦਿੰਦੀਆਂ। ਜਿਸ ਵਿੱਚ ਕੁੜੀ ਦੇ ਸ਼ਿੰਗਾਰ ਦਾ ਸਮਾਨ ਰਖਿਆ ਹੁੰਦਾ। ਇਸ ਨੂੰ ਬਾਹਰੋਂ ਚਿੱਤਰ ਕਾਰੀ ਨਾਲ ਸਜਾਇਆ ਹੁੰਦਾ।

**ਸਰਬਣ ਮੱਟ :-** ਪੁਰਾਣੇ ਜ਼ਮਾਨੇ ਵਿੱਚ ਵਿਆਹ ਸਮੇਂ ਭੂਆ ਭਤੀਜੀ ਨੂੰ ਸਰਬਣ ਮੱਟ ਸ਼ਿੰਗਾਰ ਕੇ ਦਿੰਦੀ ਇਹ ਵੀ ਦਿੱਬ ਦੇ ਪੱਤਿਆਂ ਤੋਂ ਬਣਿਆ ਹੁੰਦਾ ਸੀ, ਇਸ ਵਿੱਚ ਤਿਉਰ (ਸੂਟ) ਅਤੇ ਸ਼ਿੰਗਾਰ ਦਾ ਸਮਾਨ ਪਾਇਆ ਜਾਂਦਾ ਸੀ।

ਇਸ ਤੋਂ ਇਲਾਵਾ ਘਰ ਦੀ ਵਰਤੋਂ ਲਈ ਔਰਤਾਂ ਮੂੜੇ, ਚਟਾਈਆਂ ਬੈਠਣ ਲਈ ਬਣਾਉਂਦੀਆਂ ਉਨ੍ਹਾਂ ਤੇ ਦਿੱਬ ਦੇ ਪੱਤਿਆਂ ਨਾਲ ਹੀ ਬੁਣ ਕੇ ਨਮੂਨੇ ਪਾਉਂਦੀਆਂ। ਛਿੱਕੂ ਬਣਾ ਕੇ ਕਿਸੇ ਰੱਸੀ ਨਾਲ ਛੱਤ ਵਿਚ ਟੰਗ ਦਿੰਦੀਆਂ, ਇਸ ਤੇ ਕੋਈ ਚਿੱਤਰਕਾਰੀ ਕਰ ਦਿੰਦੀਆਂ। ਜਿਥੇ ਇਹ ਘਰ ਦੀ ਸਜਾਵਟ ਵਿੱਚ ਵਾਧਾ ਕਰਦੇ ਉਥੇ ਖਾਣ ਵਾਲੀਆਂ ਚੀਜ਼ਾਂ ਅਤੇ ਦੁੱਧ ਨੂੰ ਸੰਭਾਲ ਕੇ ਰੱਖਣ ਦਾ ਕੰਮ ਵੀ ਸਾਰਦੇ।

**ਮੁਲਤਾਨੀ ਮਿੱਟੀ (ਗਾਚਣੀ ):** ਮੁਲਤਾਨੀ ਮਿੱਟੀ (ਗਾਚਣੀ) ਅਤੇ ਪੁਰਾਣੇ ਕਾਗਜ਼ਾਂ ਨੂੰ ਕੁੱਟ ਕੇ ਬੋਹੀਏ, ਗਲਾਸ, ਕੌਲੀਆਂ, ਗਮਲੇ, ਗੜਵੇ ਬਣਾਉਂਦੀਆਂ ਅਤੇ ਉਨ੍ਹਾਂ ਤੇ ਰੰਗਦਾਰ ਫੁੱਲ, ਵੇਲਾਂ, ਚਿੜੀਆਂ ਉਲੀਕਦੀਆਂ। ਇਹ ਚਿੱਤਰਕਾਰੀ ਕੁੜੀਆਂ ਬਾਂਸ ਦੇ ਡੱਕੇ ਉੱਤੇ ਰੂੰ ਜਾਂ ਕੋਈ ਲੀਰ ਲਪੇਟ ਕੇ ਹੀ ਕਰ ਲੈਂਦੀਆਂ। ਇਨ੍ਹਾਂ ਚੀਜ਼ਾਂ ਨੂੰ ਦਲਾਨ ਦੀ ਟਾਂਡ ਉੱਤੇ ਸਜਾ ਕੇ ਰੱਖ ਦਿੰਦੀਆਂ। ਇਹ ਸੁਕੀਆਂ ਚੀਜ਼ਾਂ ਪਾਉਣ ਦੇ ਕੰਮ ਆਉਂਦੀਆਂ।

**ਗਾਰੇ-ਮਿੱਟੀ ਦੀ ਕਲਾ :-** ਪਿੰਡਾਂ ਵਿੱਚ ਨੌਜੁਆਨ ਕੁੜੀਆਂ ਇੱਕਠੀਆਂ ਹੋ ਕੇ ਤਸਲੇ, ਖੁਰਪੇ, ਕਹੋਲੀਆਂ ਲੈ ਕੇ ਪਿੰਡ ਤੋਂ ਬਾਹਰ ਮਠਿਆਨਿਆਂ 'ਚੋਂ ਮਿੱਟੀ ਪੁੱਟ ਕੇ ਲਿਆਉਂਦੀਆਂ ਜਾਂ ਕਿਸੇ ਛਪੱੜੀ ਵਿਚੋਂ ਗਾਰਾ ਹੀ ਲੈ ਆਉਂਦੀਆਂ। ਗਾਰੇ ਵਿੱਚ ਰੀਣ (ਬਰੀਕ ਤੂੜੀ) ਦਾ ਮਲਣ ਪਾ ਕੇ ਚੰਗੀ ਤਰ੍ਹਾਂ ਗੋ ਲੈਂਦੀਆਂ ਫਿਰ ਉਸ ਤੋਂ ਚੁੱਲ੍ਹਾ, ਚੁਰ, ਹਾਰਾ, ਹਾਰੀ, ਭੜੋਲੀ, ਤੰਦੂਰ ਪੱਥ ਲੈਂਦੀਆਂ ਸਨ। ਇਹ ਵਸਤਾਂ ਰੋਟੀ ਪਕਾਉਣ, ਦਾਲ ਬਨਾਉਣ ਅਤੇ ਦੁੱਧ ਕਾੜ੍ਹਨ ਦੇ ਕੰਮ ਆਉਂਦੀਆਂ ਸਨ। ਇਹ ਚੀਜ਼ਾਂ ਭਾਵੇਂ ਸਾਰੇ ਪੰਜਾਬ ਦੇ ਪਿੰਡਾਂ ਵਿਚ ਥੋੜ੍ਹੀਆਂ ਬਹੁਤੀਆਂ ਮਿਲਦੀਆਂ ਸਨ। ਪਰ ਪੁਆਧ ਦਾ ਇਲਾਕਾ ਆਰਥਕ ਪਖੋਂ ਪੱਛੜਿਆ ਹੋਣ ਕਾਰਨ ਅਤੇ ਚੋਆ ਤੋਂ ਚੀਕਣੀ ਮਿੱਟੀ ਅਸਾਨੀ ਨਾਲ ਮਿਲ ਜਾਣ ਕਾਰਨ, ਗਾਰੇ ਮਿੱਟੀ ਦਾ ਕੰਮ ਜ਼ਿਆਦਾ ਹੀ ਕੀਤਾ ਜਾਂਦਾ ਸੀ। ਔਰਤਾਂ ਘਰਾਂ ਵਿੱਚ ਮੱਟੀਆਂ, ਭੜੋਲੇ, ਕੋਠੀਆਂ, ਮੱਟ ਮਿੱਟੀ ਤੋਂ ਪੱਥ ਲੈਂਦੀਆਂ ਸਨ। ਇਨ੍ਹਾਂ ਉਤੇ ਕਈ ਰੰਗਾਂ ਦੇ ਚਿੱਤਰ ਬਣਾਉਂਦੀਆਂ ਸਨ। ਚਿਤਰੀਆਂ ਚੀਜ਼ਾਂ ਜਿਥੇ ਦਲ੍ਹਾਨ ਦੀ ਸ਼ੋਭਾ ਵਧਾਉਂਦੀਆਂ ਸਨ ਉਥੇ ਗੁੜ, ਸ਼ੱਕਰ, ਆਟਾ ਅਤੇ ਅਨਾਜ ਸਾਂਭਣ ਦੇ ਕੰਮ ਵੀ ਆਉਂਦੀਆਂ ਸਨ। ਆਟਾ ਪੀਸਣ ਵਾਲੀ ਚੱਕੀ ਦਾ ਗੰਡ ਪਾਉਣਾਂ ਵੀ ਵਿਧੀਦਾਰ ਕਲਾ ਸੀ। ਕਈ ਔਰਤਾਂ ਹਾਰਿਆਂ ਉੱਤੇ

ਪਹਾੜੀ ਤਿਕੋਨੀ ਅਤੇ ਢਲਾਨ ਵਾਲੀ ਛੱਤ ਪਾਉਣ ਵਿੱਚ ਵੀ ਮਾਹਰ ਸਨ। ਤਾਂ ਜੋ ਦੁੱਧ ਅਤੇ ਦਾਲ ਵਿੱਚ ਬਾਰਸ਼ ਵੇਲੇ ਪਾਣੀ ਨਾ ਪੈ ਜਾਵੇ।

ਇਸ ਤੋਂ ਇਲਾਵਾ ਦਲ੍ਹਾਨ ਵਿੱਚ ਚੀਜ਼ਾਂ ਰੱਖਣ ਲਈ ਟਾਂਡਾਂ, ਦੀਵੇ ਰੱਖਣ ਲਈ ਆਲੇ ਆਲੀਆਂ ਅਤੇ ਡਿਊਟ ਬਣਾ ਲੈਂਦੀਆਂ ਸਨ। ਸਰਦੀਆਂ ਵਿੱਚ ਸੇਕਣ ਲਈ ਛੋਟੀਆਂ ਛੋਟੀਆਂ ਕੰਡੀਰੀਆਂ ਬਣਾ ਕੇ ਉਨ੍ਹਾਂ ਵਿੱਚ ਅੱਗ ਪਾ ਲੈਂਦੀਆਂ ਸਨ। ਇਹ ਕੰਡੀਰੀਆਂ ਘੜੇ ਜਾਂ ਚਾਟੀ ਦੇ ਮੂੰਹਾਂ ਉੱਤੇ ਵੀ ਪੱਥ ਲੈਂਦੀਆਂ ਸਨ। ਆਲੇ ਦੁਆਲੇ ਗੋਹਾ ਮਿੱਟੀ ਫੇਰ ਕੇ ਲਾਲ ਮਿੱਟੀ ਅਤੇ ਪਾਂਡੂ ਨਾਲ ਚਿੱਤ ਦੇਂਦੀਆਂ ਸਨ ਜਾਂ ਕੋਈ ਹੋਰ ਫੁੱਲ ਬੂਟਾ ਬਣਾ ਕੇ ਸਜਾ ਦੇਂਦੀਆਂ ਸਨ।

ਬਰਤਨ ਰੱਖਣ ਲਈ ਪੀਹੜੇ ਬਣਾ ਲੈਂਦੀਆਂ ਸਨ। ਕਈ ਔਰਤਾਂ ਤਾਂ ਏਨੀਆਂ ਮਾਹਰ ਹੁੰਦੀਆਂ ਸਨ ਕਿ ਦੋ-ਦੋ ਮੰਜਲੇ, ਤਿੰਨ-ਤਿੰਨ ਮੰਜਲੇ ਪੀਹੜੇ ਬਣਾ ਕੇ ਉਨ੍ਹਾਂ ਉਤੇ ਕਿੰਗਰੇ ਅਤੇ ਮਹਿਲ ਮੋਰੀਆਂ ਵੀ ਬਣਾ ਦਿੰਦੀਆਂ ਸਨ। ਫਿਰ ਇਨ੍ਹਾਂ ਦੇ ਚਾਰੋਂ ਪਾਸੇ ਰੰਗਦਾਰ ਬਾਡਰ ਉਲੀਕ ਕੇ ਕਈ ਤਰ੍ਹਾਂ ਦੀ ਚਿੱਤਰਕਾਰੀ ਕਰਕੇ ਮੋਰੀਆਂ ਵਿੱਚ ਕਿਤੇ ਕਿਤੇ ਸ਼ੀਸ਼ੇ ਵੀ ਜੜ੍ਹ ਦਿੰਦੀਆਂ ਸਨ। ਕੰਧਾਂ ਉਤੇ ਵੀ ਕਈ ਰੰਗਾਂ ਦੇ ਫੁੱਲ, ਗਮਲੇ, ਚਿੜੀਆਂ, ਮੋਰ, ਦੁੱਧ ਦਾ ਡੋਹਨਾਂ ਸਿਰ 'ਤੇ ਚੁੱਕੀ ਜਾਂਦੀ ਗੁਜਰੀ ਅਤੇ ਉੱਠ ਉੱਤੇ ਬੈਠੇ ਆਦਮੀ ਅਤੇ ਔਰਤ, ਘੋੜੇ ਉੱਤੇ ਬੈਠਾ ਫੌਜੀ ਆਦਿ ਬਣਾ ਕੇ ਆਪਣੀ ਵੇਦਨਾਂ ਪ੍ਰਗਟਾਉਂਦੀਆਂ ਸਨ। ਕਈ ਬਹੁਤ ਮਾਹਰ ਔਰਤਾਂ ਨੂੰ ਆਪਣੀ ਇਸ ਕਲਾ ਦਾ ਮਾਣ ਵੀ ਹੁੰਦਾ ਸੀ। ਪਰ ਜੇਕਰ ਕੋਈ ਦੂਜੀ ਔਰਤ ਉਸ ਤੋਂ ਇਹ ਕਲਾ ਸਿਖਣਾ ਚਾਹੇ ਤਾਂ ਬਿਨ੍ਹਾਂ ਕੋਈ ਇਵਜਾਨਾਂ ਲਿਆਂ ਖੁਸ਼ੀ ਖੁਸ਼ੀ ਸਿਖਾ ਦਿੰਦੀ ਸੀ। ਕਹਿੰਦੇ ਹਨ ਔਰਤ ਦੀ ਸਿਆਣਪ ਦਾ ਅੰਦਾਜ਼ਾ ਤਾਂ ਉਸ ਦੇ ਚੁਲ੍ਹੇ ਚੌਂਕੇ, ਘਰ ਦੇ ਦਰਵਾਜ਼ੇ ਅਤੇ ਪਥਵਾੜੇ ਤੋਂ ਹੀ ਲਗ ਜਾਂਦਾ ਹੈ।

**ਸਾਂਝੀ ਲਾਉਣਾ** :- ਦੁਸਹਿਰੇ ਤੋਂ ਕਈ ਦਿਨ ਪਹਿਲਾਂ, ਕੁੜੀਆਂ ਘਰਾਂ ਵਿੱਚ ਸਾਂਝੀ ਅਤੇ ਬਰੋਟਾ ਲਾਉਣ ਲਈ ਮਿੱਟੀ ਦੀਆਂ ਟਿੱਕੀਆਂ, ਚਿੜੀਆਂ, ਗੋਲਾਂ, ਬਰੋਟੇ ਦੇ ਪੱਤੇ, ਸਾਂਝੀ ਦੇ ਮੂੰਹ, ਸੂਰਜ, ਚੰਦ ਅਤੇ ਤਾਰੇ ਬਨਾਉਣ ਲਗ ਜਾਂਦੀਆਂ। ਦੇਵੀ ਨੁਮਾ ਸਾਂਝੀ ਦਾ ਮੂੰਹ ਗੜਵੇ 'ਤੇ ਪੱਥ ਕੇ ਅੱਖਾਂ ਤੇ ਮੂੰਹ ਬਨਾਉਣ ਲਈ ਕੋਡੀਆਂ ਜੜ ਦਿੰਦੀਆਂ। ਸਾਂਝੀ ਦੇ ਗਹਿਣਿਆਂ ਦੇ ਬੋਰ ਅਤੇ ਸੂਰਜ ਦੀਆਂ ਕਿਰਨਾਂ, ਸੂਹਣ ਦੇ ਡਕਿਆਂ ਉੱਤੇ ਮਿੱਟੀ ਦੇ ਬੋਰ ਬਣਾ ਕੇ ਚਪਕਾ ਦੇਂਦੀਆਂ। ਫਿਰ ਪੀਲੇ ਰੰਗ ਨਾਲ ਗਹਿਣੇ ਅਤੇ ਬੋਰ ਰੰਗ ਦਿੰਦੀਆਂ। ਕਲੀ ਨਾਲ ਟਿੱਕੀਆਂ ਤੇ ਲਾਲ ਰੰਗ ਨਾਲ ਗੋਲਾਂ, ਹਰੇ ਰੰਗ ਨਾਲ ਪੱਤੇ ਰੰਗ ਦਿੰਦੀਆਂ। ਇਸ ਕਲਾ ਨੂੰ ਸਾਂਝੀ ਚਿਤਣਾਂ ਆਖਿਆ ਜਾਂਦਾ ਸੀ। ਫਿਰ ਕੋਈ ਕਲਾਕਾਰ ਔਰਤ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਦੀਵਾਰ ਉੱਤੇ ਗੋਹੇ ਵਿੱਚ ਇਸ ਤਰਤੀਬ ਨਾਲ ਜੜ੍ਹ ਦਿੰਦੀ ਕਿ ਦੇਖਣ ਨੂੰ ਇਕ ਬਰੋਟਾ ਨਜ਼ਰ ਆਉਂਦਾ ਅਤੇ ਦੂਜੀ ਸਾਂਝੀ ਕੋਈ ਦੇਵੀ ਜਾਂ ਸੱਜ ਵਿਆਹੀ ਵਹੁਟੀ ਨਜ਼ਰ ਆਉਂਦੀ। ਨਰਾਤਿਆਂ ਵਿੱਚ ਇਸ ਦੀ ਪੂਜਾ ਕੀਤੀ ਜਾਂਦੀ ਸੀ। ਕੁੜੀਆਂ ਸਾਂਝੀ ਤੋਂ ਆਰਤੀ

ਸਮੇਂ ਕਈ ਮੰਨਤਾਂ ਮੰਗਦੀਆਂ ਸਨ। ਦੁਸਹਿਰੇ ਤੋਂ ਇਕ ਦਿਨ ਪਹਿਲਾਂ ਸਾਂਝੀ ਲਾਹ ਕੇ ਪਾਣੀ ਵਿੱਚ ਉਤਾਰੀ ਜਾਂਦੀ। ਭਾਵ ਵਧਾਈ ਜਾਂਦੀ।

ਦੁਸਹਿਰੇ ਤੋਂ ਬਾਅਦ ਦਿਵਾਲੀ ਤੋਂ ਪਹਿਲਾਂ ਘਰਾਂ ਦੀ ਸਫ਼ਾਈ ਕੀਤੀ ਜਾਂਦੀ। ਗਾਰਾ ਮਿੱਟੀ ਰਲਾ ਕੇ ਕੱਚੇ ਕੋਠੇ ਤੇ ਬਨੇਰੇ ਲਿੱਪੇ ਜਾਂਦੇ ਤੇ ਜੁਆਨ ਮੁਟਿਆਰ ਦੇ ਮਨੋਂ ਆਪ ਮੁਹਾਰੇ ਲੋਕ ਗੀਤ ਫੁੱਟ ਪੈਂਦਾ :

ਉਸ ਘਰ ਦੇਈਂ ਬਾਬਲਾ,
ਜਿੱਥੇ ਲਿਪਣੇ ਨਾ ਪੈਣ ਬਨੇਰੇ।

ਗਧਿਆਂ 'ਤੇ ਘੁਮਾਰ ਪਾਂਡੂ ਅਤੇ ਲਾਲ, ਫਿਰੋਜ਼ੀ ਮਿੱਟੀ ਲੈ ਕੇ ਆਉਂਦੇ। ਸੁਆਣੀਆਂ ਦਾਣੇ ਦੇ ਕੇ ਰੰਗਦਾਰ ਮਿੱਟੀ ਤੇ ਪਾਂਡੂ ਦੇ ਪੱਥਨੇ ਡਲੇ ਲੈ ਲੈਂਦੀਆਂ। ਪਾਂਡੂ ਨੂੰ ਪਾਣੀ ਵਿਚ ਭਿਉਂ ਕੇ ਲੀਰ ਦੇ ਪਰੋਲੇ ਨਾਲ ਕੰਧਾਂ ਤੇ ਫੇਰਦੀਆਂ। ਉੱਚੀ ਦੀਵਾਰ ਤੇ ਇਕ ਜਣੀ ਸੀੜ੍ਹੀ (ਡੰਡਿਆਂ ਵਾਲੀ ਪੌੜੀ) ਤੇ ਚੜ੍ਹ ਜਾਂਦੀ ਤੇ ਦੂਜੀ ਹੇਠੋਂ ਪਰੋਲੇ ਭਿਉਂ ਭਿਉਂ ਦਿੰਦੀ ਤੇ ਪਾਂਡੂ ਸੁਹਣੇ ਸਰੀਰ ਤੋਂ ਧਰਾਲਾਂ ਬਣ ਵਹਿ ਜਾਂਦਾ। ਪਾਂਡੂ ਸੁਕਣ ਤੋਂ ਬਾਅਦ ਦੂਸਰੇ ਰੰਗ ਦੇ ਚਿਟਕਣੇ ਲਾ ਕੇ ਕੰਧ ਚਿੱਤ ਦਿੱਤੀ ਜਾਂਦੀ ਤੇ ਲੋਕ ਗੀਤ ਗਾਇਆ ਜਾਂਦਾ :-

ਕੰਧਾਂ ਚਿੱਤਮਚਿਤੀਆਂ
ਕੋਈ ਉਪਰ ਬੈਠਾ ਸੀ ਮੋਰ

ਇਸ ਤੋਂ ਇਲਾਵਾ ਘੁੱਗੀਆਂ, ਮੋਰ, ਤੋਤੇ, ਚਿੜੀਆਂ ਉਲੀਕੀਆਂ ਜਾਂਦੀਆਂ। ਡੱਕੇ 'ਤੇ ਰੂੰ ਲਪੇਟ ਕੇ ਹੀ ਬੁਰਸ਼ ਦਾ ਕੰਮ ਲੈ ਲੈਂਦੀਆਂ ਉਦੋਂ ਬੁਰਸ਼ ਅਜੇ ਚਲੇ ਵੀ ਨਹੀਂ ਸਨ। ਇਸ ਤੋਂ ਬਾਅਦ ਗੋਹੇ ਮਿੱਟੀ ਦੀ ਤਲੀ ਦੇ ਕੇ ਫਰਸ਼ ਉੱਤੇ ਦੀਵਾਰ ਦੇ ਨਾਲ ਨਾਲ ਤੋਈ ਕੱਢੀ ਜਾਂਦੀ। ਇਹ ਬਾਡਰ ਨੁਮਾਂ ਸਿੱਧੀ ਜਾਂ ਕੀਂਗਰਿਆਂ ਵਾਲੀ ਵੀ ਹੁੰਦੀ ਸੀ। ਆਪਣੀ ਸੂਝ ਬੂਝ ਮੁਤਾਬਕ ਕਈ ਕੁੜੀਆਂ ਕੋਨਿਆਂ ਤੇ ਫੁੱਲ ਤੇ ਵਿਚਕਾਰ ਗੋਲ ਜਾਂ ਚੌਰਸ ਚੌਂਕ ਵੀ ਪੂਰ ਦਿੰਦੀਆਂ (ਬਣਾ ਦਿੰਦੀਆਂ)। ਬਾਹਰੋਂ ਕੋਈ ਪ੍ਰਾਹੁਣਾ, ਮਹਿਮਾਨ ਜਾਂ ਗੁਆਂਢੀ ਆ ਕੇ ਦੇਖਦਾ ਤਾਂ ਵਾਹ !ਵਾਹ ! ਕਹੇ ਬਿਨ੍ਹਾਂ ਨਾ ਰਹਿੰਦਾ। ਇਕ ਕਹਾਵਤ ਮੁਤਾਬਕ ਕਈ ਸੁਆਣੀਆਂ ਦੇ ਘਰ ਤਾਂ ਇੰਨੇ ਸਾਫ਼ ਸੁੱਥਰੇ ਲਿਪੇ ਪੋਚੇ ਤੇ ਸਜਾਏ ਹੁੰਦੇ ਭਾਵੇਂ ਫਰਸ਼ ਤੋਂ ਭੱਤ ਚੁੱਗ ਚੁੱਗ ਖਾ ਲਓ।

ਅੱਧੀ ਕੁ ਸਦੀ ਪਹਿਲਾਂ ਇਸ ਪੁਆਧ ਦੇ ਇਲਾਕੇ ਵਿੱਚ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਬਨਾਉਣ ਲਈ ਬਹੁਤ ਸਾਰੇ ਪਿੰਡ ਸਰਕਾਰ ਰਾਹੀਂ ਉਜਾੜ ਦਿੱਤੇ ਗਏ। ਕੁਝ ਪਿੰਡ ਚੰਡੀਗੜ੍ਹ ਦੇ ਨਾਲ ਹੀ ਮੁਹਾਲੀ (ਸਾਹਿਬਜ਼ਾਦਾ ਅਜੀਤ ਸਿੰਘ ਨਗਰ) ਅਤੇ ਹਰਿਆਣੇ ਵਿੱਚ ਪੰਚਕੂਲਾ ਵਸਾਉਣ ਲਈ ਉਠਾਲ ਦਿੱਤੇ ਗਏ। ਜਿਸ ਕਾਰਨ ਇਹ ਵਸਦੀ ਰਸਦੀ ਕਿਰਤੀ ਮਿਹਨਤ ਅਤੇ ਕਲਾ ਨਾਲ ਭਰਪੂਰ ਸਭਿਅਤਾ ਤਹਿਸ ਨਹਿਸ਼ ਹੋ ਗਈ। ਕਲਾਮਈ ਹੱਥ ਵੀ ਖਿੰਡ ਪੁੰਡ ਗਏ ਅਤੇ ਖੇਰੂੰ ਖੇਰੂੰ ਹੋ ਗਏ। ਨਾਲ ਹੀ ਉਨ੍ਹਾਂ ਹੱਥਾਂ ਦੀ ਕਲਾ ਵੀ ਗੁੰਮ ਗੁਆਚ ਤੇ ਅਲੋਪ ਹੋ ਗਈ।

# ਪੁਆਧ ਦੀ ਅਖਾੜਾ ਗਾਇਨ ਪਰੰਪਰਾ

*ਮਨਮੋਹਨ ਕੌਰ*

ਅਖਾੜਾ ਪੰਜਾਬ ਦੇ ਪੁਆਧੀ ਖਿੱਤੇ ਦੀ ਇਕ ਅਹਿਮ ਮਨੋਰੰਜਨੀ ਪ੍ਰੰਪਰਾ ਰਹੀ ਹੈ । ਇਹ ਲੋਕ-ਨਾਟ, ਲੋਕ-ਗਾਇਕੀ ਅਤੇ ਲੋਕ-ਗਾਥਾਵਾਂ ਦਾ ਸੁਮੇਲ ਹੈ । ਇਸ ਗਾਇਨ-ਪ੍ਰੰਪਰਾ ਦੀਆਂ ਜੜ੍ਹਾਂ ਪੁਆਧ ਦੇ ਅਤੀਤ ਵਿੱਚ ਡੂੰਘੀਆਂ ਧਸੀਆਂ ਹੋਈਆਂ ਹਨ । ਅਖਾੜਾ ਗਾਇਨ ਪ੍ਰੰਪਰਾ ਮੂਲ ਰੂਪ ਵਿੱਚ ਪੁਆਧੀ ਖਿੱਤੇ ਦੀ ਹੀ ਉਪਜ ਹੈ । ਇਸ ਨੂੰ ਮਾਲਵੇ ਵਿੱਚ ਪ੍ਰਚੱਲਤ ਕਵੀਸ਼ਰੀ ਗਾਇਨ ਪ੍ਰੰਪਰਾ ਦੇ ਸਮਾਨਾਂਤਰ ਹੀ ਰੱਖ ਕੇ ਦੇਖਿਆ ਜਾਂਦਾ ਹੈ ।

ਪੁਆਧ ਵਿੱਚ ਪ੍ਰਚੱਲਤ ਮਨੋਰੰਜਨੀ ਪ੍ਰੰਪਰਾਵਾਂ ਦੇ ਪ੍ਰਸੰਗ ਵਿੱਚ ਅਖਾੜਾ ਗਾਇਨ ਦੀਆਂ ਕਈ ਪ੍ਰੰਪਰਾਵਾਂ ਪ੍ਰਚੱਲਤ ਰਹੀਆਂ ਹਨ, ਜਿਵੇਂ ਢੱਡ ਸਾਰੰਗੀ ਵਾਲੀ, ਭੱਟਾਂ ਦੀ ਗਾਇਨ ਸ਼ੈਲੀ, ਤੂੰਬੇ ਇਕਤਾਰੇ ਵਾਲੀ, ਮਾੜੀਆਂ ਤੇ ਗਾਉਣ ਵਾਲਿਆਂ ਅਤੇ ਮੰਗਤਿਆਂ ਆਦਿ ਦੀਆਂ ਪ੍ਰੰਪਰਾਵਾਂ । ਇਹ ਸਭ ਪ੍ਰੰਪਰਾਵਾਂ ਪੁਆਧ ਖਿੱਤੇ ਵਿਚਲੀ ਪ੍ਰੱਚਲਤ ਅਖਾੜਾ ਪ੍ਰੰਪਰਾ ਦੀ ਹੀ ਦੇਣ ਹਨ।

ਅਖਾੜੇ ਆਮ ਤੌਰ ਤੇ ਰਾਤ ਨੂੰ ਅੱਠ ਤੋਂ ਨੌਂ ਵਜੇ ਦੇ ਵਿਚਕਾਰ ਪਿੰਡ ਦੀ ਕਿਸੇ ਸਾਂਝੀ ਥਾਂ, ਸੱਥ ਜਾਂ ਕਿਸੇ ਵੱਡੇ ਚੁਰਾਹੇ ਵਿੱਚ ਲਗਦੇ ਸਨ । ਇਨ੍ਹਾਂ ਅਖਾੜਿਆਂ ਦੀ ਇਕ ਪ੍ਰੰਪਰਾ ਰਹੀ ਹੈ ਕਿ ਅਖਾੜੇ ਦੇ ਕਲਾਕਾਰ ਸਭ ਤੋਂ ਪਹਿਲਾਂ ਮੰਗਲਾਚਰਨ ਵਾਂਗ ਕਿਸੇ ਭਗਤ ਦੀ ਕਥਾ ਜਾਂ ਭਗਵਾਨ ਦੀ ਬੰਦਨਾਂ ਨਾਲ ਅਖਾੜੇ ਦੀ ਸ਼ੁਰੂਆਤ ਕਰਦੇ ਸਨ । ਇਸ ਉਪਰੰਤ ਇਕ ਲੰਬੀ ਕਥਾ ਛੇੜ ਦਿੱਤੀ ਜਾਂਦੀ ਸੀ ਜਿਸ ਨੂੰ ਲੜੀ ਕਿਹਾ ਜਾਂਦਾ ਸੀ । ਲੜੀ ਵਿਚ ਵਾਰਤਕ ਅਤੇ ਗਾਇਨ ਦਾ ਸੁਮੇਲ ਹੁੰਦਾ ਸੀ । ਇਸ ਤਰ੍ਹਾਂ ਅਖਾੜੇ ਵਿੱਚ ਵਾਰਤਕ, ਨਾਚ ਅਤੇ ਗਾਇਕੀ ਦੇ ਤੱਤ ਸੰਯੁਕਤ ਰੂਪ ਵਿੱਚ ਸੰਮਿਲਤ ਹੋਣ ਲੱਗੇ ।

ਪਹਿਲੇ ਸਮਿਆਂ ਵਿੱਚ ਬਿਜਲੀ ਆਦਿ ਦਾ ਪ੍ਰਬੰਧ ਨਾ ਹੋਣ ਕਰਕੇ ਮਸ਼ਾਲ ਬਾਲ ਕੇ ਚਾਨਣ ਦਾ ਪ੍ਰਬੰਧ ਕੀਤਾ ਜਾਂਦਾ ਸੀ । ਮਸ਼ਾਲ ਬਣਾਉਣ ਲਈ ਇਕ ਕੱਚ ਦੀ ਬੋਤਲ ਵਿੱਚ ਮਿੱਟੀ ਦਾ ਤੇਲ ਪਾ ਕੇ ਉਸ ਵਿੱਚ ਕੋਈ ਕਪੜਾ ਰੱਸੀ ਵਾਂਗ ਮੋਟਾਈ ਵਿੱਚ ਵੱਟ ਕੇ ਪਾ ਦੇਣ ਤੋਂ ਬਾਅਦ ਬੋਤਲ ਦੇ ਮੂੰਹ ਨੂੰ ਗੁੰਨ੍ਹੇ ਹੋਏ ਆਟੇ ਜਾਂ ਗਾਰੇ (ਚਿਕਨੀ ਮਿੱਟੀ) ਨਾਲ ਚੰਗੀ ਤਰ੍ਹਾਂ ਲਿੱਪ ਦਿੱਤਾ ਜਾਂਦਾ ਸੀ । ਤਾਂ ਕਿ ਕੱਪੜਾ ਬੋਤਲ 'ਚੋਂ ਬਾਹਰ ਨਾ ਡਿੱਗੇ । ਅਖਾੜਾ ਪੇਸ਼ ਕਰਨ ਵਾਲੇ ਕਲਾਕਾਰ ਜਿਨ੍ਹਾਂ ਵਿੱਚ ਗਵੱਈਆ,

ਸਾਜ਼ੀ, ਨਚਾਰ, ਮਸ਼ਾਲਚੀ ਤੇ ਗੜਵਈ ਧਰਤੀ ਉੱਤੇ ਗੋਲ-ਦਾਇਰੇ ਵਿੱਚ ਖੜ੍ਹੇ ਹੋ ਜਾਂਦੇ ਸਨ ਅਤੇ ਉਹਨਾਂ ਦੇ ਆਲੇ-ਦੁਆਲੇ ਦਰਸ਼ਕ ਘੇਰਾ ਘੱਤ ਕੇ ਬੈਠੇ ਹੁੰਦੇ ਸਨ ਜਾਂ ਫਿਰ ਕੁਝ ਗੱਡਿਆਂ, ਕੰਧਾਂ ਅਤੇ ਛੱਤਾਂ ਉੱਤੇ ਬੈਠਦੇ ਤੇ ਦਰਸ਼ਕ (ਬੱਚੇ, ਗੱਭਰੂ, ਬਜ਼ੁਰਗ ਤੇ ਔਰਤਾਂ) ਲੜੀ ਰੂਪੀ ਲੰਮੀ ਕਥਾ ਦਾ ਖੁੱਲ੍ਹੇ ਅਸਮਾਨ ਹੇਠ ਬੈਠੇ ਸਾਰੀ ਸਾਰੀ ਰਾਤ ਆਨੰਦ ਮਾਣਦੇ ।

ਅਖਾੜਾ-ਪ੍ਰੰਪਰਾ ਨਾਲ ਸਬੰਧਿਤ ਟੋਲੀਆਂ ਵਿੱਚ 10 ਤੋਂ ਲੈ ਕੇ 13 ਤੱਕ ਤੇ ਕਈ ਵਾਰ ਇਸ ਤੋਂ ਵੀ ਜ਼ਿਆਦਾ ਕਲਾਕਾਰ ਹੁੰਦੇ । ਇਨ੍ਹਾਂ ਕਲਾਕਾਰਾਂ ਵਿੱਚ ਕੋਈ ਗਵੱਈਆ ਹੁੰਦਾ, ਕੋਈ ਸਾਜ਼ੀ ਤੇ ਕੋਈ ਨਚਾਰ ਤੇ ਕੋਈ ਮਸ਼ਾਲਚੀ । ਇਹਨਾਂ ਟੋਲੀਆਂ ਦੁਆਰਾ ਵਰਤੇ ਜਾਂਦੇ ਸਾਜ਼ ਸਾਰੰਗਾ, ਢੋਲਕ, ਖੜਤਾਲਾਂ ਤੇ ਗੜਵਾ ਆਦਿ ਹੁੰਦੇ ਸਨ । ਇਸਦੀ ਪੇਸ਼ਕਾਰੀ ਸਮੇਂ ਜਦੋਂ ਨਚਾਰ ਗੋਲ ਦਾਇਰੇ ਵਿੱਚ ਤੇਜ਼ ਤੇਜ਼ ਨੱਚਦਾ, ਮਸ਼ਾਲਚੀ ਨੂੰ ਵੀ ਉਨੀ ਹੀ ਤੇਜ਼ ਮਸ਼ਾਲ ਉਸਦੇ ਨਾਲ ਨਾਲ ਰੱਖਣੀ ਪੈਂਦੀ ਤਾਂ ਜੋ ਦਰਸ਼ਕ ਨਚਾਰ ਦੀਆਂ ਮੁਦਰਾਵਾਂ ਦਾ ਪੂਰਨ ਰੂਪ ਵਿੱਚ ਆਨੰਦ ਮਾਣ ਸਕਣ । ਅਖਾੜੇ ਦੌਰਾਨ ਗੜਵਾ ਵਜਾਉਣ ਵਾਲੇ ਗੜਵਈ ਦੀ ਭੂਮਿਕਾ ਅਹਿਮ ਮੰਨੀ ਜਾਂਦੀ ਸੀ ਕਿਉਂਕਿ ਗੜਵਾ ਵਜਾਉਣਾ ਕੋਈ ਸੌਖਾ ਕੰਮ ਨਹੀਂ ਸੀ । ਇਸ ਨੂੰ ਬਹੁਤ ਹੀ ਪ੍ਰਤਿਭਾਸ਼ਾਲੀ ਕਲਾਕਾਰ ਦਾ ਕੰਮ ਮੰਨਿਆ ਜਾਂਦਾ ਸੀ । ਇਸਨੂੰ ਵਜਾਉਣ ਸਮੇਂ ਕਲਾਕਾਰ ਗੜਵੀ ਰੂਪੀ ਬਰਤਨ ਦੇ ਉੱਤੇ ਕੌਲੀ ਮਾਰ ਮਾਰ ਕੇ ਖੜਕਵੀਂ ਧੁਨ ਪੈਦਾ ਕਰਦਾ ਸੀ । ਇਹ ਸਾਰੀ ਕਿਰਿਆ ਉਹ ਧਰਤੀ ਤੇ ਪੱਬਾਂ ਭਾਰ ਹੋ ਕੇ ਨਚਾਰ ਦੇ ਨਾਲ ਨਾਲ ਛਾਲਾਂ ਮਾਰ ਮਾਰ ਕੇ ਕਰਦਾ । ਇਸ ਨਾਲ ਉਹ ਨਚਾਰ ਦੇ ਨੱਚਣ ਲਈ ਇੱਕ ਵਖਰੀ ਕਿਸਮ ਦਾ ਜੋਸ਼ ਵਾਲਾ ਮਾਹੌਲ ਪੈਦਾ ਕਰ ਦਿੰਦਾ ਸੀ ।

ਕਲਾਕਾਰਾਂ ਦੇ ਘੇਰੇ ਵਿੱਚ ਸਭ ਤੋਂ ਅੱਗੇ ਮਸ਼ਾਲਚੀ ਹੁੰਦਾ ਜੋ ਕਲਾਕਾਰਾਂ ਨੂੰ ਚਾਨਣ ਪ੍ਰਦਾਨ ਕਰਦਾ । ਉਸ ਤੋਂ ਥੋੜ੍ਹਾ ਪਿੱਛੇ ਜ਼ਨਾਨਾ ਕੱਪੜਿਆਂ ਵਿੱਚ 'ਪੱਗ' ਬੰਨ੍ਹਾ ਕੇ ਨੱਚਣ ਲਈ ਨਚਾਰ ਤਿਆਰ ਖੜ੍ਹਾ ਹੁੰਦਾ । ਉਸਦੇ ਬਿਲਕੁਲ ਸਾਹਮਣੇ ਗੜਵੇ ਵਾਲਾ ਕਲਾਕਾਰ ਹੁੰਦਾ । ਇਹਨਾਂ ਦੋਵਾਂ ਤੋਂ ਪਿਛਲੀ ਕਤਾਰ ਵਿੱਚ ਚਾਰ ਕਲਾਕਾਰ ਵੱਡੀਆਂ ਗੋਲ ਖੜਤਾਲਾਂ ਵਾਲੇ, ਉਸਤੋਂ ਮਗਰੋਂ ਢੋਲ ਵਾਲਾ ਤੇ ਸਾਰੰਗੀ ਵਾਲਾ ਅਤੇ ਸਭ ਤੋਂ ਪਿੱਛੇ ਗਵੱਈਆ ਖ਼ੁਦ ਖੜ੍ਹਾ ਹੁੰਦਾ । ਅਖਾੜਾ ਸ਼ੁਰੂ ਹੋਣ ਤੇ ਗਵੱਈਆ ਖ਼ੁਦ ਖੜ੍ਹਾ ਹੁੰਦਾ । ਅਖਾੜਾ ਸ਼ੁਰੂ ਹੋਣ ਤੇ ਗਵੱਈਆ ਗਾਉਣਾ ਸ਼ੁਰੂ ਕਰਦਾ, ਸਾਜ਼ੀ ਸਾਜ਼ ਛੇੜਦੇ ! ਨਚਾਰ, ਮਸ਼ਾਲਚੀ ਤੇ ਗੜਵਈ ਕ੍ਰਮਵਾਰ ਇਕ ਦੂਜੇ ਨਾਲ ਤਾਲ 'ਚ ਨੱਚਦੇ, ਸਾਜ਼ ਵਜਾਉਂਦੇ ਅਤੇ ਚਾਨਣ ਕਰਨ ਦਾ ਕੰਮ ਕਰਦੇ ਸਨ । ਸਾਰੀ ਟੀਮ ਗੋਲ ਦਾਇਰੇ ਦੇ ਰੂਪ ਵਿੱਚ ਆਪੋ ਆਪਣਾ ਕਾਰਜ ਕਰਦੀ ਸੀ ।

ਪੁਆਧ ਵਿਚਲੇ ਇਹ ਅਖਾੜੇ ਪਹਿਲਾਂ ਸਿਰਫ਼ ਧਾਰਮਿਕ ਅਤੇ ਨੈਤਿਕ ਉਦੇਸ਼ਾਂ ਹਿੱਤ ਹੀ ਸ਼ੁਰੂ ਹੋਏ ਹੋਣ ਕਾਰਨ ਬਿਨਾਂ ਕਿਸੇ ਕੀਮਤ ਤੋਂ ਆਪ ਲੋਕਾਂ ਲਈ ਲਗਾਏ ਜਾਂਦੇ ਸਨ ਪਰ ਹੌਲੀ ਹੌਲੀ ਇਹ ਪ੍ਰੰਪਰਾ ਇਕ ਕਸਬ ਦਾ ਰੂਪ ਧਾਰਨ ਕਰ

ਗਈ । ਇਸ ਵਿੱਚ ਆਏ ਬਦਲਾਅ ਕਾਰਨ ਇਨ੍ਹਾਂ ਅਖਾੜਿਆਂ ਦਾ ਮੂਲ ਉਦੇਸ਼ ਸਿਰਫ਼ ਧਾਰਮਿਕ ਜਾਂ ਨੈਤਿਕ ਸਿੱਖਿਆਵਾਂ ਨਾ ਰਹਿ ਕੇ ਮਨੋਰੰਜਨ ਨਾਲ ਜਾ ਜੁੜਦਾ ਹੈ । ਇਨ੍ਹਾਂ ਵਿਚਲੀਆਂ ਕਥਾਵਾਂ ਅਧਿਆਤਮਕਤਾ ਤੋਂ ਲੋਕਾਈ ਵੱਲ ਨੂੰ ਭਾਵ ਆਮ ਲੋਕਾਂ ਦੀਆਂ ਕਹਾਣੀਆਂ ਵੱਲ ਪਰਤੀਆਂ । ਜਿਹੜੇ ਕਲਾਕਾਰ ਖਾਸ ਕਰ ਨਚਾਰ ਜੋ ਜ਼ਨਾਨੇ ਕੱਪੜੇ ਪਾ ਕੇ ਪ੍ਰੋਗਰਾਮ ਪੇਸ਼ ਕਰਦੇ ਸਨ, ਉਹ ਧਰਤੀ ਦੀ ਬਜਾਏ ਸਟੇਜ ਉਪਰ ਆਪਣੇ ਪ੍ਰੋਗਰਾਮ ਦੀ ਪੇਸ਼ਕਾਰੀ ਕਰਨ ਲੱਗੇ । ਮਸ਼ਾਲਾਂ ਨੇ ਗੈਸ ਲੈਂਪਾਂ ਰਾਹੀਂ ਬੱਲਬਾਂ ਤੱਕ ਦਾ ਸਫ਼ਰ ਤੈਅ ਕੀਤਾ । ਦਰਸ਼ਕਾਂ ਦੀਆਂ ਰੁਚੀਆਂ ਵਿੱਚ ਮੂਲਭੂਤ ਪ੍ਰੀਵਰਤਨ ਆਏ ਅਤੇ ਪੁਆਧ ਦੇ ਇਹਨਾਂ ਕਲਾਕਾਰਾਂ ਦੀ ਮਹਿਮਾ ਪੰਜਾਬ ਦੇ ਦੂਜੇ ਖਿੱਤਿਆਂ ਵਿੱਚ ਵੀ ਫੈਲੀ ।

ਪੁਆਧ ਵਿੱਚ ਲੱਗਣ ਵਾਲੇ ਅਖਾੜੇ ਇੱਥੋਂ ਦੇ ਮੇਲਿਆਂ ਖਾਸ ਕਰ ਭੇਵੇ ਦਾ ਮੇਲਾ, ਨੰਦਪੁਰ ਕਲੌੜ, ਹਰੀਪੁਰ ਦਾ ਮੇਲਾ, ਕੁਰਾਲੀ ਵਿਖੇ ਸ਼ੀਤਲਾ ਮਾਤਾ ਦਾ ਮੇਲਾ, ਮਨਸਾ ਦੇਵੀ ਦਾ ਮੇਲਾ, ਨੈਣਾ ਦੇਵੀ ਦਾ ਮੇਲਾ, ਦੁਸਹਿਰੇ ਦਾ ਮੇਲਾ ਆਦਿ ਤੋਂ ਬਿਨਾਂ ਇਹ ਅਖਾੜੇ ਆਪਣੇ ਪ੍ਰਭਾਵ ਸਦਕਾ ਲੋਕਾਂ ਦੇ ਵਿਆਹ ਸ਼ਾਦੀਆਂ, ਤਿਉਹਾਰਾਂ ਅਤੇ ਹੋਰ ਖ਼ੁਸ਼ੀ ਦੇ ਮੌਕਿਆਂ ਉਪਰ ਵੀ ਲਗਵਾਏ ਜਾਂਦੇ ਸਨ, ਬਾਅਦ ਵਿੱਚ ਇਹਨਾਂ ਅਖਾੜਿਆਂ ਦਾ ਏਨਾ ਪ੍ਰਭਾਵ ਹੋ ਗਿਆ ਸੀ ਕਿ ਦੂਰ ਦੂਰ ਦੇ ਪਿੰਡਾ ਦੀਆਂ ਪੰਚਾਇਤਾਂ 'ਸਾਈ' ਦੇ ਕੇ ਆਪਣੇ ਪਿੰਡ ਵਿੱਚ ਅਖਾੜੇ ਲਗਵਾਉਣ ਲੱਗੀਆਂ ।

ਪੁਆਧੀ ਅਖਾੜਾ-ਪ੍ਰੰਪਰਾ ਦਾ ਮੋਢੀ ਭਗਤ ਆਸਾ ਰਾਮ ਬੈਦਵਾਣ ਨੂੰ ਮੰਨਿਆ ਜਾਂਦਾ ਹੈ । ਇਸ ਖੇਤਰ ਵਿੱਚ ਉਸਦਾ ਯੋਗਦਾਨ ਇਕ ਸੰਸਥਾ ਵਾਂਗ ਹੈ । ਇਸ ਇਲਾਕੇ ਵਿੱਚ ਭਗਤ ਆਸਾ ਰਾਮ ਬਹੁਤ ਹੀ ਹਰਮਨ ਪਿਆਰੀ, ਸਤਿਕਾਰਯੋਗ ਤੇ ਪ੍ਰਤਿਭਾਸ਼ੀਲ ਸਖ਼ਸ਼ੀਅਤ ਸਵੀਕਾਰ ਕੀਤੀ ਜਾਂਦੀ ਹੈ । ਪੁਆਧੀ ਲੋਕ ਉਸ ਨੂੰ ਰੱਬ ਦਾ ਅਵਤਾਰ ਹੀ ਮੰਨਦੇ ਹਨ । ਅੱਜ ਵੀ ਭਗਤ ਆਸਾ ਰਾਮ ਦੀਆਂ ਗੱਲਾਂ ਕਰਨੀਆਂ ਤੇ ਸੁਣਨੀਆਂ ਇਕ ਮਾਣ ਭਰਿਆ ਕਾਰਜ ਸਮਝਦੇ ਹਨ । ਭਗਤ ਆਸਾ ਰਾਮ ਪੁਰਾਣੇ ਪੁਆਧੀ ਬਜ਼ੁਰਗਾਂ ਦੇ ਚੇਤਿਆਂ ਵਿੱਚ ਹੁਣ ਤੱਕ ਅਮਰ ਹੈ ।

ਭਗਤ ਆਸਾ ਰਾਮ ਜੀ ਦਾ ਜਨਮ ਸੰਨ 1857 ਈ: ਵਿੱਚ ਪਿੰਡ ਸੁਹਾਣਾ (ਅੱਜਕੱਲ੍ਹ ਸੈਕਟਰ 70, ਮੁਹਾਲੀ) ਵਿਖੇ ਹੋਇਆ । ਘਰ ਵਿਚੋਂ ਮਿਲੇ ਖੇਤੀਬਾੜੀ ਨਾਲ ਸਬੰਧਿਤ ਮਾਹੌਲ ਕਾਰਨ, ਉਹਨਾਂ ਦੀਆਂ ਰੁਚੀਆਂ ਵੀ ਖੇਤੀ ਨਾਲ ਸਬੰਧਿਤ ਕੰਮਾਂ ਨਾਲ ਹੋ ਗਈਆਂ । ਉਹ ਬਹੁਤ ਹੀ ਤੀਖਣ ਸੂਝ ਦੇ ਮਾਲਕ ਸਨ । ਭਾਵੇਂ ਉਹਨਾਂ ਨੇ ਕੋਈ ਵੀ ਅੱਖਰੀ ਗਿਆਨ ਪ੍ਰਾਪਤ ਨਹੀਂ ਸੀ ਕੀਤਾ ਪਰ ਉਹਨਾਂ ਨੂੰ ਜ਼ਿੰਦਗੀ ਦੀ ਸਮਝ ਬ਼ਹੁਤ ਸੀ ।

ਭਗਤ ਆਸਾ ਰਾਮ ਸ਼ੁਰੂ ਤੋਂ ਹੀ ਧਾਰਮਿਕ ਬਿਰਤੀ ਦੇ ਧਾਰਨੀ ਰਹੇ । ਵੈਰਾਗੀ ਸੁਭਾਅ ਅਤੇ ਪ੍ਰਤਿਭਾਵਾਨ ਹੋਣ ਕਾਰਨ ਰਮਾਇਣ ਅਤੇ ਮਹਾਂਭਾਰਤ ਦੀ ਕਥਾ ਨੂੰ ਲੋਕੀਂ ਬੜੀ ਉਤਸੁਕਤਾ ਨਾਲ ਸੁਣਦੇ । ਧਾਰਮਿਕ ਕਥਾਵਾਂ ਸੁਣਨ ਦੀ

ਅਜਿਹੀ ਲਗਨ ਨੇ ਹੀ ਆਸਾ ਰਾਮ ਨੂੰ ਭਗਤ ਆਸਾ ਰਾਮ ਬਣਾਇਆ । ਪੁਆਧੀ ਬਜ਼ੁਰਗਾਂ ਵਿੱਚ ਇਹ ਗੱਲ ਪ੍ਰਸਿੱਧ ਹੈ ਕਿ ਭਗਤ ਆਸਾ ਰਾਮ ਨੂੰ ਹਿੰਦੂ-ਗ੍ਰੰਥਾਂ ਰਮਾਇਣ, ਗੀਤਾ, ਪੁਰਾਣ, ਨਾਰਦ, ਵਿਸ਼ਨੂੰ-ਪੁਰਾਣ, ਸਾਰਾ ਸਿੱਖ ਇਤਿਹਾਸ ਅਤੇ ਦੁੱਲਾ, ਮੌੜ, ਪੂਰਨ, ਕੌਲਾਂ, ਹੀਰ, ਮਿਰਜ਼ਾ, ਸੱਸੀ-ਪੁੰਨੂ ਆਦਿ ਦੀਆਂ ਕਹਾਣੀਆਂ ਮੂੰਹ ਜ਼ੁਬਾਨੀ ਕੰਠ ਕੀਤੀਆਂ ਅਤੇ ਉਹਨਾਂ ਨੂੰ ਪੁਆਧੀ ਰੰਗਤ ਦੇ ਕੇ ਹੋਰ ਵੀ ਰੌਚਕਤਾ ਭਰਪੂਰ ਬਣਾਇਆ । ਆਪਣੀ ਅਜਿਹੀ ਪ੍ਰਤਿਭਾ ਅਤੇ ਯਾਦ ਸ਼ਕਤੀ ਦੇ ਕਮਾਲ ਕਾਰਨ ਉਸਨੂੰ ਗੁਰੂਆਂ-ਪੀਰਾਂ ਵਾਲਾ ਸਥਾਨ ਪ੍ਰਾਪਤ ਹੈ ।

ਅਖਾੜਾ-ਪ੍ਰੰਪਰਾ ਨੂੰ ਸਮਰਪਿਤ ਰਿਹਾ ਭਗਤ ਆਸਾ ਰਾਮ ਮੂਲੋਂ ਹੀ ਮੋਹ ਮਾਇਆ ਨੂੰ ਤਿਆਗਣ ਵਾਲਾ ਸੀ । ਉਸਦੇ ਮੋਹ-ਮਾਇਆ ਤੋਂ ਅਣਭਿੱਜ ਰਹਿਣ ਦੇ ਚਰਚੇ ਪੁਆਧੀ ਲੋਕਾਂ ਦੀ ਜ਼ੁਬਾਨ ਤੇ ਅਜੇ ਤੱਕ ਵੀ ਕਾਇਮ ਹਨ । ਕਹਿੰਦੇ ਹਨ ਪਟਿਆਲੇ ਵਾਲੇ ਮਹਾਰਾਜੇ ਨੇ ਆਪਣੇ ਪੁੱਤਰ ਦੇ ਜਨਮ ਦੀ ਖੁਸ਼ੀ ਵਿੱਚ ਮਨਾਏ ਜਸ਼ਨਾਂ ਮੌਕੇ ਭਗਤ ਆਸਾ ਰਾਮ ਨੂੰ ਅਖਾੜਾ ਲਗਾਉਣ ਲਈ ਬੁਲਾਇਆ । ਭਗਤ ਆਸਾ ਰਾਮ ਨੇ ਆਪਣੇ ਅਖਾੜੇ ਦੇ ਦਰਸ਼ਨੀ ਜੁੱਸਿਆਂ ਵਾਲੇ ਨੌਜਵਾਨਾ ਨਾਲ ਰਲ ਕੇ ਆਪਣੀ ਗਾਇਕੀ ਦੇ ਅਜਿਹੇ ਜੌਹਰ ਦਿਖਾਏ ਕਿ ਮਹਾਰਾਜੇ ਨੇ ਪ੍ਰਭਾਵਿਤ ਹੋ ਕੇ ਭਗਤ ਨੂੰ 12 ਪਿੰਡਾਂ ਦੀ ਜਗੀਰ ਦੇਣ ਦਾ ਪ੍ਰਸਤਾਵ ਰੱਖਿਆ ਤਾਂ ਭਗਤ ਨੇ ਬੇਪ੍ਰਵਾਹੀ ਨਾਲ ਬੋਲੀ ਪਾ ਕੇ ਮਹਾਰਾਜੇ ਨੂੰ ਕਿਹਾ ਸੀ :

ਸੱਚ ਕਾ ਬਚਨ ਸੁਣਾਇਆ,
ਯਹੁ ਕੰਮ ਬਾਹਮਣਾਂ ਕਾ,
ਦਾਨ ਲੇਣਾ ਨੀ ਜੱਟਾਂ ਨੂੰ ਫਰਮਾਇਆ ।
ਤਲੈ ਬੈਠ ਕੈ ਪਾ ਦਿਆਂ ਛੋਈ
ਉਹ ਆਪਣੀ ਨੂੰ ਘਰ ਰੱਖ ਲੈ
ਰੈ ਤੇਰੀ ਮਾਇਆ ਕੀ ਲੋੜ ਨਾ ਕੋਈ ।

ਭਗਤ ਆਸਾ ਰਾਮ ਦੁਆਰਾ ਚਲਾਈ ਅਖਾੜਾ ਪ੍ਰੰਪਰਾ ਨੂੰ ਅਗੋਂ ਉਸਦੇ ਚੇਲਿਆਂ ਨੇ ਜਾਰੀ ਰੱਖਿਆ । ਭਗਤ ਆਸਾ ਰਾਮ ਜੀ ਦਾ ਸਭ ਤੋਂ ਪਹਿਲਾ ਚੇਲਾ ਨਾਥਾ ਭਗਤ ਸੀ । ਉਸ ਦਾ ਅਸਲੀ ਨਾਂ ਨਥਾ ਰਾਮ ਸੀ । ਉਹ ਜਾਤ ਦਾ ਜੱਟ ਬੈਦਵਾਣ ਸੀ ਤੇ ਉਹ ਆਸਾ ਰਾਮ ਜੀ ਦਾ ਭਤੀਜਾ ਹੀ ਸੀ । ਆਸਾ ਰਾਮ ਜੀ ਦਾ ਦੂਜਾ ਚੇਲਾ ਪੂਰਨ ਭਗਤ ਸੀ । ਉਹ ਬਚਪਨ ਤੋਂ ਹੀ ਅੱਖੋਂ ਅੰਨ੍ਹਾ ਸੀ । ਉਸਦੇ ਬੈਂਤ ਅਤੇ ਕੋਰੜੇ ਵੀ ਭਗਤ ਜੀ ਦੀ ਰਚਨਾ ਵਾਂਗ ਉੱਚ ਪਾਏ ਦੇ ਸਨ । ਉਹਨਾਂ ਨੇ ਆਸਾ ਰਾਮ ਦੇ ਗਾਇਨੇ ਨੂੰ ਕਈ ਨਵੇਂ-ਨਵੇਂ ਢੰਗਾਂ ਨਾਲ ਗਾਇਆ । ਭਗਤ ਪੂਰਨ ਤੋਂ ਬਾਅਦ ਉਸਦਾ ਚੇਲਾ ਸ਼ੇਰਾ ਇਸ ਗਾਇਕੀ ਦੇ ਪਿੜ ਵਿੱਚ ਉੱਤਰਿਆ । ਉਹ ਮਟੌਰ (ਸੈਕਟਰ 71, ਮੁਹਾਲੀ) ਪਿੰਡ ਦਾ ਜੱਟ ਮੁਸਲਮਾਨ ਸੀ । 1947 ਦੇ ਦੰਗਿਆਂ ਤੋਂ ਬਾਅਦ ਉਸਨੂੰ ਮਟੌਰ ਪਿੰਡ ਛੱਡ ਕੇ ਪਾਕਿਸਤਾਨ ਜਾਣਾ ਪਿਆ । ਪਰੰਤੂ ਪੁਆਧ

ਵਿਚਲੀ ਗਾਇਕੀ ਦੀ ਖਿੱਚ ਕਾਰਨ ਉਹ ਸਰਗੋਧੇ ਵਿੱਚ 25 ਕੀਲੇ ਜ਼ਮੀਨ, ਪਤਨੀ ਤੇ ਪੁੱਤਰ ਨੂੰ ਛੱਡ ਕੇ ਪਾਕਿਸਤਾਨ 'ਚੋਂ ਭੱਜ ਆਇਆ । ਫੇਰ ਸਨੇਟੇ ਪਿੰਡ ਵਿੱਚ ਇਕ ਝੁੱਗੀ ਬਣਾ ਕੇ ਰਹਿਣ ਲੱਗਾ ਅਤੇ ਗਾਇਕੀ ਚਾਲੂ ਰੱਖੀ ।

ਭਗਤ ਆਸਾ ਰਾਮ ਦੀ ਗਾਇਨ ਪ੍ਰੰਪਰਾ ਦਾ ਇਕ ਹੋਰ ਮਣਕਾ ਜਥੇਦਾਰ ਗੁਰਦੇਵ ਸਿੰਘ ਕੁੰਭੜਾ ਹੈ । ਲਗਪਗ 6 ਫੁੱਟ ਉੱਚਾ ਲੰਮਾ ਜਵਾਨ ਦੀ ਦਿੱਖ ਵਾਲਾ। ਇਹ ਬਜ਼ੁਰਗ ਆਪਣੇ ਆਪ ਨੂੰ ਭਗਤ ਆਸਾ ਰਾਮ ਦੀ ਗਾਇਨ ਪ੍ਰੰਪਰਾ ਦਾ ਆਖਰੀ ਵਾਰਸ ਮੰਨਦਾ ਹੈ । ਗੁਰਦੇਵ ਸਿੰਘ ਇਸ ਪ੍ਰੰਪਰਾ ਦੇ ਖਤਮ ਹੋਣ ਦਾ ਇਕ ਕਾਰਨ ਇਹ ਮੰਨਦਾ ਹੈ ਕਿ ਇਸ ਪ੍ਰੰਪਰਾ ਵਿੱਚ ਪੈਸੇ ਲੈਣ ਦੀ ਮਨਾਹੀ ਹੈ । ਅਜੋਕੇ ਪਦਾਰਥਕ ਯੁਗ ਵਿੱਚ ਅਜਿਹੀ ਪ੍ਰੰਪਰਾ ਨਾਲ ਜੁੜਨਾ ਘਾਟੇ ਵਾਲਾ ਸੌਦਾ ਹੈ । ਪਰ ਇਹ ਗੁਰਦੇਵ ਸਿੰਘ ਦਾ ਸਿਰੜ ਹੀ ਹੈ ਕਿ ਉਹ ਆਪਣੇ ਨਿੱਜੀ ਯਤਨਾਂ ਨਾਲ ਇਸ ਪ੍ਰੰਪਰਾ ਨੂੰ ਹੁਣ ਤੱਕ ਜਿਉਂਦਾ ਰੱਖਦਾ ਆ ਰਿਹਾ ਹੈ । ਉਹ ਅੱਜ ਵੀ ਆਪਣੇ ਨਿਹੰਗੀ ਬਾਣੇ ਵਿੱਚ ਭਗਤ ਆਸਾ ਰਾਮ ਦੁਆਰਾ ਗਾਈਆਂ ਕਥਾ ਲੜੀਆਂ ਛੇੜਦਾ ਹੈ, ਤਾਂ ਆਪਣੇ ਗੁਰੂ ਦੀ ਮਹਿਮਾ ਇਕ ਬੋਲੀ ਰਾਹੀਂ ਇਸ ਤਰ੍ਹਾਂ ਸੁਣਾਉਂਦਾ ਹੈ :

ਸੱਚ ਕਾ ਬਚਨ ਸਣਾਵਾਂ
ਲੱਤ ਮਾਰੀ ਮਾਇਆ ਕੈ
ਆਸਾ ਰਾਮ ਨੀ ਕਿਸੇ ਨੈ ਬਣ ਜਾਣਾ ।

ਭਗਤ ਆਸਾ ਰਾਮ ਦੁਆਰਾ ਸ਼ੁਰੂ ਕੀਤੀ ਅਖਾੜਾ ਪ੍ਰੰਪਰਾ ਇਕ ਮਾਇਆ ਮੁਕਤ ਪ੍ਰੰਪਰਾ ਸੀ। ਭਾਵ ਇਸ ਵਿਚ ਕਿਸੇ ਵੀ ਅਖਾੜੇ ਦੇ ਪੈਸੇ ਨਹੀਂ ਲਏ ਜਾਂਦੇ ਸਨ। ਪਰ ਇਸ ਅਖਾੜਾ ਪ੍ਰੰਪਰਾ ਦੇ ਸਮਾਨਅੰਤਰ ਇਕ ਹੋਰ ਅਖਾੜਾ ਪ੍ਰੰਪਰਾ ਕਾਰਜਸ਼ੀਲ ਰਹੀ ਹੈ । ਇਸ ਦਾ ਫਰਕ ਇਹ ਸੀ ਕਿ ਇਹ ਅਖਾੜਾ ਲਾਉਣ ਸਮੇਂ ਪੈਸੇ ਲੈਂਦੇ ਸਨ। ਅਜਿਹੀ ਪ੍ਰੰਪਰਾ ਦਾ ਮੋਢੀ ਮੀਹਾਂ (ਜੱਲ੍ਹੇ-ਸੌਢੇਂ ਵਾਲਾ) ਮੰਨਿਆ ਜਾਂਦਾ ਹੈ । ਇਸ ਪ੍ਰੰਪਰਾ ਨੂੰ ਅੱਗੇ ਤੋਰਨ ਵਾਲਿਆਂ ਵਿੱਚ ਬਖਸ਼ੀ, ਕੇਹਰ ਸਿੰਘ ਰਕੌਲੀ ਵਾਲਾ, ਕਾਕਾ ਕਜਹੇੜੀ ਵਾਲਾ, ਪ੍ਰਤਾਪਾ ਬਨੂੜ ਵਾਲਾ, ਬਚਨਾ ਕਾਰਕੌਰ ਵਾਲਾ, ਬਰਿਆਮਾ ਬਾਸੀਆਂ ਵਾਲਾ, ਦੇਸਾ ਦਿਆਲਪੁਰੇ ਵਾਲਾ ਆਦਿ ਦੇ ਨਾਮ ਜ਼ਿਕਰਯੋਗ ਹਨ ।

ਇਨ੍ਹਾਂ ਅਖਾੜਿਆਂ ਤੋਂ ਬਾਅਦ ਪੁਆਧ ਵਿੱਚ ਅਖਾੜੇ ਦਾ ਸਮੁੱਚਾ ਸਰੂਪ ਬਦਲ ਗਿਆ । ਹੁਣ ਅਖਾੜਾ ਧਰਤੀ ਤੋਂ ਉਠ ਕੇ ਸਟੇਜ ਤੇ ਆ ਗਿਆ । ਮਸ਼ਾਲਾਂ ਦੀ ਥਾਂ ਗੈਸ ਲੈਂਪਾਂ ਅਤੇ ਬੱਲਬਾਂ ਨੇ ਲੈ ਲਈ । ਪੱਗ ਨੂੰ ਛੱਡ ਕੇ ਨਚਾਰ ਸਮੁੱਚੇ ਔਰਤਾਂ ਵਾਲੇ ਬਾਣੇ ਵਿੱਚ ਆ ਗਏ । ਸਾਜ਼ਾਂ ਵਿੱਚ ਹਰਮੋਨੀਅਮ ਤੇ ਘੜੇ ਦਾ ਉਪਯੋਗ ਹੋਣ ਲੱਗਾ । ਜਿਨ੍ਹਾਂ ਸਮਿਆਂ ਵਿਚ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਦੀ ਧਾਂਕ ਪੂਰੇ ਪੰਜਾਬ ਵਿੱਚ ਸੀ, ਲਗਪਗ ਉਸੇ ਦੌਰ ਵਿੱਚ ਪੁਆਧ ਦੀ ਸਟੇਜੀ ਅਖਾੜਾ ਗਾਇਨ ਪ੍ਰੰਪਰਾ ਦਾ ਮੋਢੀ ਰਬੀ ਬੈਰੋਂਪੁਰੀ ਨੂੰ ਮੰਨਿਆ ਜਾਂਦਾ ਹੈ । ਉਹ ਉਸਤਾਦ ਲਾਲ ਚੰਦ ਯਮਲਾ ਜੱਟ ਤੋਂ ਪ੍ਰਭਾਵਿਤ ਹੋ ਕੇ ਗਾਇਕੀ ਦੇ ਪਿੜ ਵਿੱਚ ਉਤਰਿਆ । ਉਸਨੇ

ਪੁਆਧੀ ਅਖਾੜਿਆਂ ਨੂੰ ਧਾਰਮਿਕਤਾ ਤੋਂ ਮੁਕਤ ਕਰਾ ਕੇ ਸਮਾਜਿਕ ਸਮੱਸਿਆਵਾਂ, ਰਿਸ਼ਤਿਆਂ ਦੇ ਤਾਣੇ ਬਾਣੇ ਤੇ ਹੋਰ ਸਮਾਜਿਕ ਸੰਦਰਭਾਂ ਨਾਲ ਜੋੜਿਆ । ਅਖਾੜਿਆਂ ਦੇ ਸੰਦਰਭ ਵਿੱਚ ਇਸ ਨੇ ਇਕ ਵਾਧਾ ਇਹ ਵੀ ਕੀਤਾ ਕਿ ਪੁਆਧੀ ਅਖਾੜੇ ਨੂੰ ਪੂਰੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਹੋਰ ਰਾਜਾਂ ਵਿੱਚ ਵੀ ਪਹੁੰਚਾ ਦਿੱਤਾ । ਰੱਬੀ ਨੂੰ ਮਿਲਦੀਆਂ ਸਾਈਆਂ ਤੇ ਉਸਦਾ ਮਹੀਨਾ ਮਹੀਨਾ ਬੁੱਕ ਰਹਿਣਾ ਉਸ ਨੂੰ ਦਰਸ਼ਕਾਂ ਵਲੋਂ ਮਿਲੇ ਭਰਵੇਂ ਹੁੰਗਾਰੇ ਦਾ ਪ੍ਰਤੀਕ ਹੈ ।

ਅਜੋਕੇ ਤੇਜ਼ ਤਰਾਰ ਜ਼ਿੰਦਗੀ ਵਾਲੇ ਪਦਾਰਥਕ ਯੁੱਗ ਵਿੱਚ ਪੱਛਮੀ ਸੱਭਿਆਚਾਰ, ਕੈਸੇਟ ਕਲਚਰ ਅਤੇ ਪੱਛਮੀ ਸੰਗੀਤ ਦੇ ਪ੍ਰਭਾਵ ਹੇਠ ਮਨ ਪ੍ਰਚਾਵੇ ਦੇ ਅਤਿ ਆਧੁਨਿਕ ਉਪਕਰਣਾ ਟੈਲੀਵਿਜ਼ਨ, ਸਿਨੇਮਾ ਆਦਿ ਦੇ ਆਉਣ ਨਾਲ ਮਨੁੱਖ ਦੀ ਸੋਚ, ਸੁਹਜ ਸੁਆਦ ਦੀ ਤ੍ਰਿਪਤੀ ਦੇ ਢੰਗਾਂ ਵਿੱਚ ਪ੍ਰੀਵਰਤਨ ਆਇਆ ਹੈ । ਜਿਸ ਨੇ ਪ੍ਰੰਪਰਕ ਗਾਇਕੀ ਨੂੰ ਬਹੁਤ ਵੱਡੀ ਢਾਅ ਲਾਈ ਹੈ । ਜਿਸ ਸਦਕਾ ਪੁਆਧੀ ਅਖਾੜਾ ਗਾਇਨ ਪ੍ਰੰਪਰਾ ਜੋ ਚਿਰਾਂ ਤੋਂ ਚਲੀ ਆ ਰਹੀ ਸੀ ਤੇ ਅੱਜ ਵੀ ਪੁਆਧੀ ਬਜ਼ੁਰਗਾਂ ਦੇ ਚੇਤਿਆਂ ਵਿੱਚ ਘਰ ਕਰੀ ਬੈਠੀ ਹੈ, ਮੂਲੋਂ ਹੀ ਖ਼ਤਮ ਹੋ ਚੁੱਕੀ ਹੈ ।

# ਪੁਆਧੀ-ਬਾਲ-ਖੇਡ ਤਿਉਹਾਰ : ਗੜਬੜੇ

*ਮਨਮੋਹਨ ਸਿੰਘ ਦਾਊਂ*

ਪੰਜਾਬ ਵਿੱਚ ਬਾਲ-ਖੇਡਾਂ ਬੱਚੇ ਲਗਪਗ ਇੱਕੋ ਜਿਹੀਆਂ ਖੇਡਦੇ ਹਨ। ਖੇਡਾਂ ਨਾਲ ਗੀਤ ਵੀ ਗਾਉਂਦੇ ਹਨ, ਪਰੰਤੂ ਇੱਕ ਬਾਲ-ਖੇਡ ਵਰਗਾ ਬੱਚਿਆਂ ਦਾ ਤਿਉਹਾਰ ਕੇਵਲ ਪੁਆਧ ਖੇਤਰ ਵਿੱਚ ਹੀ ਮਨਾਇਆ ਜਾਂਦਾ ਹੈ, ਜਿਸ ਨੂੰ ਗੜਬੜਿਆਂ ਦਾ ਤਿਉਹਾਰ ਕਿਹਾ ਜਾਂਦਾ ਹੈ।

ਅੱਸੂ ਦੇ ਮਹੀਨੇ ਤੋਂ ਪੰਜਾਬ ਦੇ ਪਿੰਡਾਂ ਵਿਚ ਬਹੁਤ ਸਾਰੇ ਤਿਉਹਾਰ ਮਨਾਉਣੇ ਸ਼ੁਰੂ ਹੋ ਜਾਂਦੇ ਹਨ। ਇਨ੍ਹਾਂ 'ਚੋਂ ਗੜਬੜਿਆਂ ਦਾ ਤਿਉਹਾਰ ਪੁਆਧ ਦੇ ਇਲਾਕੇ ਵਿਚ ਹੀ ਮਨਾਇਆ ਜਾਂਦਾ ਹੈ। ਇਹ ਤਿਉਹਾਰ ਛੋਟੇ ਬੱਚਿਆਂ (ਮੁੰਡੇ-ਕੁੜੀਆਂ) ਦਾ ਸਾਂਝਾ ਤਿਉਹਾਰ ਹੈ। ਇਹ ਤਿਉਹਾਰ ਦੁਸਹਿਰੇ ਤੋਂ ਪੰਜ ਦਿਨਾਂ ਪਿਛੋਂ ਅੱਸੂ ਦੀ ਪੂਰਨਮਾਸ਼ੀ ਦੀ ਰਾਤ ਨੂੰ ਮਨਾਇਆ ਜਾਂਦਾ ਹੈ। ਦੁਸਹਿਰੇ ਦੇ ਮੇਲੇ ਤੋਂ ਲੋਕੀਂ ਗੜਬੜੇ ਖਰੀਦ ਕੇ ਲਿਆਉਂਦੇ ਹਨ ਜਾਂ ਪਿੰਡਾਂ ਵਿੱਚ ਘੁਮਿਆਰ ਆ ਕੇ ਦੇ ਜਾਂਦੇ ਹਨ। ਗੜਬੜਾ ਮਿੱਟੀ ਦਾ ਬਣਾਇਆ ਗੜਬੇ ਦੀ ਸ਼ਕਲ ਦਾ ਇਕ ਖਿਡੌਣਾ ਹੁੰਦਾ ਹੈ। ਇਹ ਦੋ ਪ੍ਰਕਾਰ ਦਾ ਬਣਾਇਆ ਜਾਂਦਾ ਹੈ : ਉਪਰੋਂ ਖੁਲੇ ਮੂੰਹ ਵਾਲਾ ਗੜਬੜਾ ਤੇ ਉਪਰੋਂ ਬੰਦ ਟੂਟਣੀ ਵਾਲਾ ਗੜਬੜਾ। ਗੜਬੜੇ 'ਚੋਂ ਰੋਸ਼ਨੀ ਖਿੰਡਣ ਲਈ ਇਸ ਦੇ ਚੌਹੀਂ ਪਾਸੀਂ ਰਖਣੇਦਾਰ ਝੀਰੀਆਂ ਪਾਈਆਂ ਹੁੰਦੀਆਂ ਹਨ। ਦੀਵਾ ਰੱਖਣ ਲਈ ਇਕ ਪਾਸੇ ਮੂੰਹ ਬਣਾਇਆ ਹੁੰਦਾ ਹੈ।

ਇਹ ਤਿਉਹਾਰ ਖੁਸ਼ੀ ਤੇ ਰੋਸ਼ਨੀ ਦਾ ਪ੍ਰਤੀਕ ਹੈ। ਇਤਿਹਾਸਕ ਪੱਖੋਂ ਦੱਸਿਆ ਜਾਂਦਾ ਹੈ ਕਿ ਸ੍ਰੀ ਰਾਮ ਚੰਦਰ ਜੀ ਨੇ ਲੰਕਾ ਜਿੱਤਣ ਲਈ ਤੇ ਸੀਤਾ ਜੀ ਨੂੰ ਪ੍ਰਾਪਤ ਕਰਨ ਲਈ ਤੇ ਕਿਸ਼ਕਿੰਧਾ (ਦੱਖਣ) ਦੇ ਰਾਜਾ ਸੁਗਰੀਵ ਨੂੰ ਮਾਰਨ ਲਈ ਉਸ ਦੇ ਭਰਾ ਬਾਲੀ ਨਾਲ ਮਿੱਤਰਤਾ ਪਾਈ। ਸੁਗਰੀਵ ਨੂੰ ਮਾਰਨ ਪਿਛੋਂ ਸ੍ਰੀ ਰਾਮ ਚੰਦਰ ਜੀ ਨੇ ਬਾਲੀ ਨੂੰ ਰਾਜ-ਤਿਲਕ ਦਿੱਤਾ। ਇਸ ਖੁਸ਼ੀ ਵਿਚ ਲੈਟਣਾਂ ਨੁਮਾ ਗੜਬੜੇ ਬਾਲ ਕੇ ਰੋਸ਼ਨੀ ਕੀਤੀ ਗਈ ਤੇ ਉਦੋਂ ਤੋਂ ਇਹ ਤਿਉਹਾਰ ਚਲਿਆ ਆ ਰਿਹਾ ਹੈ। "ਅਪਣਾਇ ਸੁਗ੍ਰੀਵਹਿ ਚਲੇ ਕਪਿਰਾਜ ਬਾਲਿ ਸੰਘਾਰਕੇ।" (ਰਾਮਵ) ਇਸੇ ਦਿਨ ਮਹਾਂਰਿਸ਼ੀ ਬਾਲਮੀਕ ਦਾ ਜਨਮ-ਦਿਨ ਵੀ ਮਨਾਇਆ ਜਾਂਦਾ ਹੈ।

ਰਾਤ ਨੂੰ ਸੁਆਣੀਆਂ ਘਰਾਂ 'ਚ ਥਾਂ ਲਿਪ ਕੇ ਆਪਣੇ ਬੱਚਿਆਂ ਦੀ ਗਿਣਤੀ ਮੁਤਾਬਿਕ ਗੜਬੜੇ ਸਜਾਉਂਦੀਆਂ ਹਨ। ਗੜਬੜਿਆਂ ਵਿਚ ਦੀਵੇ ਬਾਲ ਕੇ ਰੱਖੇ ਜਾਂਦੇ ਹਨ। ਬੱਚਿਆਂ ਦੀ ਸੁੱਖ ਮੰਗੀ ਜਾਂਦੀ ਹੈ। ਘਰ 'ਚ ਕੋਈ ਨਾ ਕੋਈ ਮਿੱਠੀ ਚੀਜ਼

ਬਣਾ ਕੇ ਮੱਥਾ ਟੇਕਿਆ ਜਾਂਦਾ ਹੈ। ਮੱਥਾ ਟੇਕਣ ਪਿਛੋਂ ਬੱਚੇ ਆਪਣੇ ਆਪਣੇ ਗੜਬੜੇ ਨਚਾਉਣ ਲਈ ਪਿੰਡ ਦੀਆਂ ਗਲੀਆਂ 'ਚ ਟੋਲੀਆਂ ਬਣਾ ਕੇ ਘੁੰਮਦੇ ਹਨ ਤੇ ਗਾਉਣ ਲਗ ਪੈਂਦੇ ਹਨ :

ਚੰਨਣ ਮੰਨਣ ਦੀ ਰਾਤ,
ਨੱਚ ਮੇਰੇ ਗੜਬੜਿਆ।

ਬੱਚਿਆਂ ਦੇ ਹੱਥਾਂ ਵਿਚ ਰੱਸੀਆਂ ਜਾਂ ਤਾਰਾਂ ਦੀਆਂ ਬੰਗਲੀਆਂ ਨਾਲ ਫੜੇ ਹੋਏ ਗੜਬੜੇ ਇਕ ਸੁੰਦਰ ਦ੍ਰਿਸ਼ ਪੇਸ਼ ਕਰਦੇ ਹਨ। ਦੀਵਿਆਂ ਦੀ ਗੜਬੜਿਆਂ 'ਚੋਂ ਖਿੰਡ ਰਹੀ ਰੋਸ਼ਨੀ ਖੁਸ਼ੀਆਂ ਤੇ ਚਾਅ ਵੰਡ ਰਹੀ ਹੁੰਦੀ ਹੈ। ਹਰ ਬੱਚਾ ਚਾਨਣ ਦਾ ਦੂਤ ਜਾਪਣ ਲਗ ਪੈਂਦਾ ਹੈ। ਟੋਲੀਆਂ ਬਣਾ ਕੇ ਨੱਚਦੇ ਟੱਪਦੇ ਬੱਚੇ ਇਕ ਦੂਜੇ ਦੇ ਘਰ ਮੰਗਣ ਜਾਂਦੇ ਹਨ। ਖੁਸ਼ੀ ਨਾਲ ਹੇਕਾਂ ਲਾਉਂਦੇ ਹਨ :

ਤਲਾਬੜੀ ਤਲਾਬੜੀ,
ਮੇਰਾ ਲਾਲ ਪੈਸਾ ਦੇ ਦੇ।

ਮੇਰਾ ਗੜਬੜਾ ਗਲੀ ਗਲੀ,
ਮੰਗਦਾ ਤੇਲ ਦੀ ਪਲੀ ਪਲੀ।

ਮੇਰਾ ਗੜਬੜਾ ਨੱਚੂਗਾ,
ਪੈਸਾ ਧੇਲਾ ਖੱਟੂਗਾ।

ਲੋਕੀਂ ਘਰ ਮੰਗਣ ਆਏ ਬੱਚਿਆਂ ਨੂੰ ਦਾਣੇ, ਪੈਸੇ ਤੇ ਖਾਣ ਵਾਲੀਆਂ ਵਸਤਾਂ ਆਦਿ ਵੰਡਦੇ ਹਨ। ਬੱਚੇ ਖੁਸ਼ੀ ਮਨਾਉਂਦੇ ਅਗਲੇ ਘਰ ਅੱਗੇ ਹੋਕਾ ਦਿੰਦੇ ਹਨ। ਕਿੰਨੀ ਦੇਰ ਤਕ ਬੱਚੇ ਆਪਣੇ ਪੱਲਿਆਂ ਜਾਂ ਝੋਲਿਆਂ ਵਿਚ ਦਿੱਤੀਆਂ ਹੋਈਆਂ ਵਸਤਾਂ ਇਕੱਠੀਆਂ ਕਰਦੇ ਰਹਿੰਦੇ ਹਨ। ਕਈ ਲੋਕ ਤੇਲ ਦਾ ਦਾਨ ਕਰਦੇ ਹਨ। ਪਿੰਡ ਦੀਆਂ ਹੱਟੀਆਂ 'ਤੇ ਜਾ ਕੇ ਬੱਚੇ ਦਾਣੇ ਵੇਚ ਕੇ ਪੈਸੇ ਵੱਟਦੇ ਹਨ। ਕਈ ਬੱਚਿਆਂ ਦੇ ਗੜਬੜੇ ਭੱਜ-ਦੌੜ ਵਿਚ ਟੁੱਟ ਜਾਂਦੇ ਹਨ, ਕਈਆਂ ਦੇ ਬੁਝ ਜਾਂਦੇ ਹਨ ਪ੍ਰੰਤੂ ਬੱਚਿਆਂ ਦੀ ਇਹ ਬਾਲ-ਖੇਡ ਪਿੰਡ ਵਿਚ ਰੌਣਕ ਲਾਈ ਰਖਦੀ ਹੈ। ਸਭ ਧਰਮਾਂ ਤੇ ਜਾਤਾਂ ਦੇ ਬੱਚਿਆਂ ਦਾ ਇਹ ਤਿਉਹਾਰ ਸਾਨੂੰ ਸਾਡੀ ਸਾਂਝੀ ਸੰਸਕ੍ਰਿਤੀ ਦੀ ਯਾਦ ਚੇਤੇ ਕਰਾਉਂਦਾ ਹੈ। ਦੂਜੇ ਦਿਨ ਰਾਤ ਨੂੰ ਪਿੰਡ ਦੀਆਂ ਕੁੜੀਆਂ ਇਕੱਠੀਆਂ ਹੋ ਕੇ ਟੋਭੇ 'ਤੇ ਜਾਂਦੀਆਂ ਹਨ ਤੇ ਇਕ-ਇਕ ਗੜਬੜਾ ਟੋਭੇ 'ਚ ਹੜ੍ਹਾਉਂਦੀਆਂ ਹਨ। ਕੁੜੀਆਂ ਦਾ ਇਹ ਇਕੱਠ ਖੁਸ਼ੀ ਵਿਚ ਗਿੱਧਾ ਪਾਉਂਦਾ ਹੈ ਤੇ ਗੀਤ ਗਾਉਂਦਾ ਰਹਿੰਦਾ ਹੈ। ਸਾਡੇ ਸਭਿਆਚਾਰ ਦੀਆਂ ਇਹ ਝਲਕੀਆਂ ਹੁਣ ਹੌਲੀ ਹੌਲੀ ਮਧਮ ਪੈ ਰਹੀਆਂ ਹਨ।

# IV

# ਪੁਆਧ ਦੀ ਪ੍ਰਾਕਿਰਤੀ ਨਾਲ ਗਲਵਕੜੀ

ਸਾਵੇ ਰਹਿਣ ਤੇਰੇ ਅੰਬ, ਪਿੱਪਲ, ਬੋਹੜ, ਬੇਰੀਆਂ,
ਜਾਮਣਾਂ, ਜਮੋਏ, ਕਿੱਕਰ, ਢੱਕ, ਟਾਹਲੀਆਂ ।

# ਪੁਆਧ ਖੇਤਰ ਦੇ ਦਰਿਆ, ਨਦੀਆਂ, ਨਾਲੇ, ਚੋਅ ਅਤੇ ਜਲਗਾਹਾਂ

*ਡਾ. ਡੀ.ਪੀ. ਸਿੰਘ*

ਪਾਣੀ ਜੀਵਨ ਦਾ ਸਰੋਤ ਹੈ । ਪਾਣੀ ਤੋਂ ਬਿਨ੍ਹਾਂ ਤਾਂ ਜੀਵਨ ਸੰਭਵ ਹੀ ਨਹੀਂ । ਤਦੇ ਹੀ ਤਾਂ ਬਾਬਾ ਨਾਨਕ ਦਾ ਕਥਨ ਹੈ :

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ।।

ਕਿਉਂ ਕਿ ਪਾਣੀ ਹਰ ਤਰ੍ਹਾਂ ਦੇ ਜੀਵਨ ਦਾ ਮੂਲ ਹੈ । ਇੰਝ ਪੌਦਿਆਂ ਤੇ ਜੀਵਾਂ ਦੀ ਮੁੱਢਲੀ ਵਸੋਂ ਦਰਿਆਵਾਂ, ਝੀਲਾਂ ਅਤੇ ਕੁਦਰਤੀ ਜਲ ਸਰੋਤਾਂ ਦੇ ਕਿਨਾਰਿਆਂ ਉੱਤੇ ਹੀ ਪੱਲਰੀ ਅਤੇ ਵਿਕਾਸ ਕੀਤੀ। ਮਨੁੱਖੀ ਸਭਿਅਤਾ ਦੇ ਵਿਕਾਸ ਦੇ ਦੌਰ ਦੌਰਾਨ, ਮਨੁੱਖ ਨੇ ਵੀ ਹਮੇਸ਼ਾਂ ਪਾਣੀ ਦੀ ਬਹੁਤਾਤ ਵਾਲੇ ਸਥਾਨਾਂ ਵਿਖੇ ਹੀ ਡੇਰਾ ਲਗਾਇਆ ਸੀ । ਪੁਆਧ ਦਾ ਖੇਤਰ ਵੀ ਪਾਣੀ ਦੀ ਬਹੁਤਾਤ ਪੱਖੋਂ ਕੁਦਰਤ ਦਾ ਇਕ ਵਰੋਸਾਇਆ ਖਿੱਤਾ ਹੈ । ਆਓ ਪੁਆਧ ਖੇਤਰ ਦੇ ਜਲ ਸਰੋਤਾਂ ਦੀ ਗੱਲ ਕਰੀਏ ।

ਪੁਆਧ ਖਿੱਤੇ ਦਾ ਬਹੁਤ ਭਾਗ ਅਰਧ ਪਹਾੜੀ ਖੇਤਰ ਹੋਣ ਦੇ ਨਾਤੇ ਕੁਦਰਤੀ ਸੁੰਦਰਤਾ ਪੱਖੋਂ ਦਿਲਕਸ਼ ਨਜ਼ਾਰਿਆਂ ਨਾਲ ਭਰਪੂਰ ਖਿੱਤਾ ਹੈ ।

ਪੁਆਧ ਦੀ ਧਰਤੀ ਨੇ ਸਿੰਧ ਘਾਟੀ ਦੀ ਸੱਭਿਅਤਾ ਸਮੇਂ ਸਪਤ-ਸਿੰਧੂ ਅਤੇ ਵੈਦਿਕ ਕਾਲ ਸਮੇਂ ਸਾਂਤਾਦਰੂ ਦੀ ਧਰਤੀ ਦੇ ਖਿੱਤੇ ਦੇ ਰੂਪ ਵਿਚ ਦਰਿਆ ਸਤਲੁਜ ਦੇ ਪਾਣੀਆਂ ਨਾਲ ਸ਼ਾਨਾ-ਬ-ਸ਼ਾਨਾ ਸਫ਼ਰ ਤੈਅ ਕੀਤਾ ਹੈ । ਪੰਜਾਬ ਰਾਜ ਨੂੰ ਇਸ ਦਾ ਪੰਜਾਬ ਨਾਮ ਦਿਵਾਉਣ ਵਾਲੇ ਪੰਜ ਦਰਿਆਵਾਂ ਵਿਚੋਂ ਇਸ ਵੇਲੇ ਭਾਰਤੀ ਪੰਜਾਬ ਵਿਚ ਵਹਿੰਦੇ ਤਿੰਨ ਦਰਿਆਵਾਂ ਵਿਚੋਂ ਸਤਲੁਜ ਦਰਿਆ ਸੱਭ ਤੋਂ ਮਹੱਤਵਪੂਰਨ ਹੈ । ਸਤਲੁਜ ਦਰਿਆ ਦਾ ਪੁਆਧ ਦੇ ਖੇਤਰ ਨਾਲ ਗੂੜ੍ਹਾ ਸੰਬੰਧ ਹੈ। ਸਤਲੁਜ ਦਰਿਆ, ਤਿੱਬਤ ਦੀ ਪ੍ਰਸਿੱਧ ਮਾਨਸਰੋਵਰ ਝੀਲ ਦੇ ਕੋਲ ਸਥਿਤ ਤਲਾਬ ਰਾਵਣਹ੍ਰਦ ਵਿਚੋਂ ਨਿਕਲ ਕੇ ਭਾਰਤ ਦੇ ਸੂਬੇ ਹਿਮਾਚਲ ਪ੍ਰਦੇਸ਼ ਦੇ ਪ੍ਰਸਿੱਧ ਨਗਰਾਂ ਕਲਪਾ, ਰਾਮਪੁਰ, ਕੁੱਲੂ, ਮੰਡੀ ਤੇ ਬਿਲਾਸਪੁਰ ਦੇ ਖੇਤਰਾਂ ਵਿਚੋਂ ਲੰਘਦਾ ਹੋਇਆ, ਪੰਜਾਬ ਰਾਜ ਦੇ ਰੂਪਨਗਰ ਜ਼ਿਲ੍ਹੇ ਦੇ ਖ਼ੂਬਸੂਰਤ ਨਗਰ ਨੰਗਲ ਵਿਖੇ ਪੁਆਧ ਦੇ ਖੇਤਰ ਵਿਚ ਦਾਖਲ ਹੁੰਦਾ ਹੈ ।

ਭਾਖੜਾ ਡੈਮ ਜੋ ਕਿ ਏਸ਼ੀਆ ਦਾ ਸੱਭ ਤੋਂ ਉੱਚਾ ਡੈਮ ਹੈ, ਦੇ ਪਿੱਛੇ ਰੁਕੇ ਪਾਣੀ ਨੂੰ ਜਦੋਂ ਲੋੜ ਮੁਤਾਬਕ ਛੱਡਿਆ ਜਾਂਦਾ ਹੈ ਤਾਂ ਆਪਣੀ ਤਾਜ਼ੀ ਮਿਲੀ

ਆਜ਼ਾਦੀ ਨੂੰ ਮਾਣਦਾ ਹੋਇਆ, ਇਹ ਦਰਿਆ ਬੜੀ ਸ਼ਾਨ ਨਾਲ ਪੁਆਧੀ ਖਿੱਤੇ ਵਿਚ ਦਾਖਿਲ ਹੁੰਦਾ ਹੈ । ਨੰਗਲ ਪਹੁੰਚਣ ਉੱਤੇ ਇਸ ਦਰਿਆ ਦੀ ਸੱਜੀ ਬਾਹੀ ਵਿਚੋਂ ਦੋ ਨਹਿਰਾਂ ਨੰਗਲ ਹਾਈਡਲ ਚੈਨਲ ਅਤੇ ਆਨੰਦਪੁਰ ਸਾਹਿਬ ਹਾਈਡਲ ਚੈਨਲ ਵਿਚ ਪਾਇਆ ਗਿਆ ਹੈ। ਨੰਗਲ ਹਾਈਡਲ ਚੈਨਲ ਦੀ ਲੰਬਾਈ 64.5 ਕਿਲੋਮੀਟਰ ਹੈ ਅਤੇ ਇਸ ਦੀ ਪਾਣੀ ਲਿਜਾ ਸਕਣ ਦੀ ਸਮਰਥਾ 12500 ਕਿਊਸਕ ਹੈ । ਇਸ ਚੈਨਲ ਉਪਰ ਗੰਗੂਵਾਲ ਅਤੇ ਕੋਟਲਾ ਦੇ ਸਥਾਨਾਂ ਵਿਖੇ ਪਣ-ਬਿਜਲੀ ਘਰ ਬਣੇ ਹਨ, ਜਿਥੇ 154 ਮੈਗਾਵਾਟ ਬਿਜਲੀ ਪੈਦਾ ਹੁੰਦੀ ਹੈ । ਨੰਗਲ ਹਾਈਡਲ ਚੈਨਲ ਨੇ ਹੀ ਕਦੇ ਪੰਜਾਬ ਦੇ ਸਿਰਮੌਰ ਕਵੀ ਨੰਦ ਲਾਲ ਨੂਰਪੁਰੀ ਨੂੰ ਇਹ ਗੀਤ ਲਿਖਣ ਲਈ ਪ੍ਰੇਰਿਆ ਸੀ :

ਭਾਖੜੇ ਤੋਂ ਆਉਂਦੀ ਇਕ ਮੁਟਿਆਰ ਨੱਚਦੀ,
ਚੰਦ ਨਾਲੋਂ ਚਿੱਟੀ ਉੱਤੇ ਚੁੰਨੀ ਕੱਚ ਦੀ ।

ਪੁਆਧ ਖਿੱਤੇ ਦੇ ਪ੍ਰਮੁੱਖ ਸ਼ਹਿਰ ਰੂਪ ਨਗਰ ਵਿਖੇ ਪੁੱਜ ਕੇ ਨੰਗਲ ਹਾਈਡਲ ਚੈਨਲ ਦਾ ਨਾਮ ਬਦਲ ਕੇ ਭਾਖੜਾ ਮੇਨ ਲਾਇਨ (ਨਹਿਰ) ਹੋ ਜਾਂਦਾ ਹੈ । ਭਾਖੜਾ ਮੇਨ ਲਾਇਨ ਵਿਚੋਂ ਪੁਆਧ ਖੇਤਰ ਵਿਚ ਹੀ ਨਿਕਲਣ ਵਾਲੀਆਂ ਦੋ ਨਹਿਰਾਂ-ਨਰਵਾਣਾ ਬ੍ਰਾਂਚ ਅਤੇ ਘੱਗਰ ਬ੍ਰਾਂਚ ਦੇ ਰੂਪ ਵਿਚ ਸੰਗਰੂਰ ਅਤੇ ਪਟਿਆਲਾ ਜ਼ਿਲ੍ਹਿਆਂ ਦੇ ਖੇਤਰਾਂ ਨੂੰ ਪਾਣੀ ਪਹੁੰਚਾਂਦੀਆਂ ਹੋਈਆਂ ਹਰਿਆਣਾ ਰਾਜ ਵਿਚ ਪਹੁੰਚ ਜਾਂਦੀਆਂ ਹਨ ।

ਆਨੰਦਪੁਰ ਸਾਹਿਬ ਹਾਈਡਲ ਚੈਨਲ ਦੀ ਲੰਬਾਈ 32 ਕਿਲੋਮੀਟਰ ਹੈ ਅਤੇ ਇਸ ਦੀ ਪਾਣੀ ਲਿਜਾ ਸਕਣ ਦੀ ਸਮਰਥਾ 10150 ਕਿਊਸਕ ਹੈ । ਇਸ ਉਪਰ ਗੰਗੂਵਾਲ ਅਤੇ ਨੱਕੀਆਂ ਦੇ ਸਥਾਨਾਂ ਵਿਖੇ ਦੋ ਪਣ-ਬਿਜਲੀ ਘਰ ਸਥਾਪਿਤ ਕੀਤੇ ਗਏ ਹਨ । ਕੀਰਤਪੁਰ ਸਾਹਿਬ ਦੇ ਨੇੜੇ ਇਹ ਲੋਹੰਡ ਖੱਡ ਵਿਚ ਜਾ ਪੈਂਦੀ ਹੈ ਜੋ ਅੱਗੇ ਚਲ ਕੇ ਸਤਲੁਜ ਦਰਿਆ ਵਿਚ ਜਾ ਮਿਲਦੀ ਹੈ । ਆਨੰਦਪੁਰ ਸਾਹਿਬ ਹਾਈਡਲ ਚੈਨਲ ਦੇ ਲੋਹੰਡ ਖੱਡ ਦੇ ਮਿਲਾਪ ਸਥਾਨ ਦੇ ਨੇੜੇ ਹੀ ਗੁਰੂਦੁਆਰਾ ਪਾਤਾਲਪੁਰੀ ਸਾਹਿਬ ਸਥਿਤ ਹੈ ਜਿਥੇ ਪੰਜਾਬ ਦੇ ਲੋਕਾਂ ਦੀ ਬਹੁਗਿਣਤੀ ਅਸਥੀਆਂ ਜਲ-ਪ੍ਰਵਾਹ ਕਰਦੀ ਹੈ । ਇੰਝ ਪੁਆਧ ਦੀ ਧਰਤੀ ਮਨੁੱਖੀ ਜੀਵਨ ਦੇ ਅੰਤਮ ਪੜਾਅ ਦਾ ਵਿਸ਼ਰਾਮ ਘਰ ਹੋ ਨਿਬੜਦੀ ਹੈ ।

ਨੰਗਲ ਹਾਈਡਲ ਚੈਨਲ ਅਤੇ ਆਨੰਦਪੁਰ ਹਾਈਡਲ ਚੈਨਲ ਨੂੰ ਬਹੁਤ ਸਾਰੇ ਬਰਸਾਤੀ ਚੋਅ, ਨਦੀਆਂ ਅਤੇ ਨਾਲੇ ਪਾਰ ਕਰਨੇ ਪੈਂਦੇ ਹਨ ਜਿਨ੍ਹਾਂ ਦਾ ਕੁੱਲ ਵੱਧ ਤੋਂ ਵੱਧ ਪਾਣੀ ਲਗਭਗ ਤਿੰਨ ਲੱਖ ਕਿਊਸਕ ਬਣ ਜਾਂਦਾ ਹੈ । ਇਸ ਲਈ ਇਹ ਨਹਿਰਾਂ ਨੂੰ ਕਈ ਥਾਂਵਾਂ ਵਿਖੇ ਸੁਪਰ ਪੈਸੈਜ਼ ਅਤੇ ਸਾਈਫਨ ਐਕੁਆਡੱਕਟ ਦੀ ਵਰਤੋਂ ਨਾਲ ਇਨ੍ਹਾਂ ਕੁਦਰਤੀ ਰੁਕਾਵਟਾਂ ਨੂੰ ਪਾਰ ਕਰਵਾਇਆ ਗਿਆ ਹੈ ।

ਪੁਆਧ ਖੇਤਰ ਦੇ ਪ੍ਰਮੁੱਖ ਸ਼ਹਿਰਾਂ ਵਿਚੋਂ ਇਕ ਹੈ ਰੂਪ ਨਗਰ । ਇਹ ਮਸ਼ਹੂਰ ਸ਼ਹਿਰ, ਰਾਜਾ ਰੋਕੇਸ਼ਰ ਨੇ ਗਿਆਰਵ੍ਹੀਂ ਸਦੀ ਵਿਚ ਆਪਣੇ ਪੁੱਤਰ ਰੂਪਸੈਨ

ਦੇ ਨਾਮ 'ਤੇ ਬਣਾਇਆ ਸੀ । ਰੂਪ ਨਗਰ ਵਿਖੇ ਸਤਲੁਜ ਦਰਿਆ ਉਪਰ ਹੈਡ ਵਰਕਸ ਬਣਿਆ ਹੋਇਆ ਹੈ । ਜੋ ਜਨਰਲ ਵਿਲੀਅਰ ਬੈਕਰ ਦੀ ਦੇਖ ਰੇਖ ਵਿਚ ਸੰਨ 1874 ਵਿਚ ਬਣਾਉਣਾ ਆਰੰਭ ਕੀਤਾ ਗਿਆ ਸੀ ਅਤੇ ਸੰਨ 1882 ਵਿਚ ਇਹ ਕਾਰਜ ਮੁਕੰਮਲ ਕਰ ਲਿਆ ਗਿਆ । ਇਥੋਂ ਹੀ ਪੰਜਾਬ ਦੀਆਂ ਦੋ ਮੁੱਖ ਨਹਿਰਾਂ ਸਰਹਿੰਦ ਨਹਿਰ ਅਤੇ ਬਿਸਤ ਦੁਆਬ ਨਿਕਲਦੀਆਂ ਹਨ । ਜੋ ਕ੍ਰਮਵਾਰ ਮਾਲਵੇ ਅਤੇ ਦੁਆਬੇ ਦੇ ਖੇਤਰਾਂ ਦੇ ਵੱਡੇ ਰਕਬੇ ਦੀ ਸਿੰਚਾਈ ਕਰਦੀਆਂ ਹਨ ।

ਸਤਲੁਜ ਦਰਿਆ ਦੀ ਖੱਬੀ ਬਾਹੀ ਵਿਚੋਂ ਕੱਢੀ ਗਈ ਸਰਹਿੰਦ ਨਹਿਰ ਦੀ ਪਾਣੀ ਲਿਜਾ ਸਕਣ ਦੀ ਮੌਜੂਦਾ ਸਮਰਥਾ 12625 ਕਿਊਸਕ ਹੈ ਅਤੇ ਇਸੇ ਦਰਿਆ ਦੇ ਸੱਜੇ ਪਾਸੇ ਤੋਂ ਕੱਢੀ ਗਈ । ਬਿਸਤ ਦੁਆਬ ਨਹਿਰ ਦੀ ਪਾਣੀ ਲਿਜਾ ਸਕਣ ਦੀ ਸਮਰਥਾ 1800 ਕਿਊਸਕ ਹੈ । ਸਤਲੁਜ ਦਰਿਆ ਵਿਚ ਕਈ ਬਰਸਾਤੀ ਨਾਲੇ ਤੇ ਨਦੀਆਂ ਵੀ ਪੈਂਦੀਆਂ ਹਨ ਜਿਨ੍ਹਾਂ ਵਿਚ ਮੁੱਖ ਤੌਰ ਉੱਤੇ ਸਿਸਵਾਂ, ਬੁੱਧਕੀ, ਸਗਰਾਓ, ਪਟਿਆਲਾ ਕੀ ਰਾਓ, ਜੈਂਤੀ ਕੀ ਰਾਓ, ਸੌ ਖੱਡ, ਸੁਆਂ ਅਤੇ ਸਿਰਸਾ ਨਦੀਆਂ ਵਿਸ਼ੇਸ਼ ਤੌਰ ਉੱਤੇ ਵਰਨਣਯੋਗ ਹਨ । ਇਨ੍ਹਾਂ ਨਦੀਆਂ ਅਤੇ ਜਲ-ਧਾਰਾਵਾਂ ਨੇ ਇਸ ਖਿੱਤੇ ਦੇ ਕੁਦਰਤੀ ਸੁਹੱਪਣ ਅਤੇ ਵਾਤਾਵਰਣ ਨੂੰ ਲਾਸਾਨੀ ਵਿਲੱਖਣਤਾ ਬਖਸ਼ੀ ਹੈ ।

ਪੁਆਧ ਖੇਤਰ ਵਿਚ ਨਦੀਆਂ ਦੀ ਰਫ਼ਤਾਰ ਵਿਚ ਅਥਾਹ ਤੇਜ਼ੀ ਹੈ । ਕੰਢਿਆਂ ਨੂੰ ਤੋੜਨਾ, ਫ਼ਸਲਾਂ ਨੂੰ ਰੋੜ੍ਹਨਾ ਅਤੇ ਹੜ੍ਹਾਂ ਦੇ ਰੂਪ ਦੀ ਭਿਆਨਕਤਾ ਵਿਖਾਉਣੀ ਇਨ੍ਹਾਂ ਨਦੀਆਂ ਦਾ ਸੁਭਾਅ ਹੈ । ਇੰਜ ਕਈ ਬਾਰ ਇਹ ਨਦੀਆਂ, ਬਰਸਾਤੀ ਨਾਲੇ ਅਤੇ ਸਤਲੁਜ ਦਰਿਆ ਦੇ ਪਾਣੀ ਕੰਢਿਆਂ ਤੋਂ ਉਪਰ ਉੱਛਲ ਕੇ ਆਪਣਾ ਕ੍ਰੋਪੀ ਭਰਪੂਰ ਚਿਹਰਾ ਵੀ ਪ੍ਰਗਟ ਕਰਦੇ ਹਨ ਜਿਸ ਕਾਰਨ ਪੁਆਧ ਖੇਤਰ ਤਬਾਹੀ ਦਾ ਸ਼ਿਕਾਰ ਵੀ ਬਣਦਾ ਰਿਹਾ ਹੈ ਅਤੇ ਬਣਦਾ ਰਹਿੰਦਾ ਹੈ । ਪਰ ਸਤਲੁਜ ਦਰਿਆ ਦੇ ਪਾਣੀਆਂ ਨੂੰ ਭਿੰਨ-ਭਿੰਨ ਥਾਂਵਾਂ ਵਿਖੇ ਡੈਮ ਜਿਵੇਂ ਕਿ ਨੰਗਲ ਡੈਮ, ਗੰਗੂਵਾਲ ਹੈੱਡ ਵਰਕਸ, ਕੋਟਲਾ ਹੈੱਡ ਵਰਕਸ, ਨੱਕੀਆਂ ਹੈਡ ਵਰਕਸ, ਮਿਰਜ਼ਾਪੁਰ ਡੈਮ, ਸਿਸਵਾਂ ਡੈਮ ਅਤੇ ਰੋਪੜ ਹੈੱਡ ਵਰਕਸ ਆਦਿ ਬਣਾ ਕੇ ਅਜਿਹੀ ਕੁਦਰਤੀ ਕ੍ਰੋਪੀ ਨੂੰ ਕਾਫ਼ੀ ਹੱਦ ਤੱਕ ਨੱਥ ਪਾ ਲਈ ਗਈ ਹੈ । ਜਦ ਕਿ ਜੈਂਤੀ ਡੈਮ ਦੇ ਨਿਰਮਾਣ ਦਾ ਕੰਮ ਜਾਰੀ ਹੈ ।

ਪੁਆਧ ਖੇਤਰ ਦੇ ਸਿਰਸਾ, ਮਨਸਾਲੀ ਅਤੇ ਸਤਲੁਜ ਦਰਿਆ ਦੁਆਰਾ ਘਿਰੀ ਜ਼ਮੀਨ ਉੱਤੇ ਅਤੇ ਨੰਗਲ ਹਾਈਡਲ ਚੈਨਲ, ਜਿਥੇ ਸਿਰਸਾ ਐਕੁਆਡੱਕਟ ਨੂੰ ਪਾਰ ਕਰਦੀ ਹੈ, ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਂਟ ਸਥਾਪਿਤ ਕੀਤਾ ਗਿਆ ਹੈ । 1260 ਮੈਗਾਵਾਟ ਬਿਜਲੀ ਸ਼ਕਤੀ ਪੈਦਾ ਕਰਨ ਵਾਲਾ ਇਹ ਥਰਮਲ ਪਲਾਂਟ ਸੰਨ 1980 ਵਿਚ ਬਣਨਾ ਸ਼ੁਰੂ ਹੋਇਆ ਸੀ ਅਤੇ ਮਾਰਚ 1993 ਤਕ ਇਸ ਦੇ ਸਾਰੇ (ਕੁੱਲ 6) ਯੂਨਿਟ ਬਣ ਕੇ ਤਿਆਰ ਹੋ ਗਏ । ਇਸ ਥਰਮਲ ਪਲਾਂਟ ਤੋਂ ਪੈਦਾ

ਕੀਤੀ ਜਾ ਰਹੀ ਬਿਜਲੀ ਰੋਪੜ, ਮੁਹਾਲੀ, ਲੁਧਿਆਣਾ, ਗੋਬਿੰਦਗੜ੍ਹ ਅਤੇ ਜਲੰਧਰ ਆਦਿ ਸ਼ਹਿਰਾਂ ਨੂੰ ਸਪਲਾਈ ਕੀਤੀ ਜਾਂਦੀ ਹੈ । ਜੋ ਸਾਡੇ ਰਾਜ ਅਤੇ ਦੇਸ਼ ਦੇ ਉਦਯੋਗਿਕ ਕਾਰਜਾਂ ਵਿਚ ਯੋਗਦਾਨ ਪਾਉਣ ਵਾਲੇ ਅਹਿਮ ਸ਼ਹਿਰ ਹਨ । ਨੰਗਲ ਹਾਈਡਲ ਚੈਨਲ ਦਾ ਪਾਣੀ ਹੀ ਇਸ ਥਰਮਲ ਪਲਾਂਟ ਵਿਖੇ ਠੰਢਾ ਕਰਨ ਪ੍ਰਣਾਲੀ ਵਿਚ ਵਰਤਿਆ ਜਾਂਦਾ ਹੈ । ਇੰਝ ਪੁਆਧ ਖੇਤਰ ਦੇ ਜਲ ਸਰੋਤ ਦੇਸ਼ ਲਈ ਬਿਜਲੀ ਸ਼ਕਤੀ ਉਤਪਾਦਨ ਵਿਚ ਅਹਿਮ ਯੋਗਦਾਨ ਪਾ ਰਹੇ ਹਨ ।

ਪੁਆਧ ਖੇਤਰ ਦੀ ਜੈਵਿਕ ਵੰਨ-ਸੁਵੰਨਤਾ ਨੂੰ ਬਚਾਈ ਰੱਖਣ ਵਿਚ ਸ਼ਿਵਾਲਿਕ ਪਹਾੜੀਆਂ ਦਾ ਵਿਸ਼ੇਸ਼ ਯੋਗਦਾਨ ਹੈ । ਇਨ੍ਹਾਂ ਪਹਾੜਾਂ ਵਿਖੇ ਮੌਜੂਦ ਬਨਸਪਤੀ, ਜੜ੍ਹੀ ਬੂਟੀਆਂ,ਪੌਦੇ, ਰੁੱਖ, ਜੰਗਲੀ ਪਸ਼ੂ ਤੇ ਪੰਛੀ, ਦੇਸ਼ ਦੇ ਇਸ ਖਿੱਤੇ ਨੂੰ ਅਜਬ ਵਿਸ਼ੇਸ਼ਤਾ ਬਖਸ਼ਦੇ ਹਨ । ਇਸ ਖਿੱਤੇ ਦੀਆਂ ਜਲਗਾਹਾਂ ਵੀ ਇਸ ਵੰਨ-ਸੁਵੰਨਤਾ ਨੂੰ ਬਣਾਈ ਰੱਖਣ ਵਿਚ ਅਹਿਮ ਯੋਗਦਾਨ ਪਾ ਰਹੀਆਂ ਹਨ । ਪੁਆਧ ਖੇਤਰ ਵਿਚ ਮਨੁੱਖ ਦੁਆਰਾ ਨਿਰਮਾਣਿਤ ਦੋ ਪ੍ਰਮੁੱਖ ਜਲਗਾਹਾਂ ਮੌਜੂਦ ਹਨ । ਇਹ ਜਲਗਾਹਾਂ ਹਨ-ਰੋਪੜ ਜਲਗਾਹ ਅਤੇ ਨੰਗਲ ਝੀਲ ।

ਸਤਲੁਜ ਦਰਿਆ ਉੱਤੇ ਰੋਪੜ ਵਿਖੇ ਬਣਾਏ ਗਏ ਬੰਨ੍ਹ ਕਾਰਨ ਰੋਪੜ ਜਲਗਾਹ ਦਾ ਜਨਮ ਹੋਇਆ । ਇਸ ਜਲਗਾਹ ਦਾ ਕੁੱਲ ਖੇਤਰਫਲ 13.65 ਵਰਗ ਕਿਲੋਮੀਟਰ ਹੈ । ਇਹ ਜਲਗਾਹ ਸੰਨ 1952 ਵਿਚ ਹੋਂਦ ਵਿਚ ਆਈ । ਸੰਨ 1991 ਤੋਂ ਹੀ ਇਸ ਜਲਗਾਹ ਨੂੰ ਰਾਸ਼ਟਰੀ ਮਾਨਤਾ ਪ੍ਰਾਪਤ ਹੈ । ਜਨਵਰੀ 2002 ਤੋਂ ਇਸ ਜਲਗਾਹ ਨੂੰ ਅੰਤਰ-ਰਾਸ਼ਟਰੀ ਮਾਨਤਾ ਪ੍ਰਾਪਤ ਰਾਮਸਰ ਸੂਚੀ ਵਿਚ ਸ਼ਾਮਿਲ ਕਰ ਲਿਆ ਗਿਆ ਹੈ । ਇਸ ਜਲਗਾਹ ਵਿਖੇ 9 ਕਿਸਮਾਂ ਦੇ ਜਾਨਵਰ ਖਾਸਕਰ ਜੰਗਲੀ ਸੂਰ, ਜੰਗਲੀ ਬਿੱਲੀ, ਨੇਵਲਾ ਤੇ ਫਰੂਟਬੇਟ ਆਦਿ ਦੇਖੇ ਜਾ ਸਕਦੇ ਹਨ । ਇਸ ਜਲਗਾਹ ਨੇੜਲੇ ਜੰਗਲੀ ਖੇਤਰ ਵਿਖੇ 154 ਕਿਸਮਾਂ ਦੇ ਪੰਛੀ ਬਸੇਰਾ ਕਰਦੇ ਹਨ । ਇਨ੍ਹਾਂ ਪੰਛੀਆਂ ਵਿਚੋਂ ਪਿੰਨਟੇਲ, ਸਪੋਟਬਿੱਲ ਡੱਕ, ਕੂਟ, ਪੀਫੋਅਲ ਗਰੀਨ ਬੀਈਟਰ, ਟੇਲਰ ਬਰਡ, ਵੀਵਰ ਬਰਡ (ਬਿਜੜਾ) ਆਦਿ ਪ੍ਰਮੁੱਖ ਹਨ । ਜਲਗਾਹ ਦੇ ਪਾਣੀਆਂ ਵਿਚ 35 ਕਿਸਮਾਂ ਦੀਆਂ ਮੱਛੀਆਂ, 39 ਕਿਸਮਾਂ ਦੇ ਜਲਕੀਟ, 10 ਕਿਸਮਾਂ ਦੇ ਰੁੱਖ ਤੇ 13 ਕਿਸਮਾਂ ਦੀਆਂ ਝਾੜੀਆਂ ਤੇ ਘਾਹ ਦੀਆਂ ਵੰਨਗੀਆਂ ਮੌਜੂਦ ਹਨ । ਜਲਗਾਹ ਵਿਖੇ ਅਨੇਕ ਰੀਂਗਣ ਵਾਲੇ ਜੀਵ ਖਾਸ ਕਰ ਸੱਪ, ਡੱਡੂ ਅਤੇ ਕਛੂੱਕੁੰਮੇ ਵੀ ਦੇਖੇ ਜਾ ਸਕਦੇ ਹਨ ।

ਪੁਆਧ ਖੇਤਰ ਦੀ ਦੂਸਰੀ ਵੱਡੀ ਜਲਗਾਹ ਹੈ - ਨੰਗਲ ਝੀਲ । ਨੰਗਲ ਵਿਖੇ ਨੰਗਲ ਡੈਮ ਦੇ ਪਿਛਲੇ ਪਾਸੇ ਜਿਥੇ ਸਤਲੁਜ ਦਰਿਆ ਇਕ ਵੱਡੀ ਝੀਲ ਦਾ ਰੂਪ ਧਾਰਨ ਕਰ ਲੈਂਦਾ ਹੈ, ਜਿਸ ਦਾ ਖੇਤਰਫ਼ਲ ਚਾਰ ਵਰਗ ਕਿਲੋਮੀਟਰ ਹੈ । ਨੰਗਲ ਝੀਲ, ਜੋ ਰਾਜ ਪੱਧਰ ਦੀ ਮਹੱਤਤਾ ਪ੍ਰਾਪਤ ਜਲਗਾਹ ਹੈ, ਨੂੰ ਰਾਸ਼ਟਰੀ ਝੀਲ ਸਰੰਖਿਅਣ ਯੋਜਨਾ ਵਿਚ ਸ਼ਾਮਿਲ ਕੀਤੇ ਜਾਣ ਲਈ ਕੇਸ ਵਾਤਾਵਰਨ ਅਤੇ ਜੰਗਲਾਤ

ਮੰਤਰਾਲਾ ਕੋਲ ਭੇਜਿਆ ਜਾ ਚੁੱਕਾ ਹੈ । ਇੰਝ ਆਸ ਹੈ ਕਿ ਨੰਗਲ ਝੀਲ ਰੂਪੀ ਜਲਗਾਹ ਜਲਦੀ ਹੀ ਰਾਸ਼ਟਰੀ ਮਾਨਤਾ ਪ੍ਰਾਪਤ ਕਰ ਲਵੇਗੀ । ਰੋਪੜ ਜਲਵਾਹ ਵਾਂਗ ਹੀ ਨੰਗਲ ਜਲਗਾਹ ਵਿਖੇ ਵੀ ਅਨੇਕਾਂ ਕਿਸਮਾਂ ਦੇ ਜੀਵ-ਜੰਤੂ, ਕੀਟ, ਪੰਛੀ, ਜਲ-ਜੀਵ, ਮੱਛੀਆਂ, ਜਾਨਵਰ, ਪੌਦੇ, ਝਾੜੀਆਂ ਅਤੇ ਰੁੱਖ ਮੌਜੂਦ ਹਨ । ਪੁਆਧ ਖੇਤਰ ਦੀਆਂ ਇਨ੍ਹਾਂ ਦੋਹਾਂ ਪ੍ਰਮੁੱਖ ਜਲਗਾਹਾਂ ਵਿਖੇ ਸਰਦ ਰੁੱਤ ਦੌਰਾਨ ਹਰ ਸਾਲ ਹੀ ਹਜ਼ਾਰਾਂ ਦੀ ਤਦਾਦ ਵਿਚ ਪਰਵਾਸੀ ਪੰਛੀ ਆਉਂਦੇ ਹਨ । ਇਨ੍ਹਾਂ ਜਲਗਾਹਾਂ ਵਿਖੇ ਦੇਖੇ ਗਏ ਪਰਵਾਸੀ ਪੰਛੀਆਂ ਵਿਚੋਂ ਸੀਂਖਪਰ, ਭੂਰਾ ਮੱਘ, ਚਿੱਤਰਾ, ਲੰਮਡੀਂਗ ਤੇ ਚੇਤਲਚਹਾ ਆਦਿ ਪ੍ਰਮੁੱਖ ਹਨ । ਸਤਲੁਜ ਦੇ ਨੀਲੀ ਭਾਅ ਮਾਰਦੇ ਪਾਣੀਆਂ ਵਿਚ ਤਾਰੀਆਂ ਲਾਉਂਦੇ ਇਹ ਖ਼ੂਬਸੂਰਤ ਪੰਛੀ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਕਥਨ :

"ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥"

ਨੂੰ ਸਾਕਾਰ ਕਰਦੇ ਹੋਏ ਕਾਦਰ ਦੀ ਸਿਰਜਣਾ ਦਾ ਅਜਬ ਨਜ਼ਾਰਾ ਪੇਸ਼ ਕਰਦੇ ਹਨ ।

ਖਰੜ ਸ਼ਹਿਰ ਵਿਖੇ ਮੌਜੂਦ 'ਮਹਾਰਾਜਾ ਅੱਜ ਸਰੋਵਰ' ਇਕ ਬਹੁਤ ਵੱਡਾ ਤਾਲਾਬ ਹੈ ਜੋ ਸ੍ਰੀ ਰਾਮ ਚੰਦਰ ਜੀ ਦੇ ਦਾਦਾ ਮਹਾਰਾਜਾ ਅੱਜ ਨੇ ਬਣਵਾਇਆ ਸੀ । ਪੁਆਧ ਖੇਤਰ ਦੀ ਇਹ ਇਕ ਖਾਸ ਮਨੁੱਖ ਨਿਰਮਾਣਿਤ ਜਲਗਾਹ ਹੈ ਜਿਸ ਦੇ ਵਿਕਾਸ ਲਈ 76 ਲੱਖ ਰੁਪਏ ਦੀ ਲਾਗਤ ਵਾਲਾ ਪ੍ਰਜੈਕਟ ਕਾਰਜਸ਼ੀਲ ਹੈ । ਇਹ ਸਰੋਵਰ ਅਨੇਕ ਕਿਸਮਾਂ ਦੀਆਂ ਮੱਛੀਆਂ ਦੀ ਰਿਹਾਇਸ਼ਗਾਹ ਬਣ ਸਕਦਾ ਹੈ ।

ਚੰਡੀਗੜ੍ਹ ਵਰਗਾ ਨਵੀਨ ਸ਼ਹਿਰ ਵੀ ਪੁਆਧ ਦੀ ਧਰਤੀ ਦੇ ਹੀ ਹਿੱਸੇ ਆਇਆ ਹੈ । ਚੰਡੀਗੜ੍ਹ ਦੀ ਸੁੱਖਣਾ ਝੀਲ, ਇਸ ਖਿੱਤੇ ਦੀ ਇਕ ਹੋਰ ਮਨੁੱਖ ਨਿਰਮਾਣਿਤ ਅਹਿਮ ਜਲਗਾਹ ਹੈ ਜੋ ਸਰਦ ਰੁੱਤੇ ਅਨੇਕ ਵੰਨਗੀਆਂ ਦੇ ਪਰਵਾਸੀ ਪੰਛੀਆਂ ਨੂੰ ਬਸੇਰਾ ਪ੍ਰਦਾਨ ਕਰਦੀ ਹੈ । ਇਸ ਜਲਗਾਹ ਦੇ ਪਾਣੀਆਂ ਵਿਚ ਮੱਛੀਆਂ ਦੀਆਂ ਵਿਭਿੰਨ ਕਿਸਮਾਂ ਮੌਜੂਦ ਹਨ ਅਤੇ ਇਸ ਝੀਲ ਦੇ ਪਰਲੇ ਪਾਰ ਮੌਜੂਦ ਪਹਾੜੀ ਖੇਤਰ ਦਾ ਜੰਗਲ ਅਨੇਕ ਕਿਸਮਾਂ ਦੇ ਥਲਚਰਾਂ, ਜੀਵਾਂ, ਕੀਟਾਂ, ਪੰਛੀਆਂ ਅਤੇ ਜਾਨਵਰਾਂ ਲਈ ਇਕ ਸੁਰੱਖਿਅਤ ਪਨਾਹਗਾਰ ਦਾ ਰੋਲ ਅਦਾ ਕਰ ਰਿਹਾ ਹੈ ।

ਪੁਆਧ ਖੇਤਰ ਦਾ ਦੂਸਰਾ ਪ੍ਰਮੁੱਖ ਦਰਿਆ ਹੈ ਘੱਗਰ । ਜੋ ਇਕ ਬਰਸਾਤੀ ਦਰਿਆ ਹੈ । ਇਹ ਦਰਿਆ ਹਿਮਾਚਲ ਪ੍ਰਦੇਸ਼ ਦੀਆਂ ਸਿਰਮੌਰ ਪਹਾੜੀਆਂ ਦੀ ਕੁੱਖੋਂ ਜਨਮ ਲੈ ਕੇ ਹਰਿਆਣੇ ਵਿਚ ਮੋਰਨੀ ਪਹਾੜੀਆਂ ਵਿਚੋਂ ਹੁੰਦਾ ਹੋਇਆ, ਮੁਬਾਰਕਪੁਰ (ਨੇੜੇ ਡੇਰਾ ਬੱਸੀ) ਲਾਗੇ ਪੰਜਾਬ ਵਿਚ ਦਾਖਿਲ ਹੁੰਦਾ ਹੈ । ਡੇਰਾ ਬੱਸੀ, ਮੁਬਾਰਕਪੁਰ ਅਤੇ ਲਾਲੜੂ ਦੇ ਇਲਾਕੇ ਵਿਚੋਂ ਲੰਘਦੀ ਝਰਮਲ ਡਰੇਨ ਵੀ ਘੱਗਰ ਦਰਿਆ ਵਿਚ ਹੀ ਆ ਮਿਲਦੀ ਹੈ । ਢਕਾਨਸੂ ਨਾਲਾ, ਦੇਵੀਗੜ੍ਹ ਲਾਗੇ ਇਸ ਦਰਿਆ ਵਿਚ ਆ ਡਿੱਗਦਾ ਹੈ । ਰਤਨਹੇੜੀ ਦੇ ਸਥਾਨ ਵਿਖੇ ਪਟਿਆਲਾ ਨਦੀ ਵੀ ਘੱਗਰ ਦਰਿਆ

ਵਿਚ ਹੀ ਆ ਮਿਲਦੀ ਹੈ । ਇੰਝ ਪੁਆਧ ਖੇਤਰ ਦੀਆਂ ਇਹ ਬਰਸਾਤੀ ਨਦੀਆਂ ਅਤੇ ਨਾਲੇ ਆਪੋ ਆਪਣੇ ਖੇਤਰਾਂ ਤੋਂ ਲਿਆਂਦੇ ਵਿਭਿੰਨ ਪਦਾਰਥ ਖਾਸਕਰ ਮਿੱਟੀ, ਪੱਥਰ ਅਤੇ ਕੂੜਾ ਕਚਰਾ ਆਦਿ ਘੱਗਰ ਦਰਿਆ ਦੇ ਪਾਣੀ ਵਿਚ ਲਿਆ ਸੁੱਟਦੇ ਹਨ । ਭਾਰਤ ਦੇ ਤਿੰਨ ਸੂਬਿਆਂ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿਚੋਂ ਲੰਘਦਾ ਘੱਗਰ ਦਰਿਆ ਪੁਆਧ ਦੀ ਧਰਤੀ ਦੀ ਕੁਦਰਤੀ ਖ਼ੂਬਸੂਰਤੀ ਅਤੇ ਜੈਵਿਕ ਵਿਭਿੰਨਤਾ ਨੂੰ ਬਣਾਏ ਰੱਖਣ ਵਿਚ ਅਹਿਮ ਯੋਗਦਾਨ ਪਾਉਂਦਾ ਹੈ ।

ਪੁਆਧ ਖਿੱਤੇ ਦੇ ਜੰਗਲ ਬੇਲੇ, ਪਾਣੀ ਦੇ ਸੋਮੇ ਅਤੇ ਜਲਗਾਹਾਂ ਇਸ ਖੇਤਰ ਦੀ ਵਾਤਾਵਰਣੀ ਪ੍ਰਣਾਲੀ ਦਾ ਬਹੁਤ ਹੀ ਮਹੱਤਵਪੂਰਨ ਅੰਗ ਹਨ । ਇਸ ਖੇਤਰ ਦੀ ਵੱਡਮੁੱਲੀ ਜੀਵ ਵਿਭਿੰਨਤਾ ਇਸੇ ਵਾਤਾਵਰਣੀ ਪ੍ਰਣਾਲੀ ਕਾਰਨ ਹੀ ਹੋਂਦਮਈ ਹੈ । ਸ਼ਿਵਾਲਿਕ ਪਹਾੜੀਆਂ ਨਾਲ ਸੁਸਜਿਤ ਪੁਆਧ ਖੇਤਰ ਵਿਚ ਸੈਂਕੜੇ ਕਿਸਮਾਂ ਦੇ ਫੁੱਲਾਂ ਵਾਲੇ ਪੌਦੇ, ਅਨੇਕ ਵੰਨਗੀਆਂ ਦੇ ਦੁਧਾਧਾਰੀ ਜੀਵ, ਸੈਂਕੜੇ ਹੀ ਕਿਸਮਾਂ ਦੇ ਪੰਛੀ, ਮੱਛੀਆਂ ਅਤੇ ਰੀਂਗਣ ਵਾਲੇ ਜੀਵ ਇਸ ਦੀ ਕੁਦਰਤੀ ਪ੍ਰਣਾਲੀ ਦੇ ਆਸਰੇ ਹੀ ਜੀਵਨ ਜਿਊ ਰਹੇ ਹਨ । ਪੁਆਧ ਖੇਤਰ ਦੀਆਂ ਜਲਗਾਹਾਂ ਵਿਖੇ ਮੌਜੂਦ ਪਿੱਪਲ, ਬੋਹੜ, ਜਾਮਣ, ਅਰਿੰਡ, ਕਿੱਕਰ, ਕਨੇਰ, ਇਮਲੀ, ਸਫੈਦਾ, ਨਿੰਮ, ਟਾਹਲੀ, ਢੱਕ, ਤੁਣ, ਸਰਕੰਡਾ, ਸਿੰਬਲ, ਡੇਕ, ਅੰਬ, ਜੰਡ, ਅਮਲਤਾਸ, ਕਚਨਾਰ ਅਤੇ ਸਦਾਬਹਾਰ ਬੂਟੀ ਵਰਗੇ ਅਨੇਕ ਲਾਭਦਾਇਕ ਰੁੱਖ ਤੇ ਪੌਦੇ ਇਸ ਖਿੱਤੇ ਦੇ ਵਾਤਾਵਰਣ ਨੂੰ ਸਾਫ਼ ਰੱਖਣ ਵਿਚ ਆਪੋ ਆਪਣਾ ਅਹਿਮ ਰੋਲ ਅਦਾ ਕਰਦੇ ਰਹਿੰਦੇ ਹਨ ।

ਬੇਸ਼ਕ ਇਹ ਵੀ ਸੱਚ ਹੈ ਕਿ ਮੌਜੂਦਾ ਮਨੁੱਖੀ ਉੱਨਤੀ ਦੇ ਦੌਰ ਵਿਚ ਤੇਜ਼ੀ ਨਾਲ ਕੀਤੇ ਜਾ ਰਹੇ ਸ਼ਹਿਰੀਕਰਨ ਤੇ ਉਦਯੋਗੀਕਰਨ, ਮਨੁੱਖੀ ਆਬਾਦੀ ਵਿਚ ਹੋਏ ਤੀਬਰ ਵਾਧੇ ਅਤੇ ਸੰਬੰਧਤ ਵਿਕਾਰ ਕਾਰਜਾਂ ਨੇ ਪੁਆਧ ਖਿੱਤੇ ਦੀ ਕੁਦਰਤੀ ਸੁੱਚਤਾ ਨੂੰ ਢਾਹ ਲਾਈ ਹੈ । ਅੱਜ ਇਸ ਧਰਤੀ ਦੇ ਜਲ ਸਰੋਤ ਤੇ ਜਲਗਾਹਾਂ ਵੀ ਮਨੁੱਖ ਦੇ ਲਾਲਚੀ ਸੁਭਾਅ ਦਾ ਸ਼ਿਕਾਰ ਬਣ ਆਪਣੀ ਕੁਦਰਤੀ ਤਾਸੀਰ ਗੁਆ ਲੈਣ ਵੱਲ ਧੱਕੀਆ ਜਾ ਰਹੀਆਂ ਹਨ । ਇਸ ਖਿੱਤੇ ਦੇ ਕੁਦਰਤੀ ਸੰਤੁਲਨ ਨੂੰ ਬਣਾਈ ਰੱਖਣ ਵਿਚ ਸਾਨੂੰ ਇਨ੍ਹਾਂ ਕੁਦਰਤੀ ਧਰੋਹਰਾਂ ਦੀ ਸਹੀ ਸਾਂਭ-ਸੰਭਾਲ ਵੱਲ ਵਧੇਰੇ ਧਿਆਨ ਦੇਣਾ ਅਤਿ ਜ਼ਰੂਰੀ ਹੈ । ਬਾਬਾ ਫਰੀਦ ਜੀ ਦਾ ਸਲੋਕ ਹੈ :

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥
ਬੇੜੇ ਨੂੰ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥

ਭਾਵ ਕਿਨਾਰੇ ਉੱਗੇ ਰੁੱਖਾਂ ਨੂੰ ਢਾਹੁਣ ਲਈ ਬੇਅੰਤ ਲੰਮੀ ਨਦੀ ਵਗ ਰਹੀ ਹੈ, ਪਰ ਇਸ ਨਦੀ ਦਾ ਘੁੰਮਣਘੇਰ ਬੇੜੇ ਦਾ ਕੋਈ ਨੁਕਸਾਨ ਨਹੀਂ ਕਰ ਸਕਦਾ, ਜੇ ਮਲਾਹ ਸੁਚੇਤ ਹੈ ਤਾਂ ।

ਠੀਕ ਇੰਝ ਹੀ ਪੁਆਧ ਖੇਤਰ ਵਿਖੇ ਵਾਤਾਵਰਣ ਸੰਬੰਧਤ ਵੱਧ ਰਹੇ ਮਾੜੇ ਪ੍ਰਭਾਵ, ਇਸ ਖਿੱਤੇ ਦੀ ਪਾਕੀਜ਼ਗੀ ਦਾ ਵਾਲ ਵਿੰਗਾ ਵੀ ਨਹੀਂ ਕਰ ਸਕਦੇ ਜੇ ਇਸ

ਖਿੱਤੇ ਦੇ ਵਾਸੀ ਸੁਚੇਤ ਰੂਪ ਵਿਚ ਵਾਤਾਵਰਣੀ ਹਾਲਤਾਂ ਦਾ ਸਹੀ ਕੁਦਰਤੀ ਸੰਤੁਲਨ ਬਣਾਈ ਰੱਖਣ ਵਿਚ ਆਪਣਾ ਉੱਚਿਤ ਰੋਲ ਅਦਾ ਕਰਦੇ ਰਹਿਣ । ਅਜੋਕੇ ਸਮੇਂ ਦੌਰਾਨ ਇਸ ਖਿੱਤੇ ਦੇ ਲੋਕਾਂ ਵਿਚ ਵਾਤਾਵਰਣੀ ਸਾਂਭ ਸੰਭਾਲ ਬਾਰੇ ਜਾਗ੍ਰਿਤੀ ਅਤੇ ਸਬੰਧਿਤ ਅਮਲੀ ਕਾਰਜਾਂ ਦਾ ਰੁਝਾਣ ਇਕ ਖੁਸ਼ਹਾਲ ਭਵਿੱਖ ਦਾ ਸਹੀ ਆਧਾਰ ਹੋਣ ਦੀ ਸਮਰਥਾ ਰੱਖਦਾ ਹੈ । ਪੁਆਧ ਨੂੰ ਸਰਸਬਜ਼ ਰੱਖਣ ਨਾਲ, ਬਾਕੀ ਖੇਤਰਾਂ ਦੀ ਖ਼ੁਸ਼ਹਾਲੀ ਵਿੱਚ ਵੀ ਵਾਧਾ ਹੋਵੇਗਾ ।

# ਪੁਆਧ ਦਾ ਬਨਸਪਤੀ ਜਗਤ

(ਖੇਤਰ ਸ਼ਿਵਾਲਿਕ ਦੀਆਂ ਪਹਾੜੀਆਂ)

*ਡਾ. ਗੁਲਜੀਤ ਸਿੰਘ ਚੱਠਾ*

ਬਨਸਪਤੀ ਪਿੰਡਾਂ, ਕਸਬਿਆ, ਸ਼ਹਿਰਾਂ ਅਤੇ ਪਹਾੜਾਂ ਨੂੰ ਖ਼ੂਬਸੂਰਤ ਬਣਾਉਣ ਅਤੇ ਲਾਭਦਾਇਕ ਉਤਪਾਦ ਮੁਹੱਈਆ ਕਰਵਾਉਣ ਲਈ ਸਹਾਈ ਹੈ । ਇਸ ਤੋਂ ਇਲਾਵਾ ਆਕਸੀਜਨ ਪੈਦਾ ਕਰਨਾ, ਜ਼ਮੀਨ ਨੂੰ ਹਵਾਦਾਰ ਬਣਾਉਣਾ, ਮਿੱਟੀ ਦਾ ਖੁਰਨਾ ਰੋਕਣਾ, ਪਾਣੀ ਨੂੰ ਸੋਕਣ, ਕੀੜਿਆਂ, ਮਕੌੜਿਆਂ, ਪੰਛੀਆਂ ਅਤੇ ਜਾਨਵਰਾਂ ਦੀ ਰਹਾਇਸ਼ਗਾਹ ਲਈ ਮਦਦਗਾਰ ਹੈ । ਇਹ ਸ਼ੋਰ ਅਤੇ ਧੂੜ ਨੂੰ ਛਾਨਣ ਦਾ ਕੰਮ ਕਰਕੇ ਵਾਤਾਵਰਨ ਨੂੰ ਮਨਭਾਉਂਦਾ ਬਣਾਉਂਦੀ ਹੈ ।

ਪੁਆਧ ਇਲਾਕਾ ਹਿਮਾਲਿਆ ਪਰਬਤ ਦੀਆਂ ਹੇਠਲੀਆਂ ਸ਼ਾਖਾਵਾਂ ਵਿੱਚ ਪੈਂਦੀਆਂ ਸ਼ਿਵਾਲਿਕ ਦੀਆਂ ਉਚੀਆਂ ਨੀਵੀਆਂ ਪਹਾੜੀਆਂ ਦੇ ਪੈਰਾਂ ਵਿੱਚ ਸਥਿੱਤ ਰਕਬੇ ਵਿੱਚ ਲੰਬੀ ਦੂਰੀ ਤਕ ਵਸਿਆ ਹੈ । ਉੱਤਰ ਵਲ ਦੇ ਪਾਸੇ ਊਨਾ, ਜਿਲ੍ਹਾ ਬਿਲਾਸਪੁਰ, ਹਿਮਾਚਲ ਪ੍ਰਦੇਸ਼, ਪੂਰਬ ਵੱਲ ਦੇ ਪਾਸੇ ਜ਼ਿਲ੍ਹਾ ਅੰਬਾਲਾ, ਹਰਿਆਣਾ ਪੱਛਮ ਵੱਲ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਦੱਖਣ ਵੱਲ ਜ਼ਿਲ੍ਹਾ ਰੂਪਨਗਰ, ਪੰਜਾਬ ਦੇ ਛੋਟੇ ਵੱਡੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਨਾਲ 2000 ਵਰਗ ਕਿਲੋਮੀਟਰ ਦੇ ਘੇਰੇ ਵਿੱਚ ਫੈਲਿਆ ਹੈ । ਖੇਤਾਂ ਦੇ ਨਾਲ ਹੀ ਘੱਟ ਉਚਾਈ ਵਾਲੇ ਉਸਰੇ ਪਹਾੜ (300 ਤੋਂ 400 ਮੀਟਰ ਤੱਕ) ਗਰਮੀ ਅਤੇ ਸਰਦੀ ਰੁਤੇ ਸੁੱਕੇ ਘਾਹ ਤੇ ਘੱਟ ਬਨਸਪਤੀ ਕਾਰਨ ਖਾਲੀ ਨਜ਼ਰ ਆਉਂਦੇ ਹਨ ਪਰੰਤੂ ਮੀਂਹ ਰੁਤੇ ਬਨਸਪਤੀ ਅਤੇ ਘਾਹ ਫੂਸ ਬੜੀ ਤੇਜ਼ੀ ਨਾਲ ਉਗ ਕੇ ਪਹਾੜੀਆਂ ਦੀਆਂ ਚੋਟੀਆਂ ਨੂੰ ਹਰਾ ਭਰਾ ਕਰਨ ਨਾਲ ਹਰੇ ਗਲੀਚੇ ਵਾਂਗ ਨਜ਼ਰ ਆਉਂਦੀਆਂ ਹਨ । ਪਹਾੜੀਆਂ ਦੇ ਉਪਰ ਛੋਟੇ ਆਕਾਰ ਦੇ ਦਰਖ਼ਤ ਵਿਰਲੇ ਹਨ। ਪਹਾੜੀਆਂ ਕੱਚੀਆਂ ਅਤੇ ਥੋੜ੍ਹੀ ਜਿਹੀ ਬਨਸਪਤੀ ਕੱਟਣ ਨਾਲ ਖੁਰਨ ਲਗਦੀਆਂ ਹਨ। ਪਹਾੜਾਂ ਵਿਚੋਂ ਨਿਕਲਦੀਆਂ ਛੋਟੀਆਂ ਨਦੀਆਂ ਅਤੇ ਚੋਆਂ ਵਿੱਚ ਰੇਤਾਂ ਭਰਦੀ ਰਹਿੰਦੀ ਹੈ । ਇਮਾਰਤਾਂ ਬਣਾਉਣ ਲਈ ਇਹਨਾਂ ਚੋਆਂ ਵਿਚੋਂ ਰੇਤਾਂ, ਟਰਾਲੀਆਂ, ਟਰੱਕਾਂ ਅਤੇ ਗੱਡਿਆਂ ਰਾਹੀਂ ਢੋਆ ਢੁਆਈ ਕੀਤੀ ਜਾਂਦੀ ਹੈ । ਕਈ ਤਰ੍ਹਾਂ ਦੀਆਂ ਝਾੜੀਆਂ ਅਤੇ ਨਰਮ ਤਣੇ ਵਾਲੇ ਬੂਟਿਆਂ ਦੀ ਅਦਲ ਬਦਲ ਹੁੰਦੀ ਰਹਿੰਦੀ ਹੈ । ਕੁਦਰਤੀ ਤੌਰ ਤੇ ਬਨਸਪਤੀ ਦੀਆਂ ਕਿਸਮਾਂ ਵਿੱਚ ਵਾਧਾ ਘਾਟਾ ਹੋਣ ਦੇ ਬਾਵਜੂਦ ਕੁਲ ਪੈਦਾ ਜਗਤ ਉੱਤਨਾ ਹੀ ਰਹਿੰਦਾ ਹੈ । ਫਿਰ ਵੀ ਪੁਆਧ ਦੇ ਇਲਾਕੇ ਵਿੱਚ ਪੌਦਿਆਂ ਦੀ ਵਿਭਿੰਨਤਾ ਦੂਸਰੇ ਇਲਾਕਿਆਂ ਨਾਲੋਂ ਵੱਧ ਹੈ ।

ਇੱਥੇ ਦੀਆਂ ਨੀਵੀਆਂ ਪਹਾੜੀਆਂ ਅਤੇ ਨੇੜਲੇ ਖੇਤਰਾਂ ਵਿੱਚ ਜ਼ਿਆਦਾਤਰ ਰੇਤਲੀ ਮਿੱਟੀ ਅਤੇ ਚੀਕਨੀ ਮਿੱਟੀ ਦਾ ਮਿਸ਼ਰਣ ਹੈ । ਮਿੱਟੀ ਦੀ ਬਣਤਰ ਵਿੱਚ ਛੋਟੇ ਕੰਕਰਾਂ ਤੋਂ ਇਲਾਵਾ ਛੋਟੇ ਤੋਂ ਵੱਡੇ ਸਾਈਜ਼ ਦੇ ਪੱਥਰਾਂ ਦੀ ਮਾਤਰਾ ਕਾਫ਼ੀ ਹੈ । ਮੁਢਲੀਆਂ ਪਹਾੜੀਆਂ ਦੇ ਨੇੜਲੇ ਥਾਵ੍ਹਾਂ ਦੀ ਮਿੱਟੀ ਨੂੰ ਤਿੰਨ ਭਾਗਾਂ ਵਿੱਚ ਕਣਾਂ ਦੇ ਆਧਾਰ ਤੇ ਵੰਡਿਆ ਜਾ ਸਕਦਾ ਹੈ ਜਿਵੇਂ : ਭੱਬਰ, ਭੰਗਰ ਅਤੇ ਖੰਦਾਰ । ਮੌਨਸੂਨ ਰੁਤੇ ਮੀਂਹ ਕਾਫ਼ੀ ਵਰਸਦੇ ਹਨ । ਨਦੀਆਂ ਅਤੇ ਨਾਲਿਆਂ ਵਿੱਚ ਪਾਣੀ ਬੜੀ ਤੇਜ਼ੀ ਨਾਲ ਵਹਿਣ ਲਗਦਾ ਹੈ । ਅਪ੍ਰੈਲ ਤੋਂ ਜੂਨ ਤੱਕ ਦੇ ਮਹੀਨੇ ਵਿੱਚ ਤਾਪਮਾਨ 40°-45°ਸੀ ਦੇ ਵਿਚਕਾਰ ਪਹੁੰਚ ਜਾਂਦਾ ਹੈ । ਇਸ ਇਲਾਕੇ ਵਿੱਚ ਤਾਪਮਾਨ ਦੂਸਰੇ ਥਾਂਵਾਂ ਨਾਲੋਂ 3-6°ਸੀ ਘੱਟ ਹੀ ਰਹਿੰਦਾ ਹੈ । ਨਰਮ ਅਤੇ ਨਾਜ਼ੁਕ ਤਣੇ ਵਾਲੇ ਬੂਟਿਆਂ ਤੋਂ ਲੈ ਕੇ ਮੋਟੇ ਤਣੇ ਦੇ ਦਰਖ਼ਤਾਂ ਦਾ ਭੰਡਾਰ ਪੁਆਧ ਵਿੱਚ ਹੈ ਜਿਹਨਾਂ ਨੂੰ ਜੀਵਨ ਕਾਲ ਦੇ ਆਧਾਰ ਤੇ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ।

**ਪਹਿਲੀ ਕਿਸਮ** ਦੇ ਪੌਦੇ ਆਪਣਾ ਜੀਵਨ-ਕਾਲ ਬੀਜ ਪੁੰਗਰਨ ਤੋਂ ਲੈ ਕੇ ਫਲ। ਬੀਜ ਬਣਾਉਣ ਤੱਕ ਇਕ ਰੁੱਤ ਵਿੱਚ ਪੂਰਾ ਕਰ ਲੈਂਦੇ ਹਨ । ਉਹਨਾਂ ਨੂੰ ਇਕ ਮੌਸਮੀ ਪੌਦੇ ਕਹਿੰਦੇ ਹਨ । ਜਿਵੇਂ ਕਿ ਮੱਕੀ, ਚਾਵਲ, ਕਣਕ, ਸਰਸੋਂ, ਛੋਲੇ, ਮੂੰਗੀ ਆਦਿ ।

**ਦੂਸਰੀ ਕਿਸਮ** ਦੇ ਪੌਦੇ ਆਪਣਾ ਜੀਵਨ ਕਾਲ ਵਿੱਚ ਪਹਿਲੇ ਮੌਸਮ ਵਿੱਚ ਤਣਾ ਅਤੇ ਪੱਤੇ ਬਣਾਉਂਦੇ ਹਨ ਅਤੇ ਦੂਸਰੇ ਮੌਸਮ ਵਿੱਚ ਉਹਨਾਂ ਤੇ ਫੁੱਲ ਅਤੇ ਫਲ ਲੱਗਦੇ ਹਨ । ਭਾਵ ਦੋ ਰੁੱਤਾਂ ਵਿੱਚ ਜੀਵਨ ਕਾਲ ਪੂਰਾ ਕਰਨ ਵਾਲੇ ਪੌਦਿਆਂ ਨੂੰ ਦੋ ਮੌਸਮੀ ਪੌਦੇ ਕਹਿੰਦੇ ਹਨ ਜਿਵੇਂ ਕਿ ਗਾਜਰ, ਸ਼ਲਗਮ, ਮੂਲੀ ਆਦਿ ।

**ਤੀਸਰੀ ਕਿਸਮ** ਦੇ ਪੌਦੇ ਆਪਣਾ ਜੀਵਨ ਕਾਲ ਹਰ ਸਾਲ ਚਲਾਉਂਦੇ ਹਨ। ਉਹ ਕਈ ਰੁੱਤਾਂ ਤਕ ਜੀਉਂਦੇ ਰਹਿੰਦੇ ਹਨ ਅਤੇ ਕਈ ਸਾਲਾਂ ਤੱਕ ਫਲ । ਬੀਜ ਪੈਦਾ ਕਰਨ ਵਾਲੇ ਪੌਦਿਆਂ ਨੂੰ ਬਹੁ-ਮੌਸਮੀ ਪੌਦੇ ਕਹਿੰਦੇ ਹਨ ਜਿਵੇਂ ਕਿ ਅੰਬ, ਅਮਰੂਦ, ਟਾਹਲੀ, ਕਿੱਕਰ, ਜਾਮਨ, ਹਰੜ, ਬਹੇੜਾ, ਆਮਲਾ ਆਦਿ ।

ਪੁਆਧ ਦੀਆਂ ਉਚੀਆਂ ਅਤੇ ਨੀਵੀਆਂ ਪਹਾੜੀਆਂ ਉਪਰ ਉੱਗੇ ਪੌਦਿਆਂ ਨੂੰ ਆਕਾਰ ਅਤੇ ਬਣਤਰ ਦੇ ਅਨੁਸਾਰ ਭਿੰਨ ਭਾਗਾਂ ਵਿੱਚ ਤਕਸੀਮ ਕੀਤਾ ਗਿਆ ਹੈ।

1. ਜਿਹਨਾਂ ਦਾ ਆਕਾਰ ਛੋਟਾ, ਤਣਾ ਨਰਮ ਅਤੇ ਨਾਜ਼ੁਕ ਹੁੰਦਾ ਹੈ ਜਿਵੇਂ ਕਿ ਸਰੋਸ਼, ਚਾਵਲ, ਕਣਕ, ਮੱਕੀ ਆਦਿ ।
2. ਜਿਹਨਾਂ ਦਾ ਆਕਾਰ ਝਾੜੀਆਂ ਵਾਂਗ, ਤਣਾ ਸਖ਼ਤ ਅਤੇ ਟਹਿਣੀਦਾਰ ਹੁੰਦੇ ਹਨ । ਟਾਹਣੀਆਂ ਮੁਢਲੇ ਤਣੇ ਦੇ ਹੇਠਲੇ ਭਾਗਾਂ ਤੋਂ ਨਿਕਲਦੀਆਂ ਹਨ ਅਤੇ ਕਈ ਸਾਲਾਂ ਤਕ ਜੀਵਤ ਰਹਿੰਦੇ ਹਨ । ਜਿਵੇਂ : ਨਿੰਬੂ, ਕੜੀ ਪੱਤਾ, ਵਸਾਕਾ, ਕਰੋਂਦੇ ਮਹਿੰਦੀ, ਰਾਤ ਦੀ ਰਾਣੀ, ਗੁਲਾਬ ਆਦਿ।
3. ਜਿਹਨਾਂ ਦਾ ਆਕਾਰ ਵੱਡਾ, ਦਰਖਤ ਲੰਬੇ, ਇਕੋ ਮੁੱਖ ਤਣਾ ਸਖਤ

ਅਤੇ ਮੋਟਾ ਜਿਸ ਦੇ ਉਪਰ ਪਤਲੀਆ ਅਤੇ ਮੋਟੀਆਂ ਟਾਹਣੀਆਂ ਤਾਜ ਬਣਾਉਂਦੀਆਂ ਹਨ ।

ਸਦਾਬਹਾਰ ਰੁੱਖਾਂ ਦੀਆਂ ਟਾਹਣੀਆਂ ਪੱਤਿਆਂ ਨਾਲ ਭਰੀਆਂ ਰਹਿੰਦੀਆਂ ਹਨ । ਪਤਝੜ ਰੁਤੇ ਟਾਹਣੀਆਂ ਪੱਤਿਆਂ ਤੋਂ ਬਗੈਰ ਨਜ਼ਰ ਆਉਂਦੀਆਂ ਹਨ ਜਿਵੇਂ ਢੱਕ, ਕੇਸੀਆ, ਪਾਪੂਲਰ, ਤੂਤ ਆਦਿ । ਕਈ ਸਾਲਾਂ ਤਕ ਜੀਉਂਦੇ ਰਹਿਣ ਵਿੱਚ ਅੰਬ, ਜਾਮਣ, ਟਾਹਲੀ, ਕਿੱਕਰ, ਸਫੈਦਾ, ਸਰੀਂਹ, ਪਿਪਲ, ਬੋਹੜ ਆਦਿ ਆਮ ਹਨ। ਰੁੱਤਾਂ ਦੇ ਆਧਾਰ ਤੇ ਬੂਟਿਆਂ ਦੀਆਂ ਕਿਸਮਾਂ ਹੇਠਾਂ ਦਰਸਾਈਆਂ ਹਨ ।

1. **ਮੀਂਹ ਰੁੱਤੇ :** ਜੂਨ ਦੇ ਅਖੀਰਲੇ ਹਫ਼ਤੇ ਜਾਂ ਜੁਲਾਈ ਦੇ ਸ਼ੁਰੂ ਵਿੱਚ ਮੀਂਹ ਦੀਆਂ ਪਹਿਲੀਆਂ ਬੁਛਾੜਾਂ ਨਾਲ ਹੀ ਖਾਲੀ ਪਹਾੜੀਆਂ ਅਤੇ ਨੇੜਲੇ ਥਾਂਵਾਂ ਵਿੱਚ ਛੋਟੇ ਆਕਾਰ ਦੀ ਬਨਸਪਤੀ ਪੁੰਗਰਨ ਨਾਲ ਅਚਾਨਕ ਹਰੀ ਪੱਟੀ ਵਿੱਚ ਜਗਾਂਹ ਤਬਦੀਲ ਹੋ ਜਾਂਦੀਆਂ ਹਨ । ਪਹਾੜੀਆਂ ਦੇ ਨਾਲ ਲਗਦੇ ਖੇਤਾਂ ਵਿੱਚ ਬੀਜੀ ਮੱਕੀ ਅਤੇ ਚਾਰੇ ਦੀ ਹਰਿਆਲੀ ਵਧਣ ਲਗਦੀ ਹੈ । ਖੇਤਾਂ ਦੀ ਵੱਟਾਂ ਉਪਰ ਅਤੇ ਆਲੇ ਦੁਆਲੇ ਘਾਹ ਅਤੇ ਨਰਮ ਤਣੇ ਦੀ ਕਿਸਮ ਦੇ ਬੂਟੇ ਹਰਾ ਭਰਾ ਕਰਨ ਵਿੱਚ ਸਹਾਈ ਹੁੰਦੇ ਹਨ । ਪੁਆਧ ਦੀ ਹਰੀ ਪੱਟੀ ਮੀਂਹ ਦੇ ਵਰਨ ਤੇ ਨਿਰਭਰ ਕਰਦੀ ਹੈ ।
2. **ਸਰਦੀ ਰੁੱਤੇ :** ਨਵੰਬਰ ਤੋਂ ਮਾਰਚ ਤੱਕ ਤਾਪਮਾਨ ਕਾਫ਼ੀ ਹੇਠਾਂ ਡਿਗਣ ਕਾਰਣ ਸਖ਼ਤ ਅਤੇ ਕਠੋਰ ਪੱਤਿਆਂ ਅਤੇ ਤਣਿਆਂ ਵਾਲੇ ਬੂਟੇ ਹੀ ਆਪਣਾ ਜੀਵਨ ਚੱਕਰ ਪੂਰਾ ਕਰਦੇ ਹਨ । ਜਿਵੇਂ ਮੈਣਾ, ਸਾਈਲੀਨ, ਐਜੀਰੇਟਮ, ਸਨੈਪਡਰੇਗਨ, ਬਾਥੂ ਬੱਕਾ ਬੂੰਗਾ, ਘਾਹ ਆਦਿ। ਸਰਦੀ ਰੁਤੇ ਵਰਖਾ ਪੈ ਜਾਏ ਤਾਂ ਕਾਫ਼ੀ ਬੂਟੇ ਪੁੰਗਰ ਕੇ ਆਲਾ ਦੁਆਲਾ ਭਰ ਦੇਂਦੇ ਹਨ । ਘੱਟ ਵਰਖਾ ਵਾਲੇ ਦਿਨਾਂ ਦੌਰਾਨ ਆਮ ਤੌਰ ਤੇ ਮੌਸਮ ਖੁਸ਼ਕ ਰਹਿੰਦਾ ਹੈ, ਫਿਰ ਵੀ ਛੋਟੇ ਸਾਈਜ਼ ਦੇ ਬੂਟੇ ਉਗ ਕੇ ਛੇਤੀ ਹੀ ਖਤਮ ਹੋ ਜਾਂਦੇ ਹਨ । ਸਖ਼ਤ ਅਤੇ ਹਲਕੇ ਹਰੇ ਰੰਗ ਦੇ ਪੱਤਿਆਂ ਵਾਲੇ ਰੁੱਖ ਪਤਝੱੜ ਰੁੱਤ ਦੀ ਯਾਦ ਦਿਵਾਉਂਦੇ ਹਨ ।
3. **ਗਰਮੀ ਰੁੱਤੇ :** ਅਪ੍ਰੈਲ ਤੋਂ ਜੂਨ/ਜੁਲਾਈ ਤੱਕ ਦੇ ਮਹੀਨਿਆਂ ਵਿੱਚ ਗਰਮੀ ਕਾਰਨ ਤਾਪਮਾਨ ਉਪਰ ਚੜ੍ਹ ਜਾਂਦਾ ਹੈ । ਬੂਟੇ ਪੱਤੇ ਝਾੜ ਕੇ ਸੁੱਕੇ ਹੋਏ ਜਾਪਦੇ ਹਨ । ਜ਼ਮੀਨੀ ਪੌਦੇ ਵੀ ਆਪਣਾ ਮੂੰਹ ਸਿਰਫ ਛਾਂ ਵਾਲੀਆਂ ਥਾਂਵਾਂ ਅਤੇ ਪਾਣੀ ਨੇੜੇ ਹੀ ਵਿਖਾਉਂਦੇ ਹਨ । ਆਮ ਜਵਾਸਾ, ਗਾਜਰ, ਘਾਹ, ਲੌਨੀਆ, ਬੇਰੀ, ਐਜੀਰੇਟਮ, ਲੈਨਟੈਨਾ, ਕੋਕਲ, ਘਾਹ, ਭੰਗ ਆਦਿ ਪ੍ਰਮੁੱਖ ਤੌਰ ਤੇ ਉਗਦੇ ਹਨ । ਮਧਿਆਮ ਉਚਾਈ ਤੋਂ ਲੰਬੇ ਰੁੱਖਾਂ ਵਿਚ ਕਿਕੱਰ, ਟਾਹਲੀ, ਕੱਥਾ, ਫੁਲਾਹੀ,

ਪਿੱਪਲ, ਬੋਹੜ, ਜਾਮਨ, ਨਿੰਮ, ਤੂਤ, ਡਰੇਕ, ਢੱਕ, ਟੂਨਾ ਆਦਿ
ਗਰਮੀ ਦਾ ਟਾਕਰਾ ਕਰਦੇ ਹਨ।

ਨੰਗਲ ਦੇ ਆਲੇ ਦੁਆਲੇ ਨੀਵੀਆਂ ਪਹਾੜੀਆਂ ਤੇ ਖੁਸ਼ਕ ਬਨਸਪਤੀ ਹੈ । ਇਥੇ ਘਾਹ ਤੋਂ ਇਲਾਵਾ ਜ਼ਿਆਦਾਤਰ ਥਾਂ ਲੈਨਟੈਨਾ ਨੇ ਘੇਰ ਰੱਖੀ ਹੈ । ਇਸ ਦੇ ਵਿੱਚ ਕੜੀਪੱਤਾ, ਡੀਡੋਨੀਆ, ਵੁਡਫੋਰ ਡੀਆ ਅਤੇ ਛੋਟੀਆਂ ਬੂਟੀਆਂ ਹਨ ।ਮਾਧਿਆਮ ਉਚਾਈ ਦੇ ਟਾਹਲੀ, ਢੱਕ, ਫੁਲਾਹੀ, ਸਰੀਂਹ ਦੇ ਰੁੱਖਾਂ ਨਾਲ ਵੀ ਧਰਤੀ ਕੱਜੀ ਹੋਈ ਹੈ ।ਬਰਸਾਤ ਤੋਂ ਬਾਅਦ ਘਾਹ, ਛੋਟੇ ਬੂਟੇ ਚੋਆਂ ਦੇ ਵਿੱਚ ਬੂਜੇ ਅਤੇ ਸਰਕੰਡਾ ਘਾਹ ਉਗਿਆ ਮਿਲਦਾ ਹੈ । ਖੈਰ, ਕਿੱਕਰ, ਢੱਕ ਅਤੇ ਧਰੇਕ ਦੇ ਨਵੇਂ ਫੁੱਟਦੇ ਪੱਤੇ ਨਜ਼ਰ ਆਉਣੇ ਸ਼ੁਰੂ ਹੋ ਜਾਂਦੇ ਹਨ ।ਨੰਗਲ, ਨਯਾ ਨੰਗਲ ਅਤੇ ਲਾਗਲੇ ਪਿੰਡਾਂ ਦੇ ਘਰਾਂ ਦੇ ਪਿਛਲੇ ਵਿਹੜਿਆਂ ਵਿੱਚ ਨਿੰਬੂ, ਪਪੀਤਾ, ਅਮਰੂਦ, ਆੜੂ, ਲੁਕਾਠ, ਪਪੀਤਾ, ਕੇਲਾ, ਅਨਾਰ, ਆਦਿ ਫਲਦਾਰ ਬੂਟੇ ਉਗਾਣ ਦਾ ਸ਼ੌਕ ਲੋਕਾਂ ਵਿੱਚ ਆਮ ਹੈ। ਅੰਬਾਂ ਦੇ ਕਾਫ਼ੀ ਪੁਰਾਣੇ ਬੂਟੇ ਕਈ ਥਾਵਾਂ ਤੇ ਇਕੱਲੇ ਅਤੇ ਝੁੰਡਾਂ ਵਿੱਚ ਉਗੇ ਹੋਏ ਹਨ । ਸੜਕਾਂ ਦੇ ਇਰਦ ਗਿਰਦ ਉੱਚੇ ਸਦਾ ਬਹਾਰ ਅਤੇ ਪਤੱਝੜ ਦੇ ਰੁੱਖ ਜਿਵੇਂ ਕਿ ਨਿੰਮ, ਡਰੇਕ, ਜਾਮਨ, ਸੌਸੇਜ, ਡੈਵਿਲ ਰੁੱਖ, ਜੈਕਰੰਡਾ, ਸਰੀਂਹ, ਸਾਗਵਾਨ, ਕਚਨਾਰ, ਬੈਲ, ਸਫੈਦਾ, ਪੌਂਗੇਮੀਆ ਆਦਿ ਦਰਖਤਾਂ ਦੇ ਝੁੰਡ ਆਉਣ ਜਾਣ ਵਾਲੇ ਦਾ ਸਵਾਗਤ ਕਰਦੇ ਹਨ ।ਨੰਗਲ ਸ਼ਹਿਰ ਅਤੇ ਨਵਾਂ ਨੰਗਲ ਦੇ ਵਿੱਚ ਅਤੇ ਆਲੇ ਦੁਆਲੇ ਇਹ ਰੁੱਖ ਕਾਫ਼ੀ ਗਿਣਤੀ ਵਿੱਚ ਹੋਣ ਕਾਰਣ ਨੰਗਲ ਹਮੇਸ਼ਾ ਹਰਾ ਭਰਾ ਅਤੇ ਤਾਜ਼ਾ ਲਗਦਾ ਹੈ ।ਇਹ ਰੁੱਖ ਉਦੋਂ ਬਹੁਤ ਮਨਮੋਹਕ ਲਗਦੇ ਹਨ ਜਦੋਂ ਰੰਗ-ਬਰੰਗੇ ਫੁੱਲਾਂ ਦੀਆਂ ਲੜੀਆਂ ਅਤੇ ਲੰਬੇ ਫਲ ਲਟਕਦੇ ਨਜ਼ਰ ਆਉਂਦੇ ਹਨ ਜਿਹੜੇ ਕਿ ਵਾਤਾਵਰਣ ਨੂੰ ਖ਼ੁਸ਼ਬੂਦਾਰ ਬਣਾਉਣ ਦਾ ਕੰਮ ਕਰਦੇ ਹਨ । ਖਾਲੀ ਜਗਾਹ, ਸੜਕਾਂ ਅਤੇ ਫੈਕਟਰੀ ਦੇ ਆਲੇ ਦੁਆਲੇ ਹਰੜਾ, ਆਮਲਾ, ਸਫੈਦੇ, ਟਾਹਲੀ, ਤੂਤ, ਸਰੀਂਹ ਵਰਗੇ ਰੁੱਖਾਂ ਦੀ ਭਰਮਾਰ ਹੈ ।ਪੁਰਾਣੇ ਸਫੈਦੇ ਅਤੇ ਸਰੀਂਹ ਦੇ ਰੁੱਖਾਂ ਦੇ ਉੱਚੇ ਅਜਬ ਤਾਜ ਵਾਲੇ ਹਨ । ਸਤਲੁਜ ਦਰਿਆ ਦੇ ਕੰਢੇ ਅਤੇ ਆਲੇ ਦੁਆਲੇ ਕਿੱਕਰਾਂ, ਟਾਹਲੀ, ਨੜਾ, ਲੈਨਟੈਨਾ, ਅੱਕੜਾ ਆਦਿ ਦੇ ਛੋਟੇ ਅਤੇ ਵੱਡੇ ਬੂਟੇ ਕੁਦਰਤੀ ਤੌਰ ਤੇ ਵੱਡੀ ਗਿਣਤੀ ਵਿੱਚ ਉਗੇ ਹੋਏ ਹਨ । ਪਹਾੜੀ ਅੱਕ ਦਰਿਆ ਦੇ ਕੰਢੇ ਕੁਦਰਤੀ ਤੌਰ ਤੇ ਕਾਫ਼ੀ ਦੂਰ ਤੱਕ ਉਗਿਆ ਹੈ । ਦਰਿਆ ਦੇ ਵਿੱਚ ਬਣੀਆਂ ਡੈਲਟਾਂ ਵਰਗੀਆਂ ਥਾਂਵਾਂ ਤੇ ਟਾਹਲੀ ਦੇ ਰੁੱਖਾਂ ਦੀ ਬਹੁਗਿਣਤੀ ਨੇ ਜੰਗਲਾਂ ਦਾ ਰੂਪ ਧਾਰਨ ਕਰ ਲਿਆ ਹੈ । ਇਥੇ ਕਈ ਤਰ੍ਹਾਂ ਦੇ ਪੰਛੀਆਂ ਨੇ ਆਪਣਾ ਰੈਣ ਬਸੇਰਾ ਰਖਿਆ ਹੈ ਅਤੇ ਅਗਲੀ ਪੀੜ੍ਹੀ ਦੇ ਬੱਚਿਆਂ ਦਾ ਪਾਲਣ ਪੋਸ਼ਣ ਵੀ ਕਰਦੇ ਹਨ । ਮਿੱਟੀ ਦੇ ਕਣਾਂ ਨੂੰ ਜਕੜ ਕੇ ਰਖਣ ਵਾਲੇ ਘਾਹ ਭਾਨਜੁਰਾ, ਗੋਰੀਆ, ਹਾਥੀ ਘਾਹ, ਬੂਜੇ, ਕਾਨਾ ਆਦਿ ਦਰਿਆਵਾਂ ਦੇ ਕੰਢਿਆਂ ਅਤੇ ਚੋਆਂ, ਨਾਲਿਆਂ ਦੇ ਵਿੱਚ ਬਰਸਾਤੀ ਮੌਸਮ ਤੋਂ ਬਾਅਦ ਵੱਡੀਆਂ ਝਾੜੀਆਂ ਦੇ ਰੂਪ ਵਿੱਚ ਉਗਦੇ ਹਨ । ਲੋਕ ਤੂੜੀ ਦੇ ਕੁੱਪ ਅਤੇ

ਬਾਲਣ ਲਈ ਸਲਵਾੜ ਇਥੋਂ ਹੀ ਕੱਟ ਕੇ ਵਰਤਦੇ ਹਨ । ਸੂਆਂ ਅਤੇ ਬੇਲਾ ਇਲਾਕਿਆਂ ਵਿੱਚ ਕਿੱਕਰ ਅਤੇ ਟਾਹਲੀ ਇੱਕਠੇ ਉਗਦੇ ਹਨ । ਬਾਲਣ ਦੀ ਲੱਕੜੀ ਦੀ ਘਾਟ ਨੂੰ ਪੂਰਾ ਕਰਨ ਲਈ ਕਈ ਲੋਕ ਰੁੱਖ ਜਵਾਨ ਹੋਣ ਤੋਂ ਪਹਿਲਾਂ ਹੀ ਮੁੱਢ ਤੋਂ ਕੱਟ ਕੇ ਲੈ ਜਾਂਦੇ ਹਨ । ਖੇਤਾਂ ਦੇ ਨੇੜਲੀਆ ਵੱਟਾਂ ਉਤੇ ਉਗੇ ਰੁੱਖਾਂ ਦੀ ਲੋਕ ਸੰਭਾਲ ਵੀ ਕਰਦੇ ਹਨ ਅਤੇ ਉਥੇ ਰੁੱਖ ਕਾਫ਼ੀ ਉੱਚੇ ਅਤੇ ਮੋਟੇ ਤਣਿਆ ਵਾਲੇ ਹਨ।

ਨੰਗਲ ਅਤੇ ਆਨੰਦਪੁਰ ਸਾਹਿਬ ਦੇ ਵਿਚਕਾਰ ਪੈਂਦੀਆਂ ਪਹਾੜੀਆਂ ਉਪਰ ਵਧੇਰੇ ਘਾਹ ਅਤੇ ਮੁਢਲੇ ਖੇਤਾਂ ਵਿੱਚ ਛੋਟੇ ਆਕਾਰ ਦੇ ਨਰਮ ਬੂਟੇ ਉਗਦੇ ਹਨ । ਦਰਖ਼ਤਾਂ ਦੀ ਗਿਣਤੀ ਘੱਟ ਹੈ । ਜਿਆਦਾਤਰ ਕੱਥਾ ਅਤੇ ਕਿੱਕਰਾਂ ਦੇ ਰੁੱਖ ਹਨ । ਆਮ ਤੌਰ ਤੇ ਖੁਸ਼ਕ ਮੌਸਮ ਸਮੇਂ ਪਹਾੜੀਆਂ ਖਾਲੀ ਹੀ ਰਹਿੰਦੀਆਂ ਹਨ । ਘਾਹ ਛੋਟੀਆਂ ਪਹਾੜੀਆਂ ਤੇ ਔਸਤਨ ਸਾਰਾ ਸਾਲ ਉਪਲਬਧ ਹੋਣ ਕਾਰਨ ਪਸ਼ੂਆਂ ਦੇ ਲਈ ਚਾਰਾ ਉਪਲਬਧ ਰਹਿੰਦਾ ਹੈ । ਪਰੰਤੂ ਗਰਮੀ ਤੇਜ਼ ਵਿਚ ਜ਼ਰੂਰ ਦਿੱਕਤ ਆਉਂਦੀ ਹੈ । ਖੇਤੀ ਕਰਨ ਵਾਲੇ ਲੋਕ ਕਣਕ, ਮੱਕੀ, ਚਾਰਾ, ਧਾਨ ਅਤੇ ਸਰਸੋਂ ਛੋਟੇ ਸਾਈਜ਼ ਦੇ ਖੇਤਾਂ ਵਿੱਚ ਬੀਜ ਕੇ ਮੀਂਹ ਦੀ ਉਡੀਕ ਕਰਦੇ ਹਨ । ਜਿਥੇ ਬਿਜਲੀ ਦੀਆਂ ਮੋਟਰਾਂ ਜਾਂ ਪੰਪ ਸੈੱਟ ਲਗੇ ਹਨ ਉਥੇ ਫ਼ਸਲਾਂ ਦਾ ਝਾੜ ਆਮ ਨਾਲੋਂ ਕਈ ਗੁਣਾ ਵੱਧ ਹੈ । ਪਹਾੜਾਂ ਦੇ ਲਾਗਲੇ ਪਿੰਡਾਂ ਦੇ ਦੁਆਲੇ ਟਾਹਲੀ, ਨਿੰਮ, ਕਿੱਕਰ, ਡਰੇਕ, ਪਿੱਪਲ, ਤੂਤ, ਅੰਬ, ਸਫੈਦਾ, ਫਾਲਸਾ, ਗੁਲਮੋਹਰ ਅਤੇ ਪਾਪੂਲਰ ਦੇ ਰੁੱਖ ਵਾਤਾਵਰਣ ਨੂੰ ਤਾਜ਼ਗੀ ਦੇਂਦੇ ਹਨ । ਇਹਨਾਂ ਰੁੱਖਾਂ ਦੀ ਛਾਂ ਹੇਠਾਂ ਅਤੇ ਦਰਖ਼ਤਾਂ ਉਤੇ ਚੜ੍ਹੀਆਂ ਵੇਲਾਂ ਕਾਫ਼ੀ ਗਿਣਤੀ ਵਿੱਚ ਮੌਜੂਦ ਹਨ। ਮੀਂਹ ਪੈਣ ਸਮੇਂ ਸੁੱਕੇ ਨਾਲਿਆਂ ਅਤੇ ਚੋਆਂ ਵਿੱਚ ਪਾਣੀ ਵਹਿਣ ਲਗਦਾ ਹੈ ਅਤੇ ਖਲੋਤੇ ਪਾਣੀ ਦੇ ਟੋਇਆਂ ਵਿੱਚ ਵਿਭਿੰਨ ਨਸਲ ਦੀ ਕਾਈ ਅਤੇ ਪਾਣੀ ਦੇ ਨੇੜੇ ਨੜਾ, ਬਾਗਨਲ, ਕਮਲ, ਹਾਈਡਰਿਲਾ, ਪੋਟਾਮੈਜੀਟਰੋਨ, ਲੈਮਨਾ, ਜਲਧਨੀਆ, ਸੀਮ, ਆਦਿ ਕਾਫ਼ੀ ਦੇਰ ਤੱਕ ਛਾਏ ਰਹਿੰਦੇ ਹਨ । ਕਈ ਜਗਾਂਹ ਤੋਂ ਚੋਆਂ ਵਿੱਚ ਬਰਸਾਤ ਤੋਂ ਬਾਅਦ ਪਾਣੀ ਖਤਮ ਹੋਣ ਉਪਰੰਤ ਲੋਕ ਕੱਦੂ, ਕਰੇਲਾ, ਤਰ, ਹਦਵਾਣਾ, ਖ਼ਰਬੂਜ਼ਾ, ਬੈਂਗਣ ਅਤੇ ਭਿੰਡੀ ਦੀ ਕਾਸ਼ਤ ਕਰਕੇ ਗੁਜ਼ਾਰਾ ਕਰਦੇ ਹਨ ।

ਆਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਦੇ ਪਹਾੜੀ ਅਤੇ ਨਾਲ ਲਗਦੇ ਖੇਤਰਾਂ ਵਿੱਚ ਲਗਭਗ ਪਹਿਲਾਂ ਵਰਗੀ ਬਨਸਪਤੀ ਹੈ । ਕਈ ਥਾਂਵਾਂ ਤੇ ਨਹਿਰਾਂ ਦੇ ਦੁਆਲੇ ਜੈਕਰੰਡਾ, ਕਚਨਾਰ, ਅੰਬ, ਡਰੇਕ, ਆਦਿ ਦੇ ਰੁੱਖ ਖੜੇ ਹਨ । ਇਹਨਾਂ ਰੁੱਖਾਂ ਦੀ ਭੀੜ ਵਿੱਚ ਦੀ ਉਚਾਈ ਵੱਲ ਨੂੰ ਸਿਰ ਕਢਦੇ ਸਫੈਦੇ ਦੀਆਂ ਕਰੂੰਬਲਾਂ ਖ਼ੂਬਸੂਰਤ ਲਗਦੀਆਂ ਹਨ । ਖਾਲੀ ਥਾਂਵਾਂ ਤੇ ਭਰੇ ਪਾਣੀ ਵਿੱਚ ਕਾਈ ਅਤੇ ਲੈਮਨਾ ਆਪਣੇ ਜੀਵਨ ਚੱਕਰ ਨੂੰ ਪੂਰਾ ਕਰਨ ਲਗੇ ਹਨ । ਭਰੇ ਪਾਣੀ ਦੁਆਲੇ ਪਹਾੜੀ ਅੱਕ ਦੇ ਸੰਘਣੇ ਝੁੰਡ ਗੁਲਾਬੀ ਫੁੱਲਾਂ ਨਾਲ ਲਹਿਰਾਉਂਦੇ ਨਜ਼ਰ ਆਉਂਦੇ ਹਨ। ਕੀਰਤਪੁਰ ਸਾਹਿਬ ਦੇ ਨੇੜੇ ਕਈ ਥਾਂਵਾਂ ਤੇ ਛੱਪੜਾਂ ਵਰਗੇ ਖਲੋਤੇ ਪਾਣੀ ਵਿੱਚ ਕਾਈ, ਲੈਮਨਾ,

ਹਾਥੀ ਘਾਹ, ਸੰਘੇੜਾ ਅਤੇ ਪਾਣੀ ਦੇ ਪੌਦੇ ਬਹੁਤਾਤ ਵਿੱਚ ਹਨ । ਮੁਰਗਾਬੀਆਂ ਅਤੇ ਬਿਜੜਾ ਪੰਛੀ ਦੇ ਰਹਿਣ ਲਈ ਸੁਖਾਵੀਂ ਥਾਂ ਹੈ । ਦੂਸਰੇ ਪਾਸੇ ਪਹਾੜੀਆਂ ਉਪਰ ਨਰਮ ਤਣੇ ਦੇ ਪੌਦੇ, ਝਾੜੀਆਂ ਅਤੇ ਰੁੱਖਾਂ ਦਾ ਰਲਾ ਮਿਲਾ ਮਿਸ਼ਰਣ ਹੈ । ਪਹਾੜੀਆਂ ਨੂੰ ਕਾਫ਼ੀ ਮਿੱਟੀ ਖੋਰਾ ਲਗਿਆ ਹੈ । ਇਸ ਲਈ ਮੀਂਹ ਜ਼ਿਆਦਾ ਪੈਣ ਸਮੇਂ ਢਿੱਗਾਂ ਅਕਸਰ ਡਿਗਦੀਆਂ ਰਹਿੰਦੀਆਂ ਹਨ ਅਤੇ ਕਈ ਵਾਰ ਛੋਟੀਆਂ ਝਾੜੀਆਂ ਹੇਠਾਂ ਦੱਬ ਜਾਂਦੀਆਂ ਹਨ । ਇਥੇ ਕੱਥਾ, ਕਿੱਕਰ, ਕਾਬਲੀ ਕਿੱਕਰ ਅਤੇ ਡੀਡੋਨੀਆ ਵਸਾਕਾ ਆਦਿ ਆਮ ਮਿਲਦੇ ਹਨ । ਸੜਕ ਅਤੇ ਰੇਲਵੇ ਲਾਈਨਾਂ ਅਤੇ ਨਹਿਰ ਦੇ ਦੁਆਲੇ ਅੱਜ ਗਾਜਰ ਘਾਹ ਦਾ ਬੋਲਬਾਲਾ ਹੈ ਜਿਹੜਾ ਕਿ ਬੜੀ ਤੇਜ਼ੀ ਨਾਲ ਖੇਤਾਂ ਵਲ ਵਧ ਰਿਹਾ ਹੈ । ਖੇਤਾਂ ਵਿੱਚ ਕਣਕ, ਮੱਕੀ, ਧਾਨ, ਸਰਸੋਂ ਅਤੇ ਚਾਰਾ ਦੀ ਖੇਤੀ ਕੀਤੀ ਜਾਂਦੀ ਹੈ ।

ਕੀਰਤਪੁਰ ਤੋਂ ਭਰਤਗੜ੍ਹ ਵਿਚਕਾਰਲੀਆਂ ਪਹਾੜੀਆਂ ਅਤੇ ਨੇੜੇ ਖੇਤਰਾਂ ਵਿੱਚ ਸਫੈਦਾ, ਕਿੱਕਰ, ਨਿੰਮ, ਧਰੇਕ, ਅੰਬ, ਟਾਹਲੀ, ਜਾਮਨ, ਤੂਤਾਂ ਦੇ ਝੁੰਡ ਹਨ । ਕਈ ਥਾਂਵਾਂ ਤੇ ਇਹਨਾਂ ਰੁੱਖਾਂ ਦੇ ਹੇਠਾਂ ਲੈਨਟੈਨਾ ਇਤਨੀ ਤੇਜ਼ੀ ਨਾਲ ਫੈਲਿਆ ਹੋਇਆ ਹੈ ਕਿ ਉਸ ਦੇ ਵਿੱਚ ਦੀ ਲੰਘਣਾ ਬਹੁਤ ਮੁਸ਼ਕਲ ਹੈ । ਘਨੇਰੀ (ਲੈਨਟੈਨਾ) ਦੇ ਬੂਟਿਆਂ ਦੀਆਂ ਕੰਡੇਦਾਰ ਟਾਹਣੀਆਂ ਇਕ ਦੂਸਰੇ ਵਿੱਚ ਇਸ ਤਰੀਕੇ ਨਾਲ ਫਸੀਆਂ ਹਨ ਕਿ ਜਾਨਵਰ ਵੀ ਉਸ ਦੇ ਅੰਦਰ ਵੜ ਨਹੀਂ ਸਕਦੇ । ਭਰਤਗੜ੍ਹ ਦੇ ਨੇੜਲੇ ਪਹਾੜੀ ਇਲਾਕੇ 'ਤੇ ਕਈ ਥਾਂਵਾਂ 'ਤੇ ਨਿੰਬੂ ਜਾਤੀ ਦੇ ਬੂਟੇ ਉਗਾਏ ਗਏ ਹਨ । ਦੂਸਰੀਆਂ ਖਾਲੀ ਥਾਂਵਾਂ ਉਤੇ ਉੱਚੇ ਰੁੱਖਾਂ ਦੇ ਹੇਠਾਂ, ਸਰੀਂਹ, ਪੌਂਗੇਮੀਆ, ਪੀਲਾ ਕਨੇਰ, ਅਰਿੰਡ, ਕਚਨਾਰ, ਕਾਮਿਨੀ, ਭੰਗ, ਕੜੀ ਪੱਤਾ, ਪ੍ਰਿਸੀਆ ਆਦਿ ਬੂਟੇ ਦੂਸਰੀ ਮੰਜ਼ਿਲ ਦੇ ਮਾਲਕ ਹਨ । ਘਨੇਰੀ (ਲੈਨਟੈਨਾ) ਦੀ ਗਿਣਤੀ ਲੋੜੋਂ ਵੱਧ ਹੋਣ ਕਾਰਨ ਜ਼ਮੀਨੀ ਬਨਸਪਤੀ ਬਹੁਤ ਘੱਟ ਹੈ ਕਿਉਂਕਿ ਲੈਨਟੈਨਾ ਇਕ ਰਸਾਇਣਕ ਪਦਾਰਥ (ਅਲੀਲੋਪੈਥੀ) ਜ਼ਮੀਨ ਵਿੱਚ ਛੱਡਦਾ ਹੈ ਜਿਹੜਾ ਬੂਟਿਆਂ ਅਤੇ ਬੂਟੀਆਂ ਨੂੰ ਉਗਣ ਨਹੀਂ ਦੇਂਦਾ । ਛੱਪੜਾਂ, ਖੱਡਾਂ ਅਤੇ ਟੋਇਆਂ ਵਿੱਚ ਖਲੋਤੇ ਪਾਣੀ ਦਾ ਕੰਢਿਆਂ ਦੁਆਲੇ ਪਹਾੜੀ ਅੱਕ ਦੀਆਂ ਸ਼ਾਖਾਵਾਂ ਉਤੇ ਗੁਲਾਬੀ ਫੁੱਲ ਝੂੰਮਦੇ ਨਜ਼ਰ ਆਉਂਦੇ ਹਨ । ਨਹਿਰ ਦੇ ਪੱਛਮੀ ਕਿਨਾਰੇ ਵੱਲ ਮਾਧਿਅਮ ਉਚਾਈ ਵਾਲੇ ਕਚਨਾਰ, ਜੈਕਰੰਡਾ, ਆਗਲਾ ਦੇ ਰੁੱਖ ਬਹੁਤ ਹੀ ਖ਼ੂਬਸੂਰਤੀ ਨਾਲ ਖੜੇ ਹਨ । ਦੂਸਰੇ ਪਾਸੇ ਪਹਾੜੀ ਦੇ ਉਪਰਲੇ ਪਾਸੇ ਕਿੱਕਰ, ਟਾਹਲੀ, ਕਾਬਲੀ ਕਿੱਕਰ, ਕੱਥਾ, ਫੁਲਾਹੀ ਅਤੇ ਕਈ ਕੰਢੇਦਾਰ ਝਾੜੀਆਂ ਦਾ ਮਿਸ਼ਰਣ ਉਗਿਆ ਹੋਇਆ ਹੈ । ਜੂਨ ਮਈ ਨੇ ਦੌਰਾਨ ਕਚਨਾਰ, ਜੈਕਰੰਡਾ ਅਤੇ ਅਮਲਤਾਸ਼ ਦੇ ਰੁੱਖਾਂ ਤੇ ਰੰਗ ਬਰੰਗੇ ਫੁੱਲਾਂ ਨੂੰ ਵੇਖਿਆ ਜਾ ਸਕਦਾ ਹੈ । ਭਰਤਗੜ੍ਹ ਤੋਂ ਰੂਪਨਗਰ ਦੀਆਂ ਪਹਾੜੀਆਂ ਵੱਲ ਉੱਚੇ ਲੰਬੇ ਦਰਖਤਾਂ ਦੇ ਝੁੰਡ ਨਜ਼ਰ ਨਹੀਂ ਆਉਂਦੇ ਉਥੇ ਕੰਡੇਦਾਰ ਝਾੜੀਆਂ ਅਤੇ ਛੋਟੀਆਂ ਬੂਟੀਆਂ ਵਿਰਲੀਆਂ ਹਨ । ਪਹਾੜਾਂ ਦੀਆਂ ਢਿਗਾਂ ਅਕਸਰ ਡਿਗਦੀਆਂ ਰਹਿੰਦੀਆਂ ਹਨ ।

ਕੱਟੇ ਹੋਏ ਪਹਾੜਾਂ ਉਤੇ ਕਈ ਥਾਂਵਾਂ ਤੇ ਡੇਲੇ ਅਤੇ ਕਾਬਲੀ ਕਿੱਕਰ ਆਮ ਹੈ । ਮੋਹਲੇਧਾਰ ਵਰਖਾ ਪਹਾੜੀਆਂ ਨੂੰ ਖੋਰ ਕੇ ਬਰਸਾਤੀ ਨਾਲਿਆਂ ਅਤੇ ਚੋਆਂ ਵਿੱਚ ਸੁੱਟਣ ਸਦਕਾ ਪਹਾੜਾਂ ਦੀ ਖ਼ੂਬਸੂਰਤ ਸ਼ਕਲ ਵਿਗਾੜ ਦੇਂਦੀ ਹੈ । ਪੁਆਧ ਦੇ ਇਲਾਕਿਆਂ ਦੀਆਂ ਨਦੀਆਂ, ਨਾਲਿਆਂ ਅਤੇ ਬਰਸਾਤੀ ਚੋਆਂ ਵਿੱਚ ਇਤਨੀ ਮਿੱਟੀ ਭਰ ਜਾਂਦੀ ਹੈ ਕਿ ਬਰਸਾਤ ਤੋਂ ਪਹਿਲਾਂ ਇਹਨਾਂ ਨੂੰ ਖਾਲੀ ਕਰਾਉਣਾ ਪ੍ਰਸ਼ਾਸਨ ਦੀ ਸਿਰ ਦਰਦੀ ਬਣ ਜਾਂਦੀ ਹੈ । ਵਿਭਿੰਨ ਨਸਲਾਂ ਦੇ ਬਰਸਾਤੀ ਬੂਟੇ ਚੋਆਂ ਵਿੱਚ ਉਗੇ ਮਿਲਦੇ ਹਨ । ਕਿਰਸਾਨ ਹਰ ਤਰ੍ਹਾਂ ਦੀਆਂ ਮੌਸਮੀ ਫ਼ਸਲਾਂ ਆਪਣੇ ਖੇਤਾਂ ਵਿੱਚ ਉਗਾਂਦੇ ਹਨ । ਕਣਕ, ਮੱਕੀ, ਧਾਨ, ਸ਼ਬਜੀਆਂ, ਚਾਰਾ, ਦਾਲਾਂ, ਗੰਨਾ, ਫੁੱਲ, ਆਲੂ, ਸ਼ਕਰਕੰਦੀ, ਸਰਸੋਂ ਆਦਿ ਮੁੱਖ ਖੇਤੀ ਸਰੋਤ ਹਨ । ਪਰੰਤੂ ਖੁੱਲ੍ਹੀਆਂ ਜ਼ਮੀਨਾਂ ਨਾ ਹੋਣ ਤੇ ਵਿਉਪਾਰਕ ਉਕਸਾਹਿਤਾ ਘੱਟ ਹੈ ।

ਭਰਤਗੜ੍ਹ ਤੋਂ ਰੂਪਨਗਰ ਵਿੱਚ ਬਨਸਪਤੀ ਦੇ ਤਤੱਣ ਕਾਫ਼ੀ ਭਰਤਗੜ੍ਹ ਨਾਲ ਮਿਲਦੇ ਜੁਲਦੇ ਹਨ । ਕਈ ਪਹਾੜੀਆਂ ਉਪਰ ਉਗੀਆਂ ਕਿੱਕਰਾਂ, ਕਾਬਲੀ ਕਿੱਕਰਾਂ ਅਤੇ ਛੋਟੇ ਸਾਈਜ਼ ਦੀਆਂ ਟਾਹਲੀਆਂ ਦੇ ਬੂਟੇ ਨਿੱਕੇ ਜੰਗਲਾਂ ਦਾ ਰੂਪ ਧਾਰਨ ਕਰ ਚੁੱਕੇ ਹਨ । ਇਕੋ ਜਾਤੀ ਦੇ ਬੂਟਿਆਂ ਦੇ ਜੰਗਲਾਂ ਨੂੰ ਕਿੱਕਰਾਂ ਦਾ ਜੰਗਲ, ਕਾਬਲੀ ਕਿੱਕਰ ਦਾ ਜੰਗਲ, ਟਾਹਲੀ ਦਾ ਜੰਗਲ ਕਿਹਾ ਜਾ ਸਕਦਾ ਹੈ । ਇਹਨਾਂ ਦੀਆਂ ਜੜ੍ਹਾਂ ਲੰਬੀਆਂ ਅਤੇ ਡੂੰਘਾਈ ਤੱਕ ਫੈਲੀਆਂ ਹੋਣ ਕਾਰਨ ਮਿੱਟੀ ਨਹੀਂ ਖੁਰਦੀ। ਰੁੱਖਾਂ ਦੀ ਮੌਜੂਦਗੀ ਪਹਾੜੀਆਂ ਦੀ ਮਿੱਟੀ ਨਾ ਖੁਰਨ ਵਿੱਚ ਮਦਦਗਾਰ ਹੈ । ਖੁੱਲ੍ਹੇ ਮੈਦਾਨਾਂ ਵੱਲ ਪਾਪੂਲਰ, ਜਾਮਨ, ਅੰਬ, ਤੂਤ, ਸਫੈਦੇ ਆਦਿ ਦੇ ਦਰਖਤ ਦੂਰ ਦੂਰ ਤੱਕ ਉਗੇ ਜ਼ਮੀਨ ਨੂੰ ਹਰਾਭਰਾ ਰੱਖਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾ ਰਹੇ ਹਨ । ਖੇਤਾਂ ਵਿੱਚ ਪਾਪੂਲਰ ਦੇ ਰੁੱਖਾਂ ਦੀ ਤਰਤੀਬ ਮਨਭਾਉਂਦੀ ਹੈ । ਕੁਦਰਤੀ ਤੌਰ ਤੇ ਉਗੇ ਰੁੱਖ ਵਿਰਲੇ ਹਨ । ਪਾਣੀ ਵਾਂਲੀਆਂ ਥਾਂਵਾਂ ਤੇ ਰੁੱਖਾਂ ਦੀ ਗਿਣਤੀ ਜ਼ਿਆਦਾ ਅਤੇ ਸੰਘਣੀ ਹੈ । ਹੇਠਲੀ ਜ਼ਮੀਨ ਦੇ ਦੁਆਲੇ ਛੋਟੇ ਅਤੇ ਨਰਮ ਤਣੇ ਵਾਲੇ ਬੂਟੇ ਕੂਬੇਲੀਆ, ਮਿਠਾ ਨੀਮ, ਮੁਮੀਰਾ, ਪੈਨਸੀ, ਹਜਰਦਾਨ, ਮੁਨਕਾ, ਰੱਤੀ, ਪਾਮਾਰ, ਪਟਪਾਲਕ, ਭੀਲ ਗੋਰਾ, ਆਰੂਸਾ, ਪਿਤਪਾਪਰਾ, ਬਕਲਾ, ਸਾਈਲੀਨ, ਮੇਥੀ, ਐਜੀਰੇਟਮ ਆਦਿ ਉਗ ਕੇ ਹਰਿਆਲੀ ਕਾਇਮ ਰੱਖਣ ਵਿੱਚ ਮਦਦ ਕਰਦੇ ਹਨ । ਸੜਕਾਂ ਦੇ ਦੋਨੋਂ ਕਿਨਾਰਿਆਂ ਉਤੇ ਬਹੁ ਗਿਣਤੀ ਟਾਹਲੀ, ਪਾਪੂਲਰ ਦੇ ਰੁੱਖ ਗਰਮੀ ਦੀ ਕੜਾਕੀ ਧੁੱਪ ਨੂੰ ਠੱਲ੍ਹ ਪਾਉਣ ਵਿੱਚ ਸਹਾਇਕ ਹਨ ।

ਰੂਪਨਗਰ ਤੋਂ ਮੋਹਾਲੀ ਅਤੇ ਅੰਬਾਲਾ ਵੱਲ ਦੀਆਂ ਪਹਾੜੀਆਂ ਅਤੇ ਲਾਗਲੇ ਰਕਬੇ ਵਿੱਚ ਬਨਸਪਤੀ ਵਿਰਲੀ ਹੈ । ਪਾਣੀ ਦੀ ਕਮੀ ਕਾਰਨ ਪਹਾੜੀਆਂ ਖੁਸ਼ਕ ਅਤੇ ਉੱਚੇ ਦਰਖ਼ਤ ਘੱਟ ਲੱਭਦੇ ਹਨ । ਮੀਂਹ ਪੈਣ ਤੋਂ ਬਾਅਦ ਪਹਾੜੀਆਂ ਦੇ ਟਿੱਲਿਆਂ ਉਪਰ ਹਰਿਆਲੀ ਦੀ ਚਹਿਲ ਪਹਿਲ ਕਾਫ਼ੀ ਦੇਰ ਤੱਕ ਨਜ਼ਰ ਆਉਂਦੀ ਰਹਿੰਦੀ ਹੈ । ਕੰਢੇਦਾਰ ਝਾੜੀਆਂ ਅਤੇ ਮਾਧਿਅਮ ਉਚਾਈ ਵਾਲੇ ਰੁੱਖ ਜਿਵੇਂ ਬੇਰੀਆਂ,

ਕੱਥਾ, ਫੁਲਾਹੀ, ਕਿੱਕਰਾਂ, ਮਿਠਾਨੀਮ ਆਦਿ ਹਮੇਸ਼ਾ ਮਿਲਦੀਆਂ ਹਨ । ਗਰਮੀ ਰੁੱਤੇ ਪੱਤੇ ਝੜੇ ਦਰਖ਼ਤ ਸੁੱਕੇ, ਪਹਾੜੀਆਂ ਖਾਲੀ ਅਤੇ ਬੰਜਰ ਪ੍ਰਤੀਤ ਹੋਣ ਲਗਦੀਆਂ ਹਨ। ਹੇਠਲੇ ਖੇਤਰਾਂ ਵਿੱਚ ਪਾਪੂਲਰ ਦੀ ਕਾਸ਼ਤ ਵਿਉਪਾਰਕ ਤੌਰ ਤੇ ਹੁੰਦੀ ਹੈ । ਅੱਜ ਕੱਲ੍ਹ ਕੁਰਾਲੀ ਅਤੇ ਮੋਹਾਲੀ ਵੱਲ ਦੇ ਖੇਤਾਂ ਵਿੱਚ ਪਾਪੂਲਰ ਦੇ ਨੌਜਵਾਨ ਰੁੱਖਾਂ ਨਾਲ ਖੇਤ ਲਹਿਰਾਉਂਦੇ ਹਨ । ਇਸ ਤੋਂ ਇਲਾਵਾ ਕਈ ਸਾਲ ਪਹਿਲਾਂ ਨਾਲਿਆਂ, ਖੇਤਾਂ ਅਤੇ ਸੜਕਾਂ ਦੁਆਲੇ ਉਗਾਏ ਸਫੈਦੇ ਦੇ ਰੁੱਖ ਅੱਜ ਕੱਲ੍ਹ ਪੂਰੇ ਜੋਬਨ 'ਤੇ ਹਨ ।

ਖੱਡਾਂ ਵਿਚੋਂ ਬਰਸਾਤੀ ਪਾਣੀ ਨਿਕਲ ਕੇ ਸਸਵਾਲ, ਬੁਢੀਕਾ, ਸੁੱਘ ਅਤੇ ਸਿਰਸਾ ਨਦੀਆਂ ਦੇ ਵਿੱਚ ਚਲ ਕੇ ਸਤਲੁਜ ਦਰਿਆ ਵਿੱਚ ਡਿਗਦਾ ਹੈ। ਇਹਨਾਂ ਦੇ ਕੰਢਿਆਂ ਉਪਰ ਟਾਹਲੀ, ਕਪਾਹਰੁੱਖ, ਜਾਮਨ, ਧਾਕ, ਕਿੱਕਰ ਅਤੇ ਖਜੂਰਾਂ ਦੇ ਪੁਰਾਣੇ ਰੁੱਖਾਂ ਨੇ ਜਗਾਹ ਮਲ ਰੱਖੀ ਹੈ । ਸੁੱਕੀਆਂ ਨਦੀਆਂ ਨਾਲਿਆਂ ਵਿੱਚ ਕਮਾਲਤਾ, ਕਾਨਾ, ਬੂਜਾ, ਬੈਂਚ ਘਾਹ ਅਤੇ ਸਖਤ ਸੁਭਾਅ ਦੇ ਬੂਟੇ ਉਗ ਕੇ ਥਾਂਵਾਂ ਭਰ ਦੇਂਦੇ ਹਨ । ਕਈ ਜਗਾਹ ਤੇ ਇਹਨਾਂ ਬੂਟਿਆਂ ਦੇ ਭਾਰੀ ਝੁੰਡ ਵੇਖੇ ਜਾ ਸਕਦੇ ਹਨ । ਮੀਂਹ ਦੀ ਰੁੱਤੇ ਇਹੀ ਬੂਟੇ ਪਾਣੀ ਦੀ ਚਾਲ ਵਿੱਚ ਰੁਕਾਵਟ ਬਣਦੇ ਹਨ । ਜੇਕਰ ਬਰਸਾਤੀ ਨਾਲਿਆਂ ਵਿੱਚ ਪਾਣੀ ਹੜ੍ਹ ਵਾਂਗ ਚੱਲੇ ਤਾਂ ਕਾਫ਼ੀ ਬਹੁਮੁਲੀ ਪੌਦਿਆਂ ਦੀ ਵਿਭਿੰਨ ਸੰਪਤੀ ਨੂੰ ਠੇਸ ਪਹੁੰਚਦੀ ਹੈ । ਨਾਲਿਆਂ ਵਿੱਚ ਪੇਤਰ, ਕਾਨਾ, ਯੂਲੂ, ਸਮਕ, ਨਾਰਕੁਲ, ਅਰਗਰਾਸਟਸ ਅਤੇ ਬੌਥਰੀਉਕਲੀਆ ਘਾਹਾਂ ਦੇ ਕਲੋਨ ਆਪਣੀਆਂ ਜੜ੍ਹਾਂ ਫੈਲਾ ਕੇ ਮਿੱਟੀ ਖੁਰਨ ਤੋਂ ਰੋਕਣ ਦਾ ਕੰਮ ਕਰਦੇ ਹਨ । ਪੌਦਿਆਂ ਦੀ ਵਨਸੁਵੰਨਤਾ ਵਿੱਚ ਪੁਆਧ ਦਾ ਇਲਾਕਾ ਕਿਸੇ ਤੋਂ ਘੱਟ ਨਹੀਂ ਹੈ । ਸਰਦੀ ਰੁਤੇ ਪਾਪੂਲਰ ਪੱਤੇ ਝਾੜ ਦੇਂਦਾ ਹੈ ਅਤੇ ਜ਼ਮੀਨੀ ਬਨਸਪਤੀ ਨੂੰ ਪੂਰੀ ਰੋਸ਼ਨੀ ਮਿਲਦੀ ਹੈ। ਖੇਤਾਂ ਵਿੱਚ ਕਣਕ, ਮੱਕੀ, ਚਾਵਲ, ਗੰਨਾ, ਆਲੂ, ਸਰਸੋਂ, ਮੱਟਰ, ਬਾਜਰਾ ਆਦਿ ਦੀਆਂ ਫ਼ਸਲਾਂ ਬੀਜਣ ਦੀ ਪਰੰਪਰਾ ਹੈ । ਪਸ਼ੂਆਂ ਲਈ ਚਾਰਾ, ਬਰਸੀਨ ਅਤੇ ਚਟਾਲਾ ਆਮ ਹੈ । ਸਥਾਨਕ ਸਬਜ਼ੀਆਂ ਵਿੱਚ ਕੱਦੂ, ਟੀਂਡਾ, ਕਰੇਲਾ, ਫੁਲਗੋਭੀ, ਪੱਤਾ ਗੋਭੀ, ਗਾਜਰ, ਮੂਲੀ, ਸ਼ਲਗਮ, ਬੈਂਗਣ, ਭਿੰਡੀ ਆਦਿ ਦੀ ਕਾਸ਼ਤ ਕਰਕੇ ਖੁਲ੍ਹੀਆਂ ਮੰਡੀਆਂ ਵਿੱਚ ਵੇਚਦੇ ਹਨ । ਮੌਸਮੀ ਸ਼ਬਜੀਆਂ ਤੋਂ ਇਲਾਵਾ ਬੇ-ਮੌਸਮੀ ਕੱਦੂ, ਫਲੀਆਂ, ਬੈਂਗਣ ਆਦਿ ਵੀ ਵੇਚਣ ਦਾ ਰੁਝਾਣ ਹੈ । ਪਿਛਲੇ ਕਈ ਸਾਲਾਂ ਤੋਂ ਗਾਜਰ ਘਾਹ ਅਤੇ ਭੰਗ ਦੇ ਬੂਟੇ ਦਿਨ ਪ੍ਰਤੀ ਦਿਨ ਸੜਕਾਂ, ਰੇਲਵੇ ਲਾਈਨਾਂ, ਖੇਤਾਂ, ਖਾਲ੍ਹੀ ਥਾਂਵਾਂ, ਨਦੀ ਨਾਲਿਆਂ ਦੇ ਕੰਢੇ ਅਤੇ ਘਰਾਂ ਦੇ ਅਗੇ ਪਿਛੇ ਬੜੇ ਖਤਰਨਾਕ ਤਰੀਕੇ ਨਾਲ ਫੈਲਦੇ ਜਾ ਰਹੇ ਹਨ । ਇਹਨਾਂ ਦੀ ਉਗਣ ਸ਼ਕਤੀ ਆਮ ਬੂਟਿਆਂ ਨਾਲੋਂ ਜ਼ਿਆਦਾ ਹੋਣ ਕਾਰਨ ਹਰ ਮਿੱਟੀ ਅਤੇ ਪੌਣ ਪਾਣੀ ਵਿੱਚ ਉਗ ਸਕਦੇ ਹਨ । ਬਹੁਤ ਬੀਜ ਤਿਆਰ ਕਰਦੇ ਹਨ ਅਤੇ ਹਰ ਭਾਗ ਫੁੱਟਣ ਦੀ ਸਮਰੱਥਾ ਰੱਖਦਾ ਹੈ। ਜੰਗਲਾਂ ਵਿੱਚ ਉਗੇ ਨਦੀਨ ਫ਼ਸਲਾਂ ਵਿੱਚ ਮਿਲਣ ਵਾਲੇ ਨਦੀਨਾਂ ਤੋਂ ਵਖਰੇ ਹਨ । ਫ਼ਸਲਾਂ ਬੀਜਣ ਤੋਂ ਪਹਿਲਾਂ ਵਹਾਈ ਸਮੇਂ ਇਹ ਬੂਟੇ ਜਿਵੇਂ ਘਾਹ, ਚੋਲਾਈ, ਬਾਥੂ,

ਹਿਰਨਖੁਰੀ ਆਦਿ ਖ਼ਤਮ ਹੋ ਜਾਂਦੇ ਹਨ ਪਰੰਤੂ ਫ਼ਸਲਾਂ ਦੇ ਉਗਦਿਆਂ ਹੀ ਦੁਬਾਰਾ ਫ਼ਸਲੀ ਬੂਟਿਆਂ ਤੋਂ ਪਹਿਲਾਂ ਉਗ ਪੈਂਦੇ ਹਨ । ਇਹਨਾਂ ਨੂੰ ਕੱਢਣ ਲਈ ਖੁਰਪਾ ਜਾਂ ਦਾਤਰੀ ਜਾਂ ਕੀਟ ਨਾਸ਼ਕ ਦਵਾਈ ਛਿੜਕਣ ਦੀ ਲੋੜ ਪੈਂਦੀ ਹੈ ।

ਵਧਦੀ ਜਨਸੰਖਿਆ ਦੀਆਂ ਖਾਧ ਪਦਾਰਥਾਂ ਨਾਲ ਸਬੰਧਿਤ ਮੰਗਾਂ ਨੂੰ ਪੂਰਾ ਕਰਨ ਲਈ ਖੇਤੀ ਬਾੜੀ ਦੇ ਲਈ ਜ਼ਮੀਨ ਮਹੁਈਆ ਕਰਵਾਉਣ ਲਈ ਜੰਗਲਾਂ ਦੀ ਅੰਧਾਧੁੰਦ ਸਫ਼ਾਈ ਕੀਤੀ ਜਾ ਰਹੀ ਹੈ । ਬਾਲਣ ਦੀ ਲੱਕੜੀ ਲਈ ਗ਼ਰੀਬ ਲੋਕਾਂ ਦੀ ਨਿਰਭਰਤਾ ਵੀ ਜੰਗਲਾਂ 'ਤੇ ਹੀ ਹੈ । ਬਾਲਣ ਲਈ ਲੱਕੜੀ ਦੀ ਮੰਗ ਨੂੰ ਪੂਰਾ ਕਰਨ ਲਈ ਤੇਜ਼ੀ ਨਾਲ ਉਗਣ ਵਾਲੀਆਂ ਨਸਲਾਂ ਦੀ ਗਿਣਤੀ ਵਿੱਚ ਵਾਧਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਪਰੰਤੂ ਵਾਤਾਵਰਣ ਨਾਲ ਸਬੰਧਿਤ ਨਤੀਜਾ ਸੁਧਾਰਨ ਦੀ ਥਾਂ ਉਲਟਾ ਵਿਗੜਦਾ ਹੀ ਜਾ ਰਿਹਾ ਹੈ । ਲੋਕ ਨਵੇਂ ਪੁੰਗਰਦੇ ਰੁੱਖਾਂ ਨੂੰ ਪ੍ਰਜੰਨਣ ਤੋਂ ਪਹਿਲਾਂ ਹੀ ਕੱਟ ਕੇ ਰੁੱਖਾਂ ਨੂੰ ਨਵੀਂ ਪੀੜ੍ਹੀ ਤਿਆਰ ਕਰਨ ਦੇ ਅਧਿਕਾਰ ਨੂੰ ਵੀ ਖੋਹੀ ਜਾ ਰਹੇ ਹਨ । ਨਵਜੰਮੇ ਟਾਹਲੀ, ਕਿੱਕਰ, ਟੂਨਾ, ਫੁਲਾਹੀ ਦੇ ਰੁੱਖਾਂ ਦੀ ਦਿਨ ਪ੍ਰਤੀ ਦਿਨ ਪੁਆਧ ਵਿੱਚ ਕਮੀ ਮਹਿਸੂਸ ਹੋ ਰਹੀ ਹੈ । ਨਿਵੇਕਲੇ ਜੰਗਲਾਂ ਦੇ ਨੇੜੇ ਵਸਦੇ ਲੋਕ ਅਕਸਰ ਬਾਲਣ ਦੀ ਲਕੜੀ ਦੀ ਭਾਲ ਵਿੱਚ ਰੁੱਖਾਂ ਦੀ ਕਟਾਈ ਕਰਦੇ ਰਹਿੰਦੇ ਹਨ । ਕਈ ਲੋਕ ਸ਼ਿਵਾਲਿਕ ਦੀਆਂ ਹੇਠਲੀਆਂ ਪਹਾੜੀਆਂ ਉਤੇ ਉਗੇ ਰੁੱਖਾਂ ਦੀ ਲੱਕੜੀ ਕੱਟ ਕੇ ਆਪਣੇ ਪਰਿਵਾਰ ਦੀ ਪਰਵਰਿਸ਼ ਲਈ ਮਾਰਕਿਟ ਵਿੱਚ ਵੇਚਣ ਦਾ ਧੰਦਾ ਕਰ ਰਹੇ ਹਨ ।

ਪੁਆਧ ਦੀ ਕੁਦਰਤੀ ਬਨਸਪਤੀ ਦੀ ਸੁੱਚਜੇ ਢੰਗ ਨਾਲ ਵਰਤੋਂ ਕਰਨਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਹਿੱਤ ਲਈ ਸਾਂਭ ਸੰਭਾਲ ਕਰਨਾ ਸਮੇਂ ਦੀ ਮੰਗ ਹੈ ।

# ਪੁਆਧ ਦੇ ਰੁੱਖ, ਬੂਟੇ ਤੇ ਫ਼ਸਲਾਂ

*ਦਿਲਸ਼ੇਰ ਸਿੰਘ ਨਿਰਦੋਸ਼*

"ਬਲਿਹਾਰੀ ਕੁਦਰਤ ਵਸਿਆ ਤੇਰਾ ਅੰਤ ਨ ਜਾਈ ਲਖਿਆ।"

ਇਹ ਮਹਾਂਵਾਕ ਇਸ ਸੰਕਲਪ ਨੂੰ ਪ੍ਰਗਟ ਕਰਦਾ ਹੈ ਕਿ ਪ੍ਰਭੂ ਆਪੇ ਸਾਜੀ ਸੰਵਾਰੀ ਕੁਦਰਤ ਵਿੱਚ ਵਸਦਾ ਹੈ। ਉਹ ਸਿਰਜਨਹਾਰ ਹੈ। ਇਹ ਕਾਇਨਾਤ ਉਸ ਨੇ ਹੀ ਸਾਜੀ ਹੈ। ਉਸ ਦੀ ਹੋਂਦ ਨੂੰ ਅਸੀਂ ਕੁਦਰਤ ਵਿੱਚ ਅਨੁਭਵ ਕਰ ਸਕਦੇ ਹਾਂ।

ਕੁਦਰਤ ਪ੍ਰਤੱਖ ਅਤੇ ਅਪ੍ਰਤੱਖ ਦੋਵਾਂ ਰੂਪਾਂ ਵਿੱਚ ਮਨੁੱਖਾਂ ਅਤੇ ਬਾਕੀ ਸਾਰੇ ਜੀਵਾਂ ਦੀ ਪਾਲਣਹਾਰ ਹੈ। ਕੁਦਰਤ ਹੀ ਸਾਡੀ ਮਾਈ ਬਾਪ ਹੈ। ਉਸ ਤੋਂ ਹੀ ਸਾਨੂੰ ਖਾਣ ਪੀਣ ਅਤੇ ਤਨ ਢੱਕਣ ਲਈ ਸਮੱਗਰੀ ਮਿਲਦੀ ਹੈ।

ਵੱਖ ਵੱਖ ਇਲਾਕਿਆਂ ਵਿੱਚ ਮਿੱਟੀ ਦੀ ਕਿਸਮ ਅਤੇ ਉੱਥੋਂ ਦੇ ਪੌਣ ਪਾਣੀ ਅਨੁਸਾਰ ਰੁੱਖ, ਪੌਦੇ, ਫ਼ਸਲਾਂ ਅਤੇ ਹੋਰ ਬਨਸਪਤੀ ਉਤਪੰਨ ਹੁੰਦੀ ਹੈ ਜਿਵੇਂ ਦੱਖਣ ਵਿੱਚ ਸਮੁੰਦਰ ਦੇ ਨਾਲ ਲਗਦੇ ਪ੍ਰਾਂਤਾਂ ਵਿੱਚ ਨਾਰੀਅਲ ਦੇ ਪੌਦੇ ਉੱਗਦੇ ਹਨ ਜਾਂ ਉਗਾਏ ਜਾਂਦੇ ਹਨ। ਉਥੋਂ ਦੇ ਵਾਸੀ ਨਾਰੀਅਲ ਨੂੰ ਖਾਣ ਅਤੇ ਉਸ ਦੇ ਤੇਲ ਨੂੰ ਤਲਣ, ਸਿਰ ਨੂੰ ਲਾਉਣ ਅਤੇ ਹੋਰ ਕਈ ਢੰਗਾਂ ਨਾਲ ਵਰਤਦੇ ਹਨ। ਉਹਨਾਂ ਦੇ ਸਭਿਆਚਾਰ ਦੀ ਵਿਭਿੰਨਤਾ ਵੀ ਇਸੇ ਕਰਕੇ ਹੈ। ਪ੍ਰਕਿਰਤੀ ਤੇ ਸਭਿਆਚਾਰ ਦਾ ਆਪਸੀ ਗੂੜ੍ਹਾ ਸਬੰਧ ਹੈ।

ਪੁਆਧ ਦੀ ਧਰਤੀ ਅਤੇ ਇਥੋਂ ਦਾ ਪੌਣ-ਪਾਣੀ ਅੰਬਾਂ ਦੇ ਰੁੱਖਾਂ ਲਈ ਪ੍ਰਸਿੱਧ ਹੈ। ਪੁਆਧੀ ਅੰਬ ਰਸੀਲੇ ਅਤੇ ਮਿੱਠੇ ਹੁੰਦੇ ਹਨ। ਇਨ੍ਹਾਂ ਨੂੰ ਚੂਪਣ ਲਈ ਹਰ ਕਿਸੇ ਦਾ ਦਿਲ ਲਲਚਾਉਂਦਾ ਰਹਿੰਦਾ ਹੈ

ਮੋਰਿੰਡਾ, ਜਿਸ ਨੂੰ ਪਹਿਲਾਂ ਬਾਗਾਂ ਵਾਲਾ ਵੀ ਕਿਹਾ ਜਾਂਦਾ ਸੀ, ਇਥੇ ਬਹੁਤ ਸਾਰੇ ਅੰਬਾਂ ਦੇ ਬਾਗ ਸਨ। ਕੁਰਾਲੀ ਵੀ ਚੂਪਣ ਵਾਲੇ ਅੰਬਾਂ ਲਈ ਪ੍ਰਸਿੱਧ ਸੀ। ਇਥੇ ਵੀ ਬਹੁਤ ਸਾਰੇ ਅੰਬਾਂ ਦੇ ਬਾਗ ਸਨ। ਹੁਣ ਬਹੁਤ ਸਾਰੇ ਬਾਗ ਪੁੱਟ ਦਿੱਤੇ ਗਏ ਹਨ। ਅੰਬਾਲੇ ਵਿਖੇ ਵੀ ਬਹੁਤ ਸਾਰੇ ਅੰਬਾਂ ਦੇ ਰੁੱਖ ਪਾਏ ਜਾਂਦੇ ਸਨ। ਅੰਬਾਂ ਦੀ ਬਹੁਤਾਤ ਕਰਕੇ ਇਸ ਸ਼ਹਿਰ ਨੂੰ 'ਅੰਬਾਂ ਵਾਲਾ' ਕਿਹਾ ਜਾਂਦਾ ਸੀ। 'ਅੰਬਾਂ ਵਾਲਾ' ਤੋਂ ਵਿਗੜ ਕੇ ਹੀ ਇਸ ਸ਼ਹਿਰ ਦਾ ਨਾਂ ਅੰਬਾਲਾ ਪਿਆ।

ਕੱਚੇ ਅੰਬਾਂ ਦਾ ਅਚਾਰ, ਚਟਨੀ ਅਤੇ ਮੁਰੱਬਾ ਪਾਇਆ ਜਾਂਦਾ ਹੈ। ਅੰਬ ਦੀ ਫੱਟੀਆਂ ਸਾਮਾਨ ਭਰਨ ਲਈ ਬਕਸੇ ਬਣਾਉਣ ਦੇ ਕੰਮ ਆਉਂਦੀਆਂ ਹਨ।

ਕਈ ਥਾਂ ਅਮਰੂਦਾਂ ਦੇ ਬਾਗ ਵੀ ਪਾਏ ਜਾਂਦੇ ਹਨ। ਅਮਰੂਦਾਂ ਵਿੱਚ ਲੋਹ ਤੱਤ ਬਹੁਤ ਹੁੰਦਾ ਹੈ। ਬੱਚੇ ਇਨ੍ਹਾਂ ਨੂੰ ਖੁਸ਼ ਹੋ ਕੇ ਖਾਂਦੇ ਹਨ।

ਇਸ ਇਲਾਕੇ ਵਿੱਚ ਕਿੱਕਰ ਦੇ ਦਰੱਖਤ ਬਹੁਤ ਮਾਤਰਾ ਵਿੱਚ ਪਾਏ ਜਾਂਦੇ ਹਨ। ਕਿੱਕਰ ਦੀ ਪੱਕੀ ਲਕੜ ਬਹੁਤ ਸਖਤ ਹੁੰਦੀ ਹੈ। ਇਸ ਤੋਂ ਖੇਤੀਬਾੜੀ ਦੇ ਕਈ ਸੰਦ ਬਣਦੇ ਹਨ ਜਿਵੇਂ ਹਲ, ਪੰਜਾਲੀ, ਸੁਆਗਾ ਅਤੇ ਗੱਡੇ ਦੇ ਪਹੀਏ। ਘਰ ਛੱਤਣ ਲਈ ਬਾਲੇ ਅਤੇ ਸਤੀਰ ਵੀ ਬਣਾਏ ਜਾਂਦੇ ਸਨ। ਅੱਜਕੱਲ੍ਹ ਛੱਤ ਤੇ ਲੈਂਟਰ ਪਾਉਣ ਦਾ ਰਿਵਾਜ਼ ਹੋ ਗਿਆ ਹੈ ਜਿਸ ਕਰਕੇ ਬਾਲਿਆਂ ਅਤੇ ਸਤੀਰਾਂ ਦੀ ਕਦਰ ਘੱਟ ਗਈ ਹੈ।

ਪੁਆਧ ਵਿੱਚ ਤੂਤ (ਸ਼ਹਿਤੂਤ) ਵੀ ਬਹੁਤ ਥਾਂ ਮਿਲਦੇ ਹਨ। ਪੱਕੇ ਹੋਏ ਸ਼ਹਿਤੂਤ ਬੱਚੇ ਚਾਅ ਨਾਲ ਖਾਂਦੇ ਹਨ। ਤੂਤ ਦੀਆਂ ਛਿਟੀਆਂ ਤੋਂ ਟੋਕਰੇ ਅਤੇ ਟੋਕਰੀਆਂ ਬਣਾਈਆਂ ਜਾਂਦੀਆਂ ਹਨ। ਜਿਨ੍ਹਾਂ ਨੂੰ ਆਮ ਤੌਰ ਤੇ ਗੋਹਾ ਕੂੜਾ ਕਰਨ ਅਤੇ ਰੇਹ ਆਦਿ ਖਿੰਡਾਉਣ ਲਈ ਵਰਤਿਆ ਜਾਂਦਾ ਹੈ।

ਇੱਥੇ ਪਾਇਆ ਜਾਣ ਵਾਲਾ ਇੱਕ ਹੋਰ ਦਰੱਖਤ ਹੈ ਟਾਹਲੀ। ਇਸ ਦੀ ਪੱਕੀ ਲੱਕੜ ਸਖ਼ਤ ਅਤੇ ਹੰਡਣਸਾਰ ਹੁੰਦੀ ਹੈ। ਇਸ ਤੋਂ ਚੌਗਾਠਾਂ, ਦਰਵਾਜ਼ੇ, ਖਿੜਕੀਆਂ ਅਤੇ ਮੇਜ਼ ਕੁਰਸੀਆਂ ਆਦਿ ਬਣਾਈਆਂ ਜਾਂਦੀਆਂ ਹਨ।

ਪੁਆਧ ਵਿੱਚ ਅੰਬਾਂ ਵਾਂਗ ਜਾਮਣ ਅਤੇ ਜਮੋਆ ਦੇ ਦਰੱਖਤ ਵੀ ਆਮ ਪਾਏ ਜਾਂਦੇ ਹਨ। ਜਾਮਣ ਦੇ ਫਲ ਖੱਟੇ ਅਤੇ ਮਿੱਠੇ ਹੁੰਦੇ ਹਨ। ਇਨ੍ਹਾਂ ਨੂੰ ਬੱਚੇ ਬਹੁਤ ਖੁਸ਼ ਹੋ ਕੇ ਖਾਂਦੇ ਹਨ। ਇਨ੍ਹਾਂ ਦੀ ਵਰਤੋਂ ਨਾਲ ਸ਼ੂਗਰ ਦੇ ਰੋਗ ਨੂੰ ਠੱਲ੍ਹ ਪੈਂਦੀ ਹੈ।

ਜਮੋਆ ਜਾਮਣ ਤੋਂ ਵੱਧ ਚੀੜਾ ਹੁੰਦਾ ਹੈ। ਪੁਆਧ ਦੇ ਲੋਕ ਇਸ ਤੋਂ ਚੌਗਾਠਾਂ, ਦਰਵਾਜ਼ੇ ਅਤੇ ਖਿੜਕੀਆਂ ਬਣਾ ਕੇ ਖੁਸ਼ ਹੁੰਦੇ ਹਨ।

ਬੇਰੀਆਂ ਦੇ ਦਰਖ਼ਤ ਵੀ ਇਥੇ ਪਾਏ ਜਾਂਦੇ ਹਨ। ਕਈ ਥਾਂ ਬੇਰੀਆਂ ਦੇ ਬਾਗ ਵੀ ਲੱਗੇ ਹੁੰਦੇ ਹਨ। ਬੇਰਾਂ ਨੂੰ ਪੇਂਡੂ ਅਤੇ ਸ਼ਹਿਰੀ ਬੱਚੇ ਖ਼ੁਸ਼ੀ ਖ਼ੁਸ਼ੀ ਖਾਂਦੇ ਹਨ। ਕਹਿੰਦੇ ਹਨ ਕਿ ਸੇਬਾਂ ਵਿੱਚ ਪਾਏ ਜਾਣ ਵਾਲੇ ਸਾਰੇ ਤੱਤ ਬੇਰਾਂ ਵਿਚ ਹੁੰਦੇ ਹਨ। ਉਹ ਵੀ ਸੇਬਾਂ ਨਾਲੋਂ ਵੱਧ ਮਾਤਰਾ ਵਿੱਚ।

ਹੁਣ ਕਈ ਫਲਦਾਰ ਬੂਟੇ ਜਿਵੇਂ ਚੀਕੂ, ਲੀਚੀ, ਮਾਲਟਾ, ਨਿੰਬੂ ਅਤੇ ਅੰਗੂਰ ਆਦਿ ਪੁਆਧ ਦੇ ਲੋਕ ਲਗਾਉਣ ਲੱਗ ਗਏ ਹਨ।

ਨਿੰਮ ਦੇ ਦਰੱਖਤ ਵੀ ਇਥੇ ਆਮ ਪਾਏ ਜਾਂਦੇ ਹਨ। ਨਿੰਮ ਦੀਆਂ ਚੌਗਾਠਾਂ ਅਤੇ ਵਿਆਹ ਸਮੇਂ ਦਹੇਜ ਵਿੱਚ ਦੇਣ ਵਾਲੀਆਂ ਪੇਟੀਆਂ ਖਾਸ ਤੌਰ ਤੇ ਕਹਿ ਕੇ ਬਣਵਾਈਆਂ ਜਾਂਦੀਆਂ ਸਨ। ਨਿੰਮ ਦਵਾਈਆਂ ਬਣਾਉਣ ਦੇ ਕੰਮ ਵੀ ਆਉਂਦੀ ਹੈ।

ਪਿਲਖਣ ਇਕ ਗੂੜ੍ਹੇ ਹਰੇ ਅਤੇ ਸੰਘਣੇ ਪੱਤਿਆਂ ਵਾਲਾ ਦਰੱਖਤ ਵੀ ਇਥੇ ਪਾਇਆ ਜਾਂਦਾ ਹੈ। ਇਸ ਦੀ ਠੰਡੀ ਅਤੇ ਗੂੜ੍ਹੀ ਛਾਂ ਹੇਠ ਗਰਮੀਆਂ ਵਿੱਚ ਲੋਕ ਆਰਾਮ ਕਰਦੇ ਹਨ। ਕਿਤੇ ਕਿਤੇ ਵੱਡ ਆਕਾਰੀ ਪਿਲਖਣ ਦੇ ਦਰੱਖਤ ਹੇਠਲੀ ਠੰਡੀ ਛਾਂ ਹੀ ਸੱਥ ਹੋ ਨਿਬੜਦੀ ਹੈ।

ਪਿੱਪਲ ਅਤੇ ਬਰੋਟੇ(ਬੜ) ਦੇ ਭਾਰੀ ਭਾਰੀ ਦਰੱਖਤ ਪਿੰਡਾਂ ਵਿੱਚ ਆਮ ਮਿਲਦੇ ਹਨ। ਪਿੱਪਲ ਦੀ ਉਮਰ ਬਹੁਤ ਲੰਮੀ ਹੁੰਦੀ ਹੈ। ਕਈ ਪਿੱਪਲ ਤਾਂ ਸੌ ਸੌ ਸਾਲ ਤੱਕ ਵੀ ਖੜ੍ਹੇ ਰਹਿੰਦੇ ਹਨ। ਕਈ ਲੋਕ ਪਿੱਪਲ ਦੀ ਪੂਜਾ ਵੀ ਕਰਦੇ ਹਨ। ਪਿੱਪਲ ਅਤੇ ਬਰੋਟੇ ਦੀਆਂ ਗੋਹਲਾਂ ਪੰਛੀ ਖੁਸ਼ ਹੋ ਕੇ ਖਾਂਦੇ ਹਨ।

ਪੁਆਧ ਵਿੱਚ ਕਿਤੇ ਕਿਤੇ ਨੀਮ ਪਹਾੜੀ ਇਲਾਕਾ ਵੀ ਹੈ। ਇਥੇ ਵੱਖ ਵੱਖ ਕਿਸਮ ਦੇ ਦਰੱਖਤ ਪਾਏ ਜਾਂਦੇ ਹਨ ਜਿਵੇਂ ਵਣ, ਖੈਰ ਆਦਿ।

ਇਥੇ ਭਿੰਨ ਭਿੰਨ ਪ੍ਰਕਾਰ ਦੀਆਂ ਫਸਲਾਂ ਬੀਜੀਆਂ ਜਾਂਦੀਆਂ ਹਨ ਜਿਵੇਂ ਕਣਕ, ਜੌਂ, ਛੋਲੇ, ਸਰੋਂ, ਮੱਕੀ, ਜੁਆਰ, ਬਾਜਰਾ, ਚੌਲ, ਮੂੰਗਫਲੀ, ਗੰਨਾ, ਕਪਾਹ ਆਦਿ।

ਇੱਥੇ ਦਾਲਾਂ ਦੇ ਤੌਰ ਤੇ ਵਰਤੀਆਂ ਜਾਣ ਵਾਲੀਆਂ ਜਿਨਸਾਂ ਹਰ ਹਰ, ਮਾਂਹ, ਮੂੰਗੀ, ਮੋਠ ਅਤੇ ਮਸਰੀ ਉਗਾਈਆਂ ਜਾਂਦੀਆਂ ਹਨ।

ਖ਼ਰਬੂਜ਼ੇ, ਤਰਬੂਜ਼ ਅਤੇ ਫੁੱਟਾਂ ਤੋਂ ਬਿਨਾਂ ਇਥੇ ਟਿੰਡੇ, ਘੀਆ, ਕੱਦੂ, ਮਿੱਠਾ ਕੱਦੂ, ਚੱਪਣ ਕੱਦੂ, ਪੇਠਾ, ਭਿੰਡੀ ਤੋਰੀ, ਕਾਲੀ ਤੋਰੀ, ਬੈਂਗਣ, ਆਲੂ, ਫੁਲ ਗੋਭੀ, ਬੰਦ ਗੋਭੀ, ਮਟਰ, ਟਮਾਟਰ, ਸੇਮ ਫਲੀ, ਪਿਆਜ਼ ਅਤੇ ਲੱਸਣ ਆਦਿ ਸਬਜ਼ੀਆਂ ਵੀ ਇਥੇ ਪੈਦਾ ਕੀਤੀਆਂ ਜਾਂਦੀਆਂ ਹਨ। ਸਾਗ ਬਣਾਉਣ ਲਈ ਸਰੋਂ, ਪਾਲਕ, ਮੇਥੀ, ਮੇਥੇ, ਚਲਾਈ ਆਦਿ ਵੀ ਇਥੇ ਬੀਜੇ ਜਾਂਦੇ ਹਨ। ਬਾਥੂ ਤਾਂ ਆਪ ਮੁਹਾਰੇ ਹੀ ਉੱਗ ਪੈਂਦਾ ਹੈ। ਇਹ ਸਾਗ ਨੂੰ ਜਲਦੀ ਘੋਲਣ ਲਈ ਵਰਤਿਆ ਜਾਂਦਾ ਹੈ।

ਇਥੇ ਕਈ ਦੁਆਈਆਂ ਬਣਾਉਣ ਵਾਲੀਆਂ ਜੜ੍ਹੀਆਂ ਬੂਟੀਆਂ ਜਿਵੇਂ ਕਿ ਬਸੂਟਾ, ਸੰਭਾਲੂ, ਤੁਲਸੀ, ਛਕਣ ਨਿਮੋਲੀ, ਭੱਖੜਾ, ਘੀ ਕੁਆਰ, ਧਤੂਰਾ, ਅਮਰ ਵੇਲ, ਕਾਸਣੀ ਆਦਿ ਪਾਈਆਂ ਜਾਂਦੀਆਂ ਹਨ। ਇਨ੍ਹਾਂ ਤੋਂ ਬਿਨਾਂ ਹੋਰ ਬਹੁਤ ਸਾਰੀਆਂ ਜੜ੍ਹੀਆਂ ਬੂਟੀਆਂ ਹਨ। ਪੇਂਡੂ ਵੈਦ, ਹਕੀਮ ਇਨ੍ਹਾਂ ਜੜੀਆਂ ਬੂਟੀਆਂ ਤੋਂ ਦਵਾਈਆਂ ਬਣਾ ਕੇ ਲੋਕਾਂ ਦਾ ਇਲਾਜ ਕਰਦੇ ਸਨ।

ਪਸ਼ੂਆਂ ਲਈ ਆਪੇ ਉੱਗੇ ਘਾਹ, ਖੱਬਲ, ਮੋਥਾ, ਕਾਹੀ ਤੋਂ ਬਿਨ੍ਹਾਂ ਪਸ਼ੂਆਂ ਦੇ ਖਾਣ ਲਈ ਹਰੇ ਚਾਰੇ ਵਿੱਚ ਮੇਥੇ, ਬਰਸੀਮ ਚੁਟਾਲਾ, ਚਰੀ, ਮੱਕੀ, ਬਾਜਰਾ, ਅਲਸੀ, ਸਰੋਂ ਅਤੇ ਤੋਰੀਆਂ ਆਦਿ ਬੀਜੇ ਜਾਂਦੇ ਹਨ।

ਇਸ ਇਲਾਕੇ ਵਿੱਚ ਚੰਡੀਗੜ੍ਹ ਵਸ ਗਿਆ ਹੈ। ਪੁਆਧ ਦੇ ਲੋਕ ਵੀ ਚੰਡੀਗੜ੍ਹ ਵਿੱਚ ਬੀਜੇ ਗਏ ਫੁੱਲਾਂ ਵਾਲੇ ਸਜਾਵਟੀ ਦਰੱਖਤ ਅਤੇ ਫੁੱਲਾਂ ਵਾਲੇ ਬੂਟੇ ਲਗਾਉਣ ਲੱਗ ਪਏ ਹਨ। ਬਹੁਤ ਸਾਰੀ ਪੁਰਾਣੀ ਕੁਦਰਤੀ ਬਨਸਪਤੀ ਅਲੋਪ ਹੋ ਗਈ ਹੈ।

# ਚੰਡੀਗੜ੍ਹ ਵਸਾਉਣ ਲਈ ਪੁਆਧ ਦੇ ਉਜਾੜੇ ਗਏ ਪਹਿਲੇ ਪਿੰਡਾਂ ਦੀ ਸੂਚੀ

ਜਿਨ੍ਹਾਂ ਨੂੰ ਪੰਜਾਬ ਵਿੱਚ ਵਸੇਬੇ ਲਈ ਠਹਿਰ ਦਿੱਤੀ :

1. ਬਲਵਾੜੀ ਕਰਮ ਚੰਦ
2. ਦਲਹੇੜੀ ਜੱਟਾਂ
3. ਦਲਹੇੜੀ ਰਾਜਪੂਤ ਜੱਟਾਂ (ਰੰਗੜਾਂ)
4. ਗੁਰਦਾਸ ਪੁਰਾ
5. ਕੈਲੜ
6. ਕਾਲੀਬੜ
7. ਕੰਚਨ ਮਾਜਰਾ/ਕੰਚਨਪੁਰਾ (ਹਮੀਰਪੁਰ)
8. ਕਾਂਜੀ ਮਾਜਰਾ
9. ਖੇੜੀ
10. ਮਹਿਲੇ ਮਾਜਰਾ
11. ਨਰਾਲਾ
12. ਰਾਮਨਗਰ/ਭੰਗੀਮਾਜਰਾ
13. ਰੁੜਕੀ ਪੜਾਓ
14. ਸ਼ਾਹਜ਼ਾਦਪੁਰ
15. ਸੈਣੀਮਾਜਰਾ
16. ਕਰੋਰਾਂ/ਨਯਾ ਗਰਾਓਂ
17. ਕਾਂਸਲ

ਦੂਜਾ ਉਜਾੜਾ ਜਿਨ੍ਹਾਂ ਪਿੰਡਾਂ ਨੂੰ ਵਸਣ ਲਈ ਕੋਈ ਵਸੇਬਾ ਨਹੀਂ ਦਿੱਤਾ ਗਿਆ :

1. ਬੈਰਮਾਜਰਾ
2. ਬਜਵਾੜਾ
3. ਬਖਤਾ ਬਜਵਾੜੀ
4. ਚੂਹੜਮਾਜਰਾ (ਹਵਾਈ ਅੱਡੇ ਲਈ)

5. ਦਤਾਰਪੁਰ (ਹਵਾਈ ਅੱਡੇ ਲਈ)
6. ਫੈਦਾਂ
7. ਫਤਹਿਗੜ੍ਹ/ਮਾਦੜੀਆਂ
8. ਜੈਪੂਰਾ
9. ਕੰਥਾਲਾ
10. ਕਰਸਾਨ
11. ਸ਼ਾਹਪੁਰ

ਚੰਡੀਗੜ੍ਹ ਯੂ.ਟੀ. ਦੇ ਐਲਾਨ ਕੀਤੇ 22 ਪਿੰਡ ਜਿਨ੍ਹਾਂ ਦੀਆਂ ਜ਼ਮੀਨਾਂ ਲੈ ਲਈਆਂ ਗਈਆਂ । ਪਰ ਪਿੰਡ ਲਾਲ ਲਕੀਰ ਦੇ ਅੰਦਰ ਰੱਖੇ ਗਏ :

1. ਅਟਾਵਾ
2. ਬੜੈਲ
3. ਬਟੇਲਾ (ਬਟੇਰਲਾ)
4. ਬਡਹੇੜੀ
5. ਮਨੀ ਮਾਜਰਾ
6. ਬਹਿਲਾਣਾ
7. ਦੜੂਆ
8. ਧਨਾਸ
9. ਡੱਡੂ ਮਾਜਰਾ
10. ਹੱਲੋਮਾਜਰਾ
11. ਕੰਬਾਲਾ
12. ਖੁੱਡਾ ਲਹੌਰਾ
13. ਖੁੱਡਾ ਜੱਸੂ
14. ਮੱਖਣ ਮਾਜਰਾ
15. ਮਲੋਆ
16. ਮੌਲੀ ਜਗਰਾਂ
17. ਕਿਸ਼ਨਗੜ੍ਹ ਭਗਵਾਨਪੁਰਾ
18. ਪਲਸੌਰਾ
19. ਰੈਪੁਰ ਕਲਾਂ
20. ਰੈਪੁਰ ਖੁਰਦ
21. ਸਾਰੰਗਪੁਰ
22. ਕਜਹੇੜੀ

# ਪੁਸਤਕ 'ਚ ਰਚਨਾਵਾਂ ਦੇ ਕ੍ਰਮ ਅਨੁਸਾਰ ਲੇਖਕਾਂ ਦੇ ਸਿਰਨਾਵੇਂ :

1. ਸ. ਦਲੀਪ ਸਿੰਘ
   (ਸਵਰਗਵਾਸੀ ਪਟਿਆਲਾ)
2. ਸ. ਜਸਵਿੰਦਰ ਸਿੰਘ ਕਾਈਨੌਰ
   640-ਬੀ, ਰੇਡੀਓ ਕਲੋਨੀ
   ਸੈਕਟਰ 46-ਏ, ਚੰਡੀਗੜ੍ਹ
3. ਡਾ. ਨਿਰਮਲ ਸਿੰਘ ਬਾਸੀ
   ਸੀ-88, ਪੰਜਾਬ ਯੂਨੀਵਰਸਿਟੀ
   ਕੰਪਲੈਕਸ, ਚੰਡੀਗੜ੍ਹ
4. ਡਾ. ਕਰਨੈਲ ਸਿੰਘ ਸੋਮਲ
   337 ਫ਼ੇਜ਼ 6-ਮੁਹਾਲੀ
   (ਰੋਪੜ) 160055
5. ਡਾ.ਜਸਵਿੰਦਰ ਸਿੰਘ ਧਾਲੀਵਾਲ
   ਲੈਕਚਰਾਰ, ਸਰਕਾਰੀ ਸ਼ਿਵਾਲਿਕ
   ਕਾਲਜ ਨਯਾਂ ਨੰਗਲ (ਰੋਪੜ)
6. ਸ. ਮਨਦੀਪ ਸਿੰਘ
   ਭਾਸ਼ਾ ਵਿਗਿਆਨ ਤੇ ਪੰਜਾਬੀ
   ਭਾਸ਼ਾ ਵਿਭਾਗ, ਪੰਜਾਬੀ
   ਯੂਨੀਵਰਸਿਟੀ ਪਟਿਆਲਾ
7. ਡਾ. ਗੁਰਵਿੰਦਰ ਸਿੰਘ
   ਪਿੰਡ ਦਰਾਹਲੀ, ਡਾਕ.ਮਨੌਲੀ
   ਤਹਿ. ਮੁਹਾਲੀ (ਰੋਪੜ)
8. ਡਾ.ਜਗਜੀਤ ਸਿੰਘ
   1108, ਫ਼ੇਜ਼ 5-ਮੁਹਾਲੀ (ਰੋਪੜ)
9. ਸ. ਸੁਰਿੰਦਰ ਸਿੰਘ ਰਸੂਲਪੁਰ
   ਪਿੰਡ ਰਸੂਲਪੁਰ ਡਾਕ.ਮੋਰਿੰਡਾ
   ਤਹਿ. ਤੇ ਜ਼ਿਲ੍ਹਾ ਰੋਪੜ
10. ਸ. ਕਰਮਜੀਤ ਸਿੰਘ
    1063, ਸੈਕਟਰ 44-ਬੀ
    ਚੰਡੀਗੜ੍ਹ
11. ਡਾ. ਹਰਚੰਦ ਸਿੰਘ ਸਰਹਿੰਦੀ
    223, ਵਾਰਡ ਨੰ: 11, ਸਰਹਿੰਦ,
    ਜ਼ਿਲ੍ਹਾ ਫਤਹਿਗੜ੍ਹ ਸਾਹਿਬ
12. ਸ. ਨਰਿੰਜਨ ਸਿੰਘ ਸਾਥੀ
    ਸਬ-ਐਡੀਟਰ
    ਰੋਜ਼ਾਨਾ ਅਜੀਤ, ਜਲੰਧਰ
13. ਡਾ. ਨਿਰਮਲ ਸਿੰਘ
    ਸਕੱਤਰ, ਪੰਜਾਬੀ ਸੱਥ ਲਾਂਬੜਾ
    ਜਲੰਧਰ
14. ਡਾ. ਐਸ. ਐਸ. ਕਿਸ਼ਨਪੁਰੀ
    272, ਅਜੀਤ ਨਗਰ, ਪਟਿਆਲਾ
15. ਡਾ. ਗੁਰਮੀਤ ਸਿੰਘ ਬੈਦਵਾਣ
    ਪਿੰਡ ਬਾਸੀਆਂ ਬੈਦਵਾਣ
    ਡਾਕ. ਮਛਲੀ ਕਲ੍ਹਾਂ,
    ਜ਼ਿਲ੍ਹਾ ਫਤਹਿਗੜ੍ਹ ਸਾਹਿਬ

16. ਸ੍ਰੀ ਕਮਲ ਕੁਮਾਰ
ਮਕਾਨ ਨੰ : 4, 19/ਬੀ
ਪਿੰਡ ਤੇ ਡਾਕ. ਹੈਬੋਵਾਲ
ਜ਼ਿਲ੍ਹਾ ਹੁਸ਼ਿਆਰਪੁਰ

17. ਸ੍ਰੀਮਤੀ ਦਲਜੀਤ ਕੌਰ ਦਾਊਂ
280, ਫ਼ੇਜ਼ 6-ਮੁਹਾਲੀ,
(ਰੋਪੜ) 160055

18. ਬੀਬੀ ਮਨਮੋਹਨ ਕੌਰ
ਐਮ.ਏ., ਐਮ.ਫਿਲ.
ਪਿੰਡ ਸੰਤੇਮਾਜਰਾ ਡਾਕ.ਲਾਂਡਰਾਂ
ਤਹਿ. ਖਰੜ ਜ਼ਿਲ੍ਹਾ ਰੋਪੜ

19. ਸ. ਮਨਮੋਹਨ ਸਿੰਘ ਦਾਊਂ
280 ਫ਼ੇਜ਼ 6, ਮੁਹਾਲੀ
(ਰੋਪੜ) 160055

20. ਡਾ. ਡੀ.ਪੀ. ਸਿੰਘ
ਲੈਕਚਰਾਰ, ਸਰਕਾਰੀ ਸ਼ਿਵਾਲਿਕ
ਕਾਲਜ ਨਯਾਂ ਨੰਗਲ (ਰੋਪੜ)

21. ਡਾ. ਗੁਲਜੀਤ ਸਿੰਘ ਚੱਠਾ
ਲੈਕਚਰਾਰ, ਸਰਕਾਰੀ ਸ਼ਿਵਾਲਿਕ
ਕਾਲਜ ਨਯਾਂ ਨੰਗਲ (ਰੋਪੜ)

22. ਸ. ਦਿਲਸ਼ੇਰ ਸਿੰਘ ਨਿਰਦੋਸ਼
224, ਫ਼ੇਜ਼-6, ਮੁਹਾਲੀ
(ਰੋਪੜ) 160055

